ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ

ਅਕਤੂਬਰ 2022

ਅੰਕ 29

# ਪਰਵਾਸ

## ਸਰੀ ਵਿਸ਼ੇਸ਼ ਅੰਕ



# ਕੈਨੇਡਾ ਦਾ ਪੰਜਾਬ ਸਰੀ

ਪਰਵਾਸੀ ਸਾਹਿਤ ਅਧਿਐਨ ਕੇਂਦਰ

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

parvasggn@gmail.com, 09187290-80250,09195010-27522

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

## ਪਰਵਾਸੀ ਸਾਹਿਤ ਅਧਿਐਨ ਕੇਂਦਰ

ਵਲੋਂ

# ਸ਼ੁਭ ਕਾਮਨਾਵਾਂ






**ਸੁੱਖੀ ਬਾਠ**
ਸੰਸਥਾਪਕ
ਪੰਜਾਬ ਭਵਨ ਸਰੀ, ਕੈਨੇਡਾ

**ਪੰਜਾਬ ਭਵਨ ਸਰੀ ਵਿਖੇ ਸ੍ਰੀ ਸੁੱਖੀ ਬਾਠ ਵਲੋਂ 01-02 ਅਕਤੂਬਰ 2022 ਨੂੰ ਹੋਣ ਜਾ ਰਹੀ ਚੌਥੀ ਸਲਾਨਾ ਅੰਤਰਰਾਸ਼ਟਰੀ ਕਾਨਫ਼ਰੰਸ ਦੀ ਸਫ਼ਲਤਾ ਲਈ ਸੁੱਖੀ ਬਾਠ ਅਤੇ ਸਮੁੱਚੀ ਪ੍ਰਬੰਧਕੀ ਟੀਮ ਨੂੰ ਸ਼ੁਭ ਕਾਮਨਾਵਾਂ।**

**ਡਾ. ਸ. ਪ. ਸਿੰਘ**
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਡਾ. ਅਰਵਿੰਦਰ ਸਿੰਘ**
ਆਨਰੇਰੀ ਜਨਰਲ ਸਕੱਤਰ
ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ

**ਡਾ. ਅਰਵਿੰਦਰ ਸਿੰਘ**
ਪ੍ਰਿੰਸੀਪਲ

**ਡਾ. ਭੁਪਿੰਦਰ ਸਿੰਘ**
ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

**ਪ੍ਰੋ. ਸ਼ਰਨਜੀਤ ਕੌਰ** **ਡਾ. ਤੇਜਿੰਦਰ ਕੌਰ**
ਕੋਆਰਡੀਨੇਟਰ, ਪਰਵਾਸੀ ਸਾਹਿਤ ਅਧਿਐਨ ਕੇਂਦਰ

**ਡਾ. ਗੁਰਪ੍ਰੀਤ ਸਿੰਘ**
ਐਸੋਸੀਏਟ ਪ੍ਰੋਫ਼ੈਸਰ

**ਡਾ. ਹਰਪ੍ਰੀਤ ਸਿੰਘ ਦੂਆ**
ਅਸਿਸਟੈਂਟ ਪ੍ਰੋਫ਼ੈਸਰ

ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

## ਪਰਵਾਸੀ ਸਾਹਿਤ ਅਧਿਐਨ ਕੇਂਦਰ

ਵਲੋਂ

# ਸ਼ੁਭ ਕਾਮਨਾਵਾਂ



**ਬਲਵਿੰਦਰ ਸਿੰਘ ਚਾਹਲ**

ਪ੍ਰਧਾਨ

ਸਾਹਿਤ ਸੁਰ ਸੰਗਮ ਸਭਾ, ਇਟਲੀ

ਸਾਹਿਤ ਸੁਰ ਸੰਗਮ ਸਭਾ ਇਟਲੀ

ਦੂਸਰੀ ਯੂਰਪੀ ਪੰਜਾਬੀ ਕਾਨਫਰੰਸ-2022

EPC

ITALY

SECOND EUROPEAN PUNJABI CONFERENCE-2022

**ਦੂਸਰੀ ਯੂਰਪੀ ਪੰਜਾਬੀ ਕਾਨਫ਼ਰੰਸ 2022 ਇਟਲੀ**

**09 ਅਕਤੂਬਰ 2022**

WORLD PUNJABI CONFERENCE

ਵਿਸ਼ਵ ਪੰਜਾਬੀ ਕਾਨਫ਼ਰੰਸ عالمی پنجابی کانفرنس

**ਸੱਤਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ, ਬਰੈਂਪਟਨ (ਕੈਨੇਡਾ)**

**30 ਸਤੰਬਰ, 01-02 ਅਕਤੂਬਰ, 2022**



**ਕੰਵਲਜੀਤ ਕੌਰ**

ਪ੍ਰਧਾਨ

ਡਾ. ਦਰਸ਼ਨ ਸਿੰਘ ਬੈਂਸ ਮੈਮੋਰੀਅਲ ਕਾਨਫ਼ਰੰਸ ਸੀਰੀਜ਼

ਪੁਸਤਕ ਲੜੀ-29 ਸਰੀ ਵਿਸ਼ੇਸ਼ ਅੰਕ-ਅਕਤੂਬਰ 2022

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

**ਮੁੱਖ ਸੰਪਾਦਕ**
**ਡਾ. ਸ. ਪ. ਸਿੰਘ**

**ਮੁੱਖ ਪ੍ਰਬੰਧਕ**

ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਸੰਪਾਦਕ**

ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਉਪ-ਸੰਪਾਦਕ**

ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**

ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਵਨੀਤਾ (ਦਿੱਲੀ)
+919811323640
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**

ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

**ਸਹਿ-ਸੰਪਾਦਕ (ਤਕਨੀਕੀ): ਰਜਿੰਦਰ ਸਿੰਘ ਸੰਧੂ +919465642568**

# ਇਸ ਅੰਕ ਵਿੱਚ


**ਸੰਪਾਦਕੀ** — **ਡਾ. ਸ. ਪ. ਸਿੰਘ**

**ਗਜ਼ਲਾਂ/ਨਜ਼ਮਾਂ** **07–81**

ਸੁੱਖੀ ਬਾਠ    ਚਰਨ ਸਿੰਘ    ਕਵਿੰਦਰ 'ਚਾਂਦ'    ਮੋਹਨ ਗਿੱਲ
ਹਰਦਮ ਮਾਨ    ਹਰਚੰਦ ਸਿੰਘ ਬਾਗੜੀ    ਮੰਗਾ ਬਾਸੀ    ਨਦੀਮ ਪਰਮਾਰ
ਅਮਰੀਕ ਪਲਾਹੀ    ਡਾ. ਗੁਰਮਿੰਦਰ ਸਿੱਧੂ    ਹਰਸ਼ਰਨ ਕੌਰ    ਜਸਵਿੰਦਰ
ਕ੍ਰਿਸ਼ਨ ਭਨੋਟ    ਪ੍ਰੀਤ ਮਨਪ੍ਰੀਤ    ਪਰਮਵੀਰ ਸਿੰਘ    ਇੰਦਰਜੀਤ ਸਿੱਧੂ
ਰਾਜਵੰਤ ਰਾਜ    ਬਲਦੇਵ ਸੀਹਰਾ    ਰਵਿੰਦਰ ਸਿੰਘ ਸੋਢੀ    ਦਵਿੰਦਰ ਗੌਤਮ
ਮੋਹਿੰਦਰਪਾਲ ਸਿੰਘ ਪਾਲ    ਦਸ਼ਮੇਸ਼ ਗਿੱਲ ਫ਼ਿਰੋਜ਼    ਪਰਮਿੰਦਰ ਸਵੈਚ
ਬਿੰਦੂ ਮਠਾੜੂ    ਨਰਿੰਦਰ ਬਾਈਆ ਅਰਸ਼ੀ    ਪ੍ਰੋ. ਅਵਤਾਰ ਸਿੰਘ ਵਿਰਦੀ
ਦਵਿੰਦਰ ਕੌਰ ਜੌਹਲ    ਕੁਲਦੀਪ ਸਿੰਘ ਬਾਸੀ    ਰੁਪਿੰਦਰ ਖਹਿਰਾ ਰੂਪੀ
ਪ੍ਰੀਤਪਾਲ ਅਟਵਾਲ ਪੂਨੀ    ਗੁਰਦਰਸ਼ਨ ਬਾਦਲ    ਗੁਰਮੀਤ ਸਿੰਘ ਸਿੱਧੂ
ਸੁਰਜੀਤ ਮਾਧੋਪੁਰੀ    ਡਾ. ਮੇਜਰ ਸਿੰਘ ਰੰਧਾਵਾ    ਬਿੱਕਰ ਸਿੰਘ ਖੋਸਾ
ਸੁਰਿੰਦਰਪਾਲ ਕੌਰ ਬਰਾੜ    ਵੀਤ ਬਾਦਸ਼ਾਹਪੁਰੀ    ਤਨਦੀਪ ਤਮੰਨਾ
ਗੁਰਮੇਲ ਬੀਰੋਕੇ    ਪਾਲ ਢਿੱਲੋਂ    ਸ਼ਾਹਗੀਰ ਗਿੱਲ
ਪ੍ਰਿਤਪਾਲ ਗਿੱਲ    ਲਖਵਿੰਦਰ ਗਿੱਲ

**ਮਿੰਨੀ ਕਹਾਣੀ** **82–83**

ਮੇਰਾ ਉਜੜਦਾ ਦੇਸ — ਡਾ. ਬਲਦੇਵ ਸਿੰਘ ਖਹਿਰਾ

**ਸਰੀ ਦੇ ਪ੍ਰਮੁੱਖ ਸਾਹਿਤਕ ਕੇਂਦਰ** **84–122**

(ੳ) ਵੀਰਪੂਰਨਦਾਦ ਲਾਇਬ੍ਰੇਰੀ
(ਅ) ਢਾਹਾਂ ਪੁਰਸਕਾਰ
(ੲ) ਮੀਡੀਆ ਬਿਜਲਈ ਕੇਂਦਰ — ਡਾ. ਸ. ਪ. ਸਿੰਘ
(ਸ) ਪੰਜਾਬ ਭਵਨ ਸਰੀ — ਡਾ. ਤੇਜਿੰਦਰ ਕੌਰ
(ਹ) ਮੀਡੀਆ ਰੇਡੀਓ ਕੇਂਦਰ — ਰਿਸ਼ੀ ਨਾਗਰ
(ਕ) ਕੈਨੇਡਾ 'ਚ ਪੰਜਾਬੀ ਪੱਤਰਕਾਰੀ — ਡਾ. ਗੁਰਵਿੰਦਰ ਸਿੰਘ
(ਕ) ਜਰਨੈਲ ਸਿੰਘ ਆਰਟ ਗੈਲਰੀ — ਪ੍ਰੋ. ਸ਼ਰਨਜੀਤ ਕੌਰ
(ਖ) ਜਰਨੈਲ ਸਿੰਘ ਸੇਖਾ ਦੀ ਸਾਹਿਤ ਸਿਰਜਣਾ — ਡਾ. ਬਬਨੀਤ ਕੌਰ

# ਸੰਪਾਦਕੀ

## ਸਰੀ ਤੇ ਪਰਵਾਸੀ ਪੰਜਾਬੀ ਸਾਹਿਤ



ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਨਿਰੰਤਰ ਤੌਰ ’ਤੇ ਪ੍ਰਕਾਸ਼ਿਤ ਕੀਤੇ ਜਾਂਦੇ ‘ਪਰਵਾਸ’ ਪੱਤ੍ਰਿਕਾ ਦਾ ਸਰੀ ਵਿਸ਼ੇਸ਼ ਅੰਕ (29) ਆਪਣੇ ਆਪ ਵਿਚ ਵਿਸ਼ੇਸ਼ ਮਹੱਤਤਾ ਰੱਖਦਾ ਹੈ ਕਿਉਂਕਿ ਸਰੀ ਪੰਜਾਬੀ ਸਾਹਿਤ-ਸਭਿਆਚਾਰ ਅਤੇ ਵਿਭਿੰਨ ਸਰਗਰਮੀਆਂ ਦੇ ਕੇਂਦਰ ਵਜੋਂ ਸਥਾਪਿਤ ਹੋ ਚੁੱਕਾ ਹੈ। ਨਿਰਸੰਦੇਹ ਟੋਰੰਟੋ ਵਿਚ ਬਰੈਂਪਟਨ ਕੈਨੇਡਾ ਦਾ ਉਹ ਸ਼ਹਿਰ ਹੈ ਜਿੱਥੇ ਵੱਡੀ ਗਿਣਤੀ ਵਿਚ ਪੰਜਾਬੀ ਰਹਿੰਦੇ ਹਨ ਪਰ ਸਰੀ ਆਪਣੀਆਂ ਸਾਹਿਤਕ, ਸਭਿਆਚਾਰਕ ਅਤੇ ਵੱਖ-ਵੱਖ ਸਰਗਰਮੀਆਂ ਸਦਕਾ ਭਾਰਤ ਤੋਂ ਬਾਹਰ ਦੂਜੇ ਵੱਡੇ ਕੇਂਦਰ (ਸ਼ਹਿਰ) ਪੱਖੋਂ ਉਭਰਿਆ ਹੈ। ਸਰੀ ਵਿਚ ਵੱਡੀ ਗਿਣਤੀ ਵਿਚ ਸਾਹਿਤ ਸਭਾਵਾਂ ਤੇ ਉਨ੍ਹਾਂ ਦੀ ਕਾਰਜਸ਼ੀਲਤਾ, ਪ੍ਰਕਾਸ਼ਨ ਕੇਂਦਰ ਸਥਾਪਿਤ ਹੋਣੇ, ਬੱਚਿਆਂ ਦੀ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਵਿਸ਼ੇਸ਼ ਉਪਰਾਲੇ, ਪੰਜਾਬੀਆਂ ਦੇ ਮਾਣਯੋਗ ਹਾਸਲ ਹਨ। ਭਾਰਤ ਅਤੇ ਪੰਜਾਬ ਵਿਚ ਵੀ ਕੋਈ ਵੀ ਸ਼ਹਿਰ ਇਸ ਤਰ੍ਹਾਂ ਦੀ ਆਪਣੀ ਪਛਾਣ ਹਾਲੇ ਤੱਕ ਕਾਇਮ ਨਹੀਂ ਕਰ ਸਕਿਆ। ਇਸ ਵਿਚ ਵਿਸ਼ੇਸ਼ ਤੌਰ ’ਤੇ ਪੰਜਾਬ ਭਵਨ (ਸੰਸਥਾਪਕ ਸੁੱਖੀ ਬਾਠ) ਦੀ ਨਿਰੰਤਰ ਅਗਵਾਈ ਅਧੀਨ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਪ੍ਰਫੁਲਤਾ ਲਈ ਵਚਨਬੱਧਤਾ ਨਾਲ ਕੰਮ ਕਰ ਰਿਹਾ ਹੈ ਉੱਥੇ ਹੀ ਪ੍ਰਾਈਮ ਏਸ਼ੀਆ ਟੀ. ਵੀ., ਚੈਨਲ ਪੰਜਾਬੀ, ਸਾਂਝਾ ਟੀ. ਵੀ., ਓਮਨੀ ਟੀ. ਵੀ., ਚੜ੍ਹਦੀ ਕਲਾ ਟਾਈਮ ਟੀ. ਵੀ., ਗਲੋਬਲ ਪੰਜਾਬੀ ਅਤੇ ਦੇਵਿੰਦਰ ਬੈਨੀਪਾਲ ਦਾ ਡੀ. ਬੀ. ਚੈਨਲ ਅਜਿਹੀਆਂ ਗਤੀਵਿਧੀਆਂ ਨੂੰ ਸਮਰਪਿਤ ਹਨ। ਸਰੀ ਦੇ ਵਿਚ ਹੀ ਢਾਹਾਂ ਪੁਰਸਕਾਰ ਦੀ ਸਥਾਪਤੀ ਅਤੇ ਵੀਰਪੂਰਨਦਾਦ ਲਾਇਬ੍ਰੇਰੀ ਵੀ ਸਾਹਿਤਕ ਸੁਗੰਧੀਆਂ ਬਿਖੇਰ ਰਹੇ ਹਨ।

ਪਰਵਾਸੀ ਸਾਹਿਤ ਅਧਿਐਨ ਕੇਂਦਰ ਨੂੰ ਇਸ ਗੱਲ ਦਾ ਮਾਣ ਹੈ ਕਿ ‘ਪਰਵਾਸ’ ਦਾ ਵਿਸ਼ੇਸ਼ ਸਰੀ ਅੰਕ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪ੍ਰਤੀਨਿਧਾਂ ਵਲੋਂ ਪੰਜਾਬ ਭਵਨ ਸਰੀ, ਕੈਨੇਡਾ ਦੀ ਚੌਥੀ ਸਾਲਾਨਾ ਕਾਨਫ਼ਰੰਸ ਮੌਕੇ ਰਿਲੀਜ਼ ਕੀਤਾ ਜਾਵੇਗਾ।


ਪਰਵਾਸੀ ਸਾਹਿਤ ਅਧਿਐਨ ਕੇਂਦਰ ਭਵਿੱਖ ਵਿਚ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਦੀਆਂ ਕਾਨਫ਼ਰੰਸਾਂ ਮੌਕੇ ‘ਪਰਵਾਸ’ ਪੱਤ੍ਰਿਕਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਦਾ ਯਤਨ ਵੀ ਕਰਦਾ ਰਹੇਗਾ।

**ਸ. ਪ. ਸਿੰਘ (ਡਾ.)**
**ਮੁੱਖ ਸੰਪਾਦਕ**

# ਗ਼ਜ਼ਲਾਂ/ ਨਜ਼ਮਾਂ/ਗੀਤ

## ਨਜ਼ਮ

### ਸੁੱਖੀ ਬਾਠ



**1**

ਇਹ ਦੀਵਾ ਵੀ ਏ ਖ਼ਾਕ ਦਾ
ਤੇਲ, ਬੱਤੀ ਆਈ ਖ਼ਾਕ ਤੋਂ
ਖ਼ਾਕ ਖੌਰੂ ਕਰਨ ਵਾਲੀ
ਨੇਰ੍ਹੀ ਡੱਕਣੀ ਪੈ ਰਹੀ ਏ.....

ਰਹਿਮ ਕਰੋ ਖ਼ਾਕ ਦਾ ਮੁੱਲ
ਖ਼ਾਕ ਪਾਉਣ ਵਾਲਿਓ!
ਖ਼ਾਕ ਉੱਤੇ ਰਹਿ ਕੇ ਵੀ,
ਖ਼ਾਕ ਫੱਕਣੀ ਪੈ ਰਹੀ ਏ.....

**2**

ਰੱਬਾ ਸੱਭ ਨੂੰ ਦੇਵੀਂ ਅਜਿਹੀਆਂ,
ਹੋਣਹਾਰ ਧੀਆਂ
ਪਰਵਾਰ ਅਧੂਰਾ, ਜੇ ਧੀਆਂ ਨਹੀਂ
ਵਿੱਚ ਜੀਆਂ
ਪੁੱਤਰ ਵੀ ਨੇ ਭਾਵੇਂ ਅਨੋਖੀ ਦਾਤ ਉਸ
ਰੱਬ ਦੀ
ਪਰ ਧੀਆਂ ਵਾਲੇ ਮੋਹ ਦੀ, ਮਿਸਾਲ
ਨਹੀਂਓਂ ਲੱਭਦੀ।

**3**

ਸਫ਼ਲਤਾ ਦੇ ਪੰਧਾਂ 'ਤੇ ਪੰਜਾਬ ਭਵਨਾਂ
ਤੋਂ, ਅਸੀਂ ਚੱਲਦੇ ਜਾਵਾਂਗੇ।
ਇਕ ਤੋਂ ਬਾਅਦ ਇਕ ਮੀਲ ਪੱਥਰ
ਹਾਸਲ ਕਰਦੇ ਜਾਵਾਂਗੇ।
ਕਸਰ ਨਹੀਂ ਛੱਡਾਂਗੇ, ਜਦੋਂ ਤੱਕ
ਆਖ਼ਰੀ ਮੀਲ ਪੱਥਰ ਨਹੀਂ ਮਿਲ
ਜਾਂਦਾ।
ਵਿਸ਼ਵਾਸ ਕਰਦੇ ਹਾਂ,
ਪੰਜਾਬੀਅਤ ਨੂੰ ਮੁੜ ਲੀਹੇ ਚੜ੍ਹਾ ਕੇ
ਆਵਾਂਗੇ।

**4**

ਬਿਮਾਰ ਬਜ਼ੁਰਗ ਦਾ ਮੰਜਾ,
ਗਲੀ 'ਚ ਲੱਗਾ ਹੋਵੇ
ਜਵਾਨ ਧੀ ਨੂੰ ਵਿਆਹੁਣ ਲਈ,
ਪਿਓ ਪੈਸੇ ਹੱਥੋਂ ਰੋਵੇ
ਉਪਰੇਸ਼ਨ ਹੱਥੋਂ ਕਿਸੇ ਬੁੱਢੀ ਮਾਂ ਦੀ,
ਰੌਸ਼ਨੀ ਜਾ ਚੁੱਕੀ ਹੋਵੇ
ਪੜ੍ਹਨ ਦੀ ਉਮਰੇ,

ਬਾਲ ਸਿਰ ’ਤੇ ਟੋਕਰਾ ਪਿਆ ਢੋਵੇ
ਇਹਨੂੰ ਕਹਿੰਦੇ ਨੇ ਗਰੀਬੀ।

**5**

ਝੱਖੜ ਚਾਹੇ
ਬੜੇ ਜ਼ੋਰ ਦਾ ਝੁੱਲਦਾ ਹੈ।
ਪਰ, ਮੈਂ ਫਿਰ ਵੀ ਦੀਵਾ
ਰੱਖਣਾ ਬਲਦਾ ਹੈ।

**6**

ਮੇਰਾ ਸੁਪਨਾ ਸੱਚ ਹੋ ਜਾਂਦਾ
ਜਦ ਵੀ ਜਿਸ ਥਾਂ ਬਹਿੰਦਾ ਹਾਂ
ਇਸ ਤੋਂ ਪਰੇ ਸੁਰਗ ਕੀ ਦੇਣਾ
ਮੈਂ ਅੰਤਰ ਮਨ ਨੂੰ ਕਹਿੰਦਾ ਹਾਂ।

**7**

ਔਰਤ ਮਾਂ, ਭੈਣ, ਪਤਨੀ, ਦੋਸਤ ਅਤੇ
ਧੀ ਦੇ ਰੂਪ ਵਿਚ ਜੀਵਨ ਜੋਤ ਹੈ।
ਜਿਸ ਤਰ੍ਹਾਂ ਧਰਤੀ ਤੋਂ ਬਿਨਾਂ ਦੁਨੀਆ
ਸੰਭਵ ਨਹੀਂ, ਇਸੇ ਤਰ੍ਹਾਂ ਔਰਤ ਤੋਂ
ਬਿਨਾਂ ਜੀਵਨ ਸੰਭਵ ਨਹੀਂ।

**8**

ਕੱਥਕ ਨਾਚ ਹੋਵੇ ਜਾਂ ਯੋਗਾ ਕਲਾਸ
ਕਿਸੇ ਵੀ ਕਿਸਮ ਦੀ ਬੈਠਕ ਜਾਂ
ਇਜਲਾਸ
‘ਜੀ ਆਇਆਂ ਨੂੰ’ ਕਹਿਣ ਲਈ ਰਹੇ
ਤਿਆਰ
ਪੰਜਾਬ ਭਵਨ ਵੰਡੇ ਵੀਰੋ, ਸਭ ਨੂੰ
ਪਿਆਰ।

**9**

ਮਾਝਾ ਹੋਵੇ ਜਾਂ ਮਾਲਵਾ,
ਜਾਂ ਫਿਰ ਹੋਵੇ ਦੋਆਬਾ
ਸਭ ਅਦੀਬਾਂ ਸਤਿਕਾਰ ਹੈ
ਲਿਖੀ ਜਾ ਮੇਰਿਆ ਪੰਜਾਬ।

**10**

ਵਾਹ, ਨੀ ਸੁੱਖੀ ਦੀਏ ਜਿੰਦੜੀਏ...
ਗੁਜ਼ਰੀਂ ਏਂ ਹੁਣ ਤੱਕ ਕਿੰਨੀ ਖ਼ੂਬ
ਕੀ ਖੱਟਿਆ ’ਤੇ ਕੀ ਕਮਾਇਆ
ਦਿਲ ਲਾਵੇ ਪਿਆ ਜਿਵੇਂ ਹਿਸਾਬ
ਪਾਇਆ ਹੀ ਸਭ ਜਾਪੇ ਇਹਨੂੰ
ਰੱਬੀ-ਮੇਹਰ ਦਾ ਨਹੀਂ ਜਵਾਬ !

**11**

ਕਿਸੇ ਦੂਜੇ ਨੂੰ ਸੁੱਖ ਦੇਣ ’ਚ ਹੀ ਸੁੱਖ,
ਸੁੱਖੀ ਆਏ
ਰੱਬਾ ਹਰ ਸਵਾਸ, ਦੂਜੇ ਨੂੰ ਸੁੱਖ ਦੇਣ
’ਚ ਹੀ ਜਾਏ।

**ਸਰੀ, ਕੈਨੇਡਾ**
**+16045064426**

# ਨਜ਼ਮ

## ਚਰਨ ਸਿੰਘ



### 1

ਮੱਦਰਸਾ ਇਟਾਂ ਵੱਟਿਆਂ ਦਾ ਹੀ ਵਜ਼ੂਦ
ਨਹੀ
ਮੱਦਰਸੇ ਦੀ ਨੀਂਹ 'ਚ
ਗਿਆਨ, ਵਿਗਿਆਨ ਤੇ ਚਾਨਣ ਦਾ
ਭੰਡਾਰ ਹੈ
ਮੱਦਰਸਾ, ਜੀਵਨ ਦਾ ਅਧਾਰ ਹੈ
ਵਿਦਿਆ ਦਾ ਦਰਬਾਰ ਹੈ।

ਵਿਸ਼ਵ ਦਾ ਚਾਨਣ
ਮੱਦਰਸੇ ਦੇ ਲਹੂ 'ਚ ਸਮਾਇਆ ਹੈ
ਮੱਦਰਸਾ ਵੇਦਾਂ ਸ਼ਾਸਤਰਾਂ ਗੰਰਥਾਂ ਦੀ
ਰੂਹ ਹੈ
ਨੰਨੀਆਂ ਨੰਨੀਆਂ ਜੋਤਾਂ ਦਾ ਘਰ ਹੈ
ਸੂਰਜਾਂ ਦੇ ਸੂਰਜਾ ਦਾ ਦਰ ਹੈ।

ਰੱਬੀ ਨੂਰ ਦਾ ਤੀਰਥ ਹੈ
ਤੀਸਰੀ ਅੱਖ ਦਾ ਦੁਆਰ ਹੈ
ਸੂਰਜਾ ਚੰਨਾ ਤਾਰਿਆਂ ਦੀ ਲੋਅ ਦਾ
ਅੰਬਾਰ ਹੈ
ਜ਼ਿੰਦਗੀ ਤੇ ਸਿਰਜਣਹਾਰ ਦੇ ਭੇਦ
ਖੋਲਦਾ ਹੈ
ਸੱਚ ਸਿਖਾਉਂਦਾ ਹੈ ਸੱਚ ਬੋਲਦਾ ਹੈ
ਧਰਤੀ ਤੇ ਸੂਰਜਾਂ ਦੀ ਪਨੀਰੀ ਲਾਉਂਦਾ
ਹੈ
ਮੱਦਰਸਾ ਸੱਚ ਦਾ ਘਰ ਕਹਾਉਂਦਾ ਹੈ।

ਮੱਦਰਸਾ
ਇਟਾਂ ਵੱਟਿਆ ਦਾ ਬਣਿਆ ਵਜ਼ੂਦ
ਨਹੀ
ਮੱਦਰਸੇ ਦੀ ਨੀਹ 'ਚ ਗਿਆਨ
ਵਿਗਿਆਨ
ਦਰਸ਼ਨ ਤੇ ਚਾਨਣ ਦਾ ਭੰਡਾਰ ਹੈ
ਮੱਦਰਸਾ ਜੀਵਨ ਦਾ ਭੰਡਾਰ ਹੈ
ਵਿਦਿਆ ਦਾ ਦਰਬਾਰ ਹੈ।

### 2

ਤੁਪਕਾ ਤੁਪਕਾ ਸੂਰਜ,
ਮੁੜਕੋ ਮੁੜਕੀ ਪੌਣ ,
ਤਲ਼ੀਆਂ 'ਤੇ ਦੋ ਨੈਣ ਜਗਾਈ,
ਅੰਬਰੋਂ ਲੱਥਾ ਕੌਣ ।

ਮਸਤਕ ਵਿਚ ਦੀਵਾ ਬਲਦਾ,
ਲੋਅ ਦੇਹੀ ਵਿਚ ਹੋਈ,
ਧਰਤੀ ਮਹਿਕੇ, ਅੰਬਰ ਵਿਸਮੇ,
ਸਮਾਂ ਕਰੇ ਦਿਲਜੋਈ ।

ਜਿਸਮ ਨਿਰਾ ਖੁਸ਼ਬੂ ਖੁਸ਼ਬੂ,
ਚਿੰਤਨ ਚਾਨਣ ਹੋਇਆ,

ਮੈਂ ਹੀ ਸਾਂ ਜੋ ਅਪਣੇ ਸਾਹਵੇਂ,
ਆਪੇ ਆਣ ਖਲੋਇਆ ।

ਲੰਬੀ ਵਾਟ ਜਿਉਂਦੇ ਅਨੁਭਵ,
ਫਿਰ ਦਿਸ਼ਾਵਾਂ ਗਾਹੀਆਂ,
ਲਹੂ ਦੇ ਰੰਗ ’ਚੋਂ,
ਕਿਰਨਾਂ ਜਿਹੀਆਂ ਰੁੱਤਾਂ ਪੁੰਗਰ
ਆਈਆਂ ।

## 3

ਝਾਂਜਰ ਘੁੰਗਰੂ ਰਾਗ ਤਾਲ ਨਿਰਤ
ਤੇ ਮੁਰਲੀ ਦੀਆਂ ਸੁਰਾਂ ਦੀ ਗੂੰਜ
ਗੂੰਜਦੀ ਹੈ ਅੰਬਰ ’ਚ
ਜਿਉਂ ਕੋਈ ਰਾਮ ਸ਼ੋਭਾ ਬਣ ਜਾਏ
ਸੀਤਾ ਸੰਵਯਬਰ ’ਚ

ਚੰਨਾਂ ਸੂਰਜਾਂ ਤੇ ਤਾਰਿਆਂ ਦੀ ਬਰਾਤ
ਧਰਤੀ ’ਤੇ ਉਤਰਦੀ ਹੈ
ਪੱਤਿਆਂ ’ਚੋਂ ਸਰਕਦੀ ਹਵਾ
ਅਲਾਹੀ ਗੀਤ ਗਾਉਂਦੀ ਹੈ
ਮੁਰਲੀ ਦੀ ਸੁਰ ਠੁਮਰੀ ’ਚ ਢਲਦੀ ਹੈ
ਧਰਤੀ ਦੇ ਗੋਸ਼ੇ ’ਚ ਰੱਬੀ ਜੋਤ ਜਗਦੀ
ਹੈ
ਰਾਗ ਰੰਗ ਤੇ ਸੁਰਾਂ ਦੀ ਧਮਾਲ ਅੰਬਰ
’ਚ ਪੈਂਦੀ
ਪ੍ਰਕਿਰਤੀ ਕੰਨ ਲਾ ਕੇ ਸੁਣਦੀ ਹੈ
ਮੁਰਲੀ ਚੋਂ ਗੁਜਰਦੀ ਹਵਾ ਜੋ ਕਹਿੰਦੀ
ਹੈ
ਤੂੰ ਹੀ ਤੂੰ ਦਾ ਬੋਲ ਬ੍ਰਹਿਮੰਡਾਂ ’ਚ
ਗੂੰਜਦਾ ਹੈ
ਚਾਨਣ ਖਿਲਾਰਦਾ ਹੈ
ਹਨ੍ਹੇਰੇ ਹੂੰਝਦਾ ਹੈ

ਮੁਰਲੀ ਬਾਂਸ ਦੀ ਪੋਰੀ ਨਹੀਂ
ਮੁਰਲੀ ਦੇ ਵਜੂਦ ’ਚ ਸਰਸਵਤੀ ਦਾ
ਵਸੇਰਾ ਹੈ
ਕਈਆਂ ਰਾਗਾਂ ਰਾਗਣੀਆਂ ਸੁਰਾਂ ਦਾ
ਡੇਰਾ ਹੈ
ਪੌਣਾਂ ਦੇ ਪੈਰਾਂ ’ਚ ਝਾਂਜਰ ਦੇ ਬੋਲ ਹਨ
ਮੌਸਮ ਬਹਾਰਾਂ ਖੁਸ਼ਬੂਆਂ ਤੇ ਨਿਰਤ ਦਾ
ਵਸੇਰਾ ਹੈ।

## 4

ਮੈਂ
ਖਿੰਡ ਗਿਆ ਹਾਂ ਸਮੇਂ ’ਚ
ਮੇਰੀ ਹਸਤੀ ਦਾ ਸੂਰਜ
ਭੁਰ ਗਿਆ ਹੈ
ਮੁੱਢ ਜੋ ਸਿਰ ਤਕ ਹਰਾ ਸੀ
ਬਾਹਰ ਤੋਂ ਅੰਦਰ ਤਕ
ਸੁੱਕ ਗਿਆ ਹੈ

ਮੈਂ ਤੇ ਖ਼ੂਹ
ਹੁਣ ਤਾਰਿਆਂ ਜਿਹੀ ਭੀੜ ’ਚ
ਗੁਆਚਣ ਤੋਂ ਭੈਅ ਮੁਕਤ ਹਾਂ
ਕਿਉਂਕਿ ਗਰਕਣਾ
ਜ਼ਿੰਦਗੀ ਦਾ ਪਹਿਲੂ ਹੀ ਨਹੀਂ
ਹੈ ਸਗੋਂ ਵੇਗੀ ਨਿਰੰਤਰਤਾ

**ਸਰੀ, ਕੈਨੇਡਾ**
**+17789264331**

## ਗੀਤ/ਨਜ਼ਮ

### ਕਵਿੰਦਰ 'ਚਾਂਦ'



### ਚੱਲ ਪੰਜਾਬ ਨੂੰ ਚੱਲੀਏ,ਝੱਲੀਏ

ਸੁਣਿਐ ਕਿ ਪੰਜਾਬ ਦੇ ਪਿੰਡੇ
ਨਵੇਂ ਜਹੇ ਕੁਝ ਜ਼ਖਮ ਨੇ ਲੱਗੇ
ਚੱਲ ਸ਼ਬਦਾਂ ਦੇ ਫੰਭੇ ਲੈ ਕੇ
ਪਤਾ ਲੈਣ ਨੂੰ ਚੱਲੀਏ, ਝੱਲੀਏ
ਚੱਲ ਪੰਜਾਬ ਨੂੰ ਚੱਲੀਏ
,,,,,,

ਹਵਾ ਗੁਰੂ ਹੈ ਧਰਤੀ ਮਾਂ ਹੈ
ਤੇਰਾ ਰਿਸ਼ਤਾ ਆਪਣੀ ਥਾਂ ਹੈ
ਮਾਂ ਤਾਂ ਅੜੀਏ ਫਿਰ ਵੀ ਮਾਂ ਹੈ
ਹਵਾ ਗੁਰੂ ਨੂੰ ਮਿਲ ਕੇ ਆਈਏ
ਗੁਰੂ ਦਖਸ਼ਣਾਂ ਦੇ ਵਿੱਚ ਆਪਣਾ
ਆਪਾ ਲੈ ਕੇ ਚੱਲੀਏ, ਝੱਲੀਏ
ਚੱਲ ਪੰਜਾਬ ਨੂੰ ਚੱਲੀਏ
,,,,,

ਦਿਲ ਦਰਿਆਵਾਂ ਵਿੱਚੋਂ ਪਾਣੀ
ਸੁੱਕਦੇ ਸੁੱਕਦੇ ਸੁੱਕ ਜਾਂਦੇ ਨੇ
ਰਿਸ਼ਤੇ ਨਾਤੇ ਪਿਆਰ ਮੁਹੱਬਤ
ਟੁੱਟਦੇ ਟੁੱਟਦੇ ਟੁੱਟ ਜਾਂਦੇ ਨੇ
ਟੁੱਟੀਆਂ ਬਾਹਵਾਂ ਗਲ ਨੂੰ ਆਈਆਂ
ਮੁੜ ਕੇ ਜੋੜਨ ਚੱਲੀਏ, ਝੱਲੀਏ
ਚੱਲ ਪੰਜਾਬ ਨੂੰ ਚੱਲੀਏ
,,,,,

ਲੈ ਕੇ ਦੇਸਾਂ ਇੱਕ ਫੁਲਕਾਰੀ
ਨਾਲੇ ਜੁੱਤੀ ਤਿੱਲੇ ਵਾਲੀ

ਹੋਈ ਤੇਰੀ ਕੁੱਖ ਹਰੀ ਸੀ
ਜਿੱਥੇ ਤੇਰੀ ਗੋਦ ਭਰੀ ਸੀ
ਜਿੱਥੇ ਪਿਤਾ ਦੀ ਮੌਤ ਸੀ ਹੋਈ
ਮੈਥੋਂ ਜ਼ਿਆਦਾ ਤੂੰ ਸੈਂ ਰੋਈ
ਉਹ ਦਰ ਚੁੰਮਣ ਚੱਲੀਏ, ਝੱਲੀਏ
ਚੱਲ ਪੰਜਾਬ ਨੂੰ ਚੱਲੀਏ
,,,,,

ਨਦੀ ਕਿਨਾਰੇ ਰੁੱਖੜੇ ਜਿਹੜੇ
ਉਹਨਾਂ ਛਾਵੀਂ ਬਹਿ ਆਵਾਂਗੇ
ਮਨ ਦੀ ਮੈਲ ਵੀ ਧੋ ਆਵਾਂਗੇ
ਅੰਮ੍ਰਿਤਸਰ ਵੀ ਹੋ ਆਵਾਂਗੇ
ਛੋਟੇ ਛੋਟੇ ਭਾਰ ਨੇ ਮਨ ਤੇ
ਹੋਣ ਸੁਰਖਰੂ ਚੱਲੀਏ, ਝੱਲੀਏ
ਚੱਲ ਪੰਜਾਬ ਨੂੰ ਚੱਲੀਏ
,,,,,,

ਏਧਰ ਹੈ ਕਰਮਾਂ ਦੀ ਭੂਮੀ
ਓਧਰ ਹੈ ਧਰਮਾਂ ਦੀ ਭੂਮੀ
ਚੱਲ ਧਰਮਾਂ ਵਿੱਚ ਕਰਮ ਮਿਲਾਈਏ
ਜਨਮ ਭੋਂਇ ਦਾ ਕਰਜ਼ ਚੁਕਾਈਏ
ਮੁੜ ਪਰਤਣ ਨੂੰ ਚੱਲੀਏ, ਝੱਲੀਏ

ਚੱਲ ਪੰਜਾਬ ਨੂੰ ਚੱਲੀਏ
ਨੀ ਝੱਲ ਵਲੱਲੀਏ
ਚੱਲ ਪੰਜਾਬ ਨੂੰ ਚੱਲੀਏ

## ਰੱਬ

ਰੱਬ ਇੱਕ ਨਹੀਂ ਹੁੰਦਾ
ਦੋ ਹੁੰਦੇ
ਵੱਡਾ, ਛੋਟਾ ।

ਵੱਡਾ ਰੱਬ,
ਨੂਰੋ ਨੂਰ,
ਅਕਾਲ ਮੂਰਤ,
ਆਦਿ ਸੱਚ,
ਇਲਾਹੀ ਜੋਤ।

ਹਰ ਬੰਦਾ, ਹਰ ਜੀਅ
ਇਲਾਹੀ ਜੋਤ ਵਿੱਚੋਂ ਉਪਜਦਾ,
ਜੋਤ ਸਰੂਪ ਹੁੰਦਾ।

ਹਰ ਬੰਦਾ,
ਛੋਟਾ ਰੱਬ ਹੁੰਦਾ।
ਅਸੀਂ ਸਭ,
ਛੋਟੇ ਛੋਟੇ ਰੱਬ ।

## .ਗਜ਼ਲ

ਹੋਇਆ ਜ਼ਮੀਰ ਸਾਹਵੇਂ,
ਹਲਫੀ ਬਿਆਨ ਸਾਡਾ
ਬਚਿਆ ਨਾ ਹੋਰ ਕੋਈ
ਹੁਣ ਇਮਤਿਹਾਨ ਸਾਡਾ

ਪੰਜਾਬ ਨੂੰ ਦਿਲੋਂ ਜੇ
ਆਪਣਾਂ ਕਬੂਲਦੇ ਹੋ
ਦਿਲ ਤੋਂ ਕਬੂਲਦੇ ਹਾਂ,
ਹਿੰਦੁਸਤਾਨ ਸਾਡਾ

ਜਦ ਵੀ ਉਹ ਆਖਦੇ ਨੇ
ਹਰ ਮੁਸਲਮਾਨ ਮੁਜਰਮ
ਬਾਕੀ ਦੇ ਸਾਰੇ ਆਖਣ
ਹਰ ਮੁਸਲਮਾਨ ਸਾਡਾ

ਜਾਹ ਸਾਂਭ ਲੈ ਤੂੰ ਆਪਣੇ
ਵਣਜੋ ਵਪਾਰ ਵਾਲੇ
ਹਰ ਇੱਕ ਮਜ਼ੂਰ ਸਾਡਾ
ਹਰ ਇੱਕ ਕਿਸਾਨ ਸਾਡਾ

ਇਹ ਅੱਗ ਦੰਗਿਆਂ ਦੀ
ਪਹਿਚਾਣ ਦੀ ਹੈ ਅਕਸਰ
'ਕੱਲ੍ਹੀ ਦੁਕਾਨ ਸਾਡੀ
'ਕੱਲ੍ਹਾ ਮਕਾਨ ਸਾਡਾ

ਓਦੋਂ ਤਾਂ ਆਖਦੇ ਸੀ,
ਬਸ, ਸ਼ਾਂਤੀ ਅਹਿੰਸਾ
ਹੁਣ ਖ਼ੂਨ ਨਾਲ ਲੱਥਪੱਥ,
ਕਿਉਂ ਵਰਤਮਾਨ ਸਾਡਾ

**ਸਰੀ, ਕੈਨੇਡਾ**
**+604-761-4504**
**singh_kavinder59@yahoo.in**

# ਦੋਹੇ

## ਮੋਹਨ ਗਿੱਲ



### ਸੰਗਲੀਦਾਰ ਦੋਹੇ

1
ਪੱਲੇ ਜਿਸ ਦੇ ਖ਼ਾਕ ਨਾ, ਉਹ ਵੀ ਸੰਤ
ਕਹਾਣ।
ਚੰਗੇ ਭਲੇ ਪੜ੍ਹੇ ਲਿਖੇ, ਸਭ ਮੂਰਖ ਬਣ
ਜਾਣ।
2
ਚੰਗੇ ਭਲੇ ਪੜ੍ਹੇ ਲਿਖੇ, ਸਭ ਮੂਰਖ ਬਣ
ਜਾਣ।
ਅਕਲ ਵੀ ਜਦੋਂ ਦੁਪਹਿਰੇ, ਸੌਂਦੀ
ਚਾਦਰ ਤਾਣ।
3
ਅਕਲ ਵੀ ਜਦੋਂ ਦੁਪਹਿਰੇ, ਸੌਂਦੀ
ਚਾਦਰ ਤਾਣ।
ਪੂਰੀ ਪੱਕੀ ਫਸਲ ਤੇ, ਫੇਰ ਗੜੇ ਪੈ
ਜਾਣ।
4
ਪੂਰੀ ਪੱਕੀ ਫਸਲ ਤੇ, ਫੇਰ ਗੜੇ ਪੈ
ਜਾਣ।
ਬੁਰੀਆਂ ਨੀਤਾਂ ਵਾਲੇ, ਜਦ ਵੀ ਨਜ਼ਰ
ਲਗਾਣ।
5
ਬੁਰੀਆਂ ਨੀਤਾਂ ਵਾਲੇ, ਜਦ ਵੀ ਨਜ਼ਰ
ਲਗਾਣ।
ਪੱਕ ਚੁੱਕੀਆਂ ਫਸਲਾਂ, ਧਰਤੀ ’ਤੇ
ਵਿਛ ਜਾਣ।
6
ਪੱਕ ਚੁੱਕੀਆਂ ਫਸਲਾਂ, ਧਰਤੀ ’ਤੇ
ਵਿਛ ਜਾਣ।
ਅਪਣੀ ਹੋਈ ਜਿੱਤ ਦਾ, ਨਹੀਂ ਕਰੀ
ਦਾ ਮਾਣ।
7
ਅਪਣੀ ਹੋਈ ਜਿੱਤ ਦਾ, ਨਹੀਂ ਕਰੀ
ਦਾ ਮਾਣ।
ਜੋ ਵੀ ਕਰਦਾ ਮਾਣ ਹੈ, ਸੋ ਤਨ ਜਾਣ
ਮਸਾਣ।
8
ਜੋ ਵੀ ਕਰਦਾ ਮਾਣ ਹੈ, ਸੋ ਤਨ ਜਾਣ
ਮਸਾਣ।
ਜੋ ਜੋ ਕਰਦੇ ਮਿਹਨਤਾਂ, ਘਰੀਂ
ਬਰਕਤਾਂ ਆਣ।
9
ਜੋ ਜੋ ਕਰਦੇ ਮਿਹਨਤਾਂ, ਘਰੀਂ
ਬਰਕਤਾਂ ਆਣ।
ਖੇਤ ‘ਚ ਧੰਨੇ ਭਗਤ ਦੇ, ਸਤਗੁਰ
ਪਾਣੀ ਲਾਣ।

10
ਖੇਤ 'ਚ ਧੰਨੇ ਭਗਤ ਦੇ, ਸਤਗੁਰ
ਪਾਣੀ ਲਾਣ।
ਸੱਚਾ ਸੌਦਾ ਗੁਰਾਂ ਦਾ, ਭੁੱਖੇ ਲੰਗਰ
ਖਾਣ।
11
ਸੱਚਾ ਸੌਦਾ ਗੁਰਾਂ ਦਾ, ਭੁੱਖੇ ਲੰਗਰ
ਖਾਣ।
ਚੰਗੇ ਕਰਮ ਕਰੇਦਿਆਂ, ਨਹੀ ਕਰੀ ਦਾ
ਮਾਣ।
12
ਚੰਗੇ ਕਰਮ ਕਰੇਦਿਆਂ, ਨਹੀ ਕਰੀ ਦਾ
ਮਾਣ।
ਹਰ ਸਵਾਸ ਤੂੰ ਮਾਨਵ, ਅਪਣਾ ਮੂਲ
ਪਛਾਣ।
13
ਹਰ ਸਵਾਸ ਤੂੰ ਮਾਨਵ, ਅਪਣਾ ਮੂਲ
ਪਛਾਣ।
ਸੂਰਜ ਸਿਰ ਚੜ ਆਇਆ, ਸੌਂ ਨਾ
ਚਾਦਰ ਤਾਣ।
14
ਸੂਰਜ ਸਿਰ ਚੜ ਆਇਆ, ਸੌਂ ਨਾ
ਚਾਦਰ ਤਾਣ।
ਟੱਬਰ ਸਿਰ 'ਤੇ ਚੁੱਕ ਕੇ, ਲੋਕੀ ਜਾਣ
ਕਮਾਣ।
15
ਟੱਬਰ ਸਿਰ 'ਤੇ ਚੁੱਕ ਕੇ, ਲੋਕੀ ਜਾਣ
ਕਮਾਣ।
ਵਿਹਲੜਾਂ ਦੇ ਮੂੰਹ ਵਿਚ, ਲੋਕ ਨਾ
ਬੁਰਕੀ ਪਾਣ।
16
ਵਿਹਲੜਾਂ ਦੇ ਮੂੰਹ ਵਿਚ, ਲੋਕ ਨ
ਬੁਰਕੀ ਪਾਣ।
ਧਰਤੀ ਉੱਤੇ ਬੰਦਿਆ, ਅਪਣਾ ਫਰਜ਼
ਪਛਾਣ।
17
ਧਰਤੀ ਉੱਤੇ ਬੰਦਿਆ, ਅਪਣਾ ਫਰਜ਼
ਪਛਾਣ।
ਅੰਬਰ ਜਿੱਡੀ ਰੱਖੀਏ, ਸੋਚਾਂ ਦੀ
ਉਡਾਣ।
18
ਅੰਬਰ ਜਿੱਡੀ ਰੱਖੀਏ, ਸੋਚਾਂ ਦੀ
ਉਡਾਣ।
ਪੈਸੇ ਰੁਤਬੇ ਜਾਤ ਦਾ, ਨਹੀਂ ਕਰੀ ਦਾ
ਮਾਣ।
19
ਪੈਸੇ ਰੁਤਬੇ ਜਾਤ ਦਾ, ਨਹੀਂ ਕਰੀ ਦਾ
ਮਾਣ।
ਬੇ ਇਖ਼ਲਾਕੇ ਦੀ ਕਦੇ, ਜਾਈਏ ਨਾ
ਮਕਾਣ।
20
ਬੇ ਇਖ਼ਲਾਕੇ ਦੀ ਕਦੇ, ਜਾਈਏ ਨ
ਮਕਾਣ।
ਮਿੱਠੀ ਖੁਸ਼ਬੂ ਵੰਡੀਏ, ਲੋਕੀ ਖਿੱਚੇ
ਆਣ।

**ਸਰੀ, ਕੈਨੇਡਾ**
**+17789080914**

# .ਗ਼ਜ਼ਲ

## ਹਰਦਮ ਮਾਨ



### 1

ਮੌਸਮ ਕਹਿਰ ਗੁਜ਼ਾਰਨ ਲੱਗਿਆ
ਖ਼ਬਰੇ? ਕਿਹੜੇ ਕਾਰਨ ਲੱਗਿਆ

ਇਕ ਤਿਊੜੀ ਨੇ ਅੱਗ ਸੀ ਲਾਈ
ਇਕ ਅੱਥਰੂ ਦਿਲ ਠਾਰਨ ਲੱਗਿਆ

ਇੱਕ ਸਾਹ ਮੈਨੂੰ  ਝਿੜਕ ਰਿਹਾ ਹੈ
ਦੂਜਾ ਸਾਹ ਪੁਚਕਾਰਨ ਲੱਗਿਆ

ਗੰਗਾ ਵਿੱਚ ਇੱਕ ਬੇਵੱਸ ਸ਼ਾਇਰ
ਕਵਿਤਾ ਦੇ ਫੁੱਲ ਤਾਰਨ ਲੱਗਿਆ

ਤਾਸ਼ ਦਿਆਂ ਪੱਤਿਆਂ ਦਾ ਦੇਖੋ
'ਮਾਨ' ਵੀ ਮਹਿਲ ਉਸਾਰਨ ਲੱਗਿਆ

### 2

ਦਿਲ ਦਾ ਦੀਵਾ ਬਾਲ ਨਾ ਸਕਿਆ
ਅੱਜ ਵੀ ਖ਼ੁਦ ਨੂੰ ਭਾਲ ਨਾ ਸਕਿਆ

ਜੋ ਕੁਝ ਮਿਲਿਆ ਉਸ ਦੇ ਦਰ ਤੋਂ
ਕਾਸੇ ਵਿੱਚ ਸੰਭਾਲ ਨਾ ਸਕਿਆ

ਸੀਨੇ ਦੀ ਭੱਠੀ ਵਿੱਚ ਆਪਣੀ
ਰੱਤ ਨੂੰ ਰੋਜ਼ ਉਬਾਲ ਨਾ ਸਕਿਆ

ਰਾਹ ਵਿੱਚ ਡਿੱਗਿਆਂ ਹਮਸਫ਼ਰਾਂ ਨੂੰ
ਬਾਹੋਂ ਪਕੜ ਉਠਾਲ ਨਾ ਸਕਿਆ

ਸ਼ਾਇਰ ਹਾਂ ਪਰ ਖ਼ੁਦ ਆਪਣਾ ਹੀ
ਲਿਖ ਮੈਂ ਪੂਰਾ ਹਾਲ ਨਾ ਸਕਿਆ

### 3

ਇਹਨੂੰ ਪੂਰੀ ਤਰ੍ਹਾਂ ਨਾ ਜਾਣ ਸਕਿਆ
ਅਜੇ ਮੈਂ ਜ਼ਿੰਦਗੀ ਨਾ ਮਾਣ ਸਕਿਆ

ਮੈਂ ਧੁੱਪੇ ਸੜ ਰਹੇ ਸਾਏ ਦੇ ਉੱਤੇ
ਕਦੇ ਨਾ ਮੋਹ ਦੀ ਛੱਤਰੀ ਤਾਣ
ਸਕਿਆ

ਮੈਂ ਤਿੜਕੇ ਸ਼ੀਸ਼ਿਆਂ ਦੇ ਰੂਬਰੂ  ਹੋ
ਮਸਾਂ ਹੀ ਖੁਦ ਨੂੰ ਸੀ ਪਹਿਚਾਣ
ਸਕਿਆ

ਸਮੁੰਦਰ ਦੇ ਕਿਨਾਰੇ ਸ਼ਾਮ ਤੀਕਰ
ਮੈਂ ਰੇਤਾ ਪੈੜ ਦਾ ਨਾ ਛਾਣ ਸਕਿਆ

ਜੋ ਰੂਹ ਦੇ ਖੰਡਰ ਉੱਤੇ ਉਕਰਿਆ ਹੈ
ਅਜੇ ਵੀ ਪੜ੍ਹ ਨਾ ਉਹ ਪੌਰਾਣ
ਸਕਿਆ

## 4

ਮੇਰੀਆਂ ਗ਼ਜ਼ਲਾਂ 'ਚ ਨਦੀਆਂ, ਥਲ, ਸਮੁੰਦਰ ਬੋਲਦੇ ਨੇ
ਮੈਂ ਰਹਾਂ ਖ਼ਾਮੋਸ਼, ਮੇਰੇ ਸ਼ਬਦ ਅਕਸਰ ਬੋਲਦੇ ਨੇ

ਖ਼ੌਫ਼ ਦਾ ਪਹਿਰਾ ਹੈ ਮੇਰੇ ਸ਼ਹਿਰ ਦੇ ਚੌਰਸਤਿਆਂ 'ਤੇ
ਦੂਰ ਤੱਕ ਸੱਨਾਟਿਆਂ ਵਿਚ ਸਿਰਫ਼ ਖੰਡਰ ਬੋਲਦੇ ਨੇ

ਗੁੰਮ ਗਿਆ ਹੋਣੈ ਕਿਤੇ ਇਕ ਸਖ਼ਸ਼ ਬਰਫ਼ੀਲੀ ਹਵਾ ਵਿਚ
ਮੇਰੇ ਸਾਏ 'ਤੇ ਉਹ ਤੱਤੇ ਪੈਰ ਧਰ ਧਰ ਬੋਲਦੇ ਨੇ

ਕੀ ਕਿਹਾ ਹੋਣੈ ਹਵਾ ਨੇ, ਕੀ ਪਤਾ ਜਸ਼ਨਾਂ ਦੇ ਵੇਲੇ
ਸਾਜ਼ ਸਾਰੇ ਚੁੱਪ ਹੋ ਚੱਲੇ ਤੇ ਪੱਥਰ ਬੋਲਦੇ ਨੇ

ਉਡ ਗਏ ਨੇ ਮੋਰ ਮਿੱਟੀ ਦੇ ਕੰਧੋਲੀ ਤੋਂ ਕਦੋਂ ਦੇ
ਅੱਜ ਵੀ ਖ਼ਾਬਾਂ 'ਚ ਉਹ ਯਾਦਾਂ ਦੇ ਲਸ਼ਕਰ ਬੋਲਦੇ ਨੇ

ਮੌਸਮਾਂ ਦਾ ਸੀਤ ਰੂਹਾਂ ਤੀਕ ਏਨਾ ਚੜ੍ਹ ਗਿਆ ਹੈ
ਲੋਕ ਆਪੇ ਆਪਣੇ ਪਾਲੇ ਤੋਂ ਡਰ ਡਰ ਬੋਲਦੇ ਨੇ

ਉੱਕਰਿਆ ਜੋ ਸੰਗਮਰਮਰ 'ਤੇ ਬਥੇਰਾ ਪੜ੍ਹ ਲਿਆ ਹੈ
ਲੋਕ ਹੁਣ ਸੁਣਦੇ ਨੇ ਜੋ ਸ਼ੀਸ਼ੇ ਦੇ ਅੱਖਰ ਬੋਲਦੇ ਨੇ


## 5

ਹਰ ਚਿਹਰਾ ਮੁਰਝਾਇਆ ਤੇ ਲਾਚਾਰ ਜਿਹਾ
ਅੱਜ ਦਾ ਦਿਨ ਵੀ ਲੱਗਦਾ ਹੈ ਬੀਮਾਰ ਜਿਹਾ

ਚੌਕ 'ਚ ਖੜ੍ਹ ਕੇ ਚੀਖ ਚੀਖ ਕੇ ਲਾਹ ਦੇਵਾਂ
ਦਿਲ ਦੇ ਉੱਤੇ ਪੈ ਚੱਲਿਆ ਜੋ ਭਾਰ ਜਿਹਾ

ਗਲ ਵਿੱਚੋਂ ਸਭ ਹਾਰ ਕਦੋਂ ਦੇ ਲਾਹ ਦਿੱਤੇ
ਫਿਰ ਵੀ ਸੀਨੇ 'ਤੇ ਚੁਭਦਾ ਕੁਝ ਖ਼ਾਰ ਜਿਹਾ

**ਸਰੀ, ਕੈਨੇਡਾ**
**+1604-304-6663**



## ਨਜ਼ਮ

### ਹਰਚੰਦ ਸਿੰਘ ਬਾਗੜੀ



### ਬਾਘਿਓਂ ਪਾਰ ਦੀਆਂ

ਦੱਸਣ ਵਾਲੇ ਦੱਸੀਆਂ ਗੱਲਾਂ, ਸਾਨੂੰ
ਬਾਘਿਓਂ ਪਾਰ ਦੀਆਂ
ਲੋਕ ਮੁਹਬੱਤੀ ਕਰਦੇ ਬਾਤਾਂ, ਬੜੇ ਮੋਹ
ਤੇ ਪਿਆਰ ਦੀਆਂ

ਇਧਰ ਚਾਹੇ ਉੱਧਰ ਲੋਕੀਂ, ਭਰੇ ਨਾਲ
ਪਿਆਰਾਂ ਦੇ
ਪਰ ਨੇ ਪਿੱਟਣੇ ਪਾਏ ਹੋਏ, ਸਮੇ ਦੀਆਂ
ਸਰਕਾਰਾਂ ਦੇ
ਦਿਲ-ਜਾਨ ਤੋਂ ਕਰਦੇ ਇੱਜ਼ਤਾਂ,
ਸਰਦਾਰ ਦੀਆਂ ਦਸਤਾਰ ਦੀਆਂ...
ਦੱਸਣ ਵਾਲੇ....

ਰੱਬ ਤੋਂ ਡਰਨ ਵਾਲੇ ਲੋਕੀਂ, ਕਿਰਤਾਂ
ਕਰਕੇ ਖਾਂਦੇ ਨੇ
ਕਿਸੇ ਹਾਲ ਦੇ ਵਿਚ ਵੀ ਹੋਵਣ, ਰੱਬ
ਦਾ ਸ਼ੁਕਰ ਮਨਾਂਦੇ ਨੇ
ਮਿਹਨਤ ਕਰਕੇ ਸਾਰਨ ਲੋੜਾਂ,ਉਹੋ ਨੇ
ਪਰਵਾਰ ਦੀਆਂ... ਦੱਸਣ ਵਾਲੇ....
ਸਾਡੇ ਵਾਂਗ ਹੀ ਉਹੋ ਤਰਸਣ, ਆਪਣੇ
ਧਰਮ ਸਥਾਨਾਂ ਨੂੰ
ਵਫਾਦਾਰੀ ਦੇ ਨਾਲ ਸਾਂਭਦੇ, ਆਪਣੇ
ਉਹ ਮਹਿਮਾਨਾਂ ਨੂੰ
ਉਹ ਵੀ ਦੁੱਖ ਵਿਚ ਗੱਲਾਂ ਕਰਦੇ, ਹਨ
ਕੰਡਿਆਲੀ ਤਾਰ ਦੀਆਂ... ਦੱਸਣ
ਵਾਲੇ....

ਇਕੋ ਮੁਲਕ ਦੇ ਟੋਟੇ ਕੀਤੇ,
ਸੜੇ-ਸਿਆਸਤ ਦਾਨਾਂ ਨੇ
ਆਪਣੀ ਕੁਰਸੀ ਲਈ ਮੁਕਾਈਆਂ,
ਬਹੁ ਪਿਆਰੀਆਂ ਜਾਨਾਂ ਨੇ
ਚੰਦ-ਫਰਵਾਹੀ ਸੁੱਖਾਂ ਮੰਗੇ, ਆਰ
ਦੀਆਂ ਤੇ ਪਾਰ ਦੀਆਂ...ਦੱਸਣ
ਵਾਲੇ....॥

### ਇਕ ਦੁਖਿਆਰਾ

ਇਕ ਦੁਖਿਆਰਾ ਆ ਕੇ ,ਦੁੱਖੜੇ ਸੁਣਾ
ਗਿਆ।
ਮੇਰੀ ਸੁੱਤੀ ਕਲਮ ਨੂੰ, ਝੂਣ ਕੇ ਜਗਾ
ਗਿਆ।

ਕਲਮਾਂ, ਕਨੂੰਨ ਸੁੱਤੇ, ਸੁੱਤੇ ਰਾਖੇ ਕੌਮ
ਦੇ,
ਧੀਆਂ ਦਾ ਬਾਪ ਵਿੱਚ, ਵੇਲਣੇ ਦੇ
ਆਗਿਆ।

ਰੱਬ ਤੇ ਵੀ ਗਿਲਾ ਕਰੇ,ਲੇਖਾਂ ਨੂੰ ਵੀ
ਕੋਸਦਾ,

ਆਪ ਵੀ ਰੋਇਆ ਉਹ ਤੇ, ਮੈਨੂੰ ਵੀ
ਰੁਆ ਗਿਆ।

ਭੁੱਖਾਂ ਤੇ ਬਿਮਾਰੀਆਂ ਨੇ, ਤੂੰ ਵਾਂਗ
ਪਿੰਜਿਆ,
ਕਰਜ਼ੇ-ਵਿਆਜ਼ ਦੇ ਵੀ, ਕਾਗਜ਼ ਵਿਖਾ
ਗਿਆ।

ਧੀ ਨੂੰ ਜੋ ਦਾਜ਼ ਦਿੱਤਾ,ਸਹੁਰਿਆਂ ਹਜ਼ਮ
ਕੀਤਾ,
ਭੁੱਖਿਆਂ ਦੀ ਮੰਗ ਦਾ, ਸੁਨੇਹਾ ਹੋਰ
ਆ ਗਿਆ।

ਧੀ ਜੋ ਵਿਆਹੀ ਪੰਡ, ਕਰਜ਼ੇ ਦੀ ਚੱਕ
ਕੇ,
ਕੁੜੀ ਗੋਦ ਦੇ ਕੇ ਪਤੀ, ਘਰ ਹੈ ਬਹਾ
ਗਿਆ।

ਤਿੰਨ ਹੋਰ ਧੀਆਂ ਨੇ, ਜਵਾਨ ਹੋਈਆਂ
ਘਰ ਵਿੱਚ,
ਉਨ੍ਹਾਂ ਦਾ ਵੀ ਗ਼ਮ ਤੋੜ, ਬੋਟੀ-ਬੋਟੀ
ਖਾ ਗਿਆ।

ਮੁੰਡਾ ਪੜ੍ਹ ਲਿਖ ਕੇ ਵੀ, ਵਿਹਲਾ
ਬੇਕਾਰ ਫਿਰੇ,
ਉਤੋਂ ਲੱਤ ਨਸ਼ਿਆਂ ਦੀ, ਕੋਈ ਉਹਨੂੰ
ਲਾ ਗਿਆ।


ਘੇਰ ਲਈ ਨਰਦ ਵਿਚਾਰੀ, ਚਾਰੇ
ਪਾਸਿਆਂ ਤੋਂ,
ਮਰਨਾ ਹੀ ਪੈਣਾ ਕਹਿੰਦਾ, ਸਮਾਂ ਹੁਣ
ਆ ਗਿਆ।

ਚਾਰ ਘਰ ਬੰਨਣੇ ਸੀ, ਚਾਰ ਧੀਆਂ
ਪਾਲ ਕੇ,
ਦਾਜ਼ ਦੀ ਕਰੋਪੀ ਹਾਏ, ਸਲਫਾਸ ਖਾ
ਗਿਆ।

ਟੇਕਦੇ ਨੇ ਮੱਥੇ ਸਭ,ਗੁਰੂ ਤੇ ਗਰੰਥਾਂ ਨੂੰ,
ਗੁਰੂਆਂ ਦੀ ਸਿੱਖਿਆ ਨੂੰ, ਜੱਗ ਹੈ
ਭੁਲਾ ਗਿਆ।

ਪੂਜੋ ਧੀਆਂ ਵਾਲਿਆਂ ਨੂੰ, ਤੇ ਮਾਣ
ਕਰੋ ਕੁੜੀਆਂ ਦਾ,
ਬਣ ਜੋ ਮਸੀਹੇ ਸਾਰੇ, 'ਚੰਦ' ਸੱਚੀਆਂ
ਸੁਣਾ ਗਿਆ

**ਸਰੀ, ਕੈਨੇਡਾ**
**+16047214363**



# ਨਜ਼ਮ

**ਮੰਗਾ ਬਾਸੀ**



## ਉਮੀਦ

ਬੜੀ ਉਮੀਦ ਸੀ, ਕਿ
ਸਦੀਆਂ ਦੇ
ਰਾਹੂ-ਕੇਤੂਆਂ ਦੇ
ਘੇਰੇ 'ਚੋਂ
ਨਿਕਲ
ਆਸਾਂ ਦਾ ਸੂਰਜ
ਹਨੇਰੇ ਅੰਬਰ ਵਿੱਚ
ਜ਼ਰੂਰ ਚੜ੍ਹੇਗਾ।
ਉਦੋਂ ਫਿਰ,
ਸੁਨਹਿਰੀ ਕਿਰਨਾਂ ਦੀ ਲੋਅ ਨਾਲ
ਭੁੱਖ-ਨੰਗ, ਬੇਰੁਜ਼ਗਾਰੀ ਤੇ
ਸਮਾਜਕ ਲਾਹਨਤਾਂ ਦੀ ਰਾਤ,
ਰੌਸ਼ਨੀ ਵਿਚ ਜਾਏਗਾ ਬਦਲ।
ਫਿਰ ਕੋਈ ਪੈਸੇ ਦੇ
ਹਨੇਰ ਦਾ ਫਾਇਦਾ ਲੈ
ਦੁੱਧ ਰੰਗੀ ਸੋਚ ਦੇ
ਫੁੱਲਾਂ ਨਾਲ ਕਰੇਗਾ ਨਹੀਂ
ਜਬਰ-ਜਨਾਹ।

ਉਦੋਂ ਫਿਰ ਖਿੜਦੇ ਫੁੱਲ
ਨਹੀਂ ਮੰਗਣਗੇ,
ਪੱਤਝੜ ਦੇ ਕੋਲੋਂ
ਬਹਾਰ ਦੀ ਭੀਖ
ਬਹਾਰ ਚੁੰਮੇਗੀ ਉਦੋਂ
ਆਪ ਹੀ ਫੁੱਲਾਂ ਦਾ ਮੱਥਾ
ਉਮੀਦ ਸੀ ਕਿ
ਮਾਤ-ਭੂਮੀ ਦੀ ਗੋਦੀ ਵਿਚ
ਅਪਣੱਤ ਦੀ ਖੇਡ ਖੇਡਦੇ
ਗੱਭਰੂ, ਰੁਜ਼ਗਾਰ ਪੂਰਤੀ ਲਈ
ਵਿਦੇਸ਼ਾਂ ਵਿਚ ਲਾਚਾਰ ਨਹੀਂ ਹੋਣਗੇ।
ਨਾ ਹੀ ਜ਼ਿੰਦਗੀ ਦੇ
ਲਾਟ ਵਰਗੇ ਪੜਾਅ ਵਿੱਚ
ਬਿਗਾਨੇ ਹਨੇਰ ਨੂੰ
ਚਾਨਣੀ ਦਾ ਪੋਚਾ ਫੇਰ
ਵਾਪਸ ਪਰਤਣਗੇ।

ਨਾ ਹੀ ਗ਼ੈਰ-ਟੋਕੇ ਨਾਲ
ਬਾਪੂ ਦੇ ਅਰਮਾਨਾਂ ਦਾ
ਕੁਤਰਾ ਕਰ
ਫਿੱਟੇ ਹੋਏ ਵੱਗ ਦੀਆਂ
ਖੁਰਲੀਆਂ ਵਿਚ ਪਾਉਣਗੇ।

ਪਰ ਅੱਜ
ਉਮੀਦ ਦਾ ਬੂਟਾ
ਹੁੱਲਿਆ ਏ ਜਾਪਦਾ।
ਅਰਮਾਨਾਂ ਦੇ ਸੂਰਜ ਦਾ
ਤੱਕਦਾ ਹਾਂ ਮੁੱਖੜਾ ਜਦੋਂ
ਦਿੱਸਦਾ ਏ ਲੱਗਾ
ਰਿਸ਼ਵਤ, ਸਿਫ਼ਾਰਸ਼
ਨਸਲਾਂ ਤੇ ਮਜ਼੍ਹਬਾਂ ਦਾ ਗ੍ਰਹਿਣ।

ਪਰ ਅੱਜ ਵੀ

ਉਮੀਦਾਂ ਦੇ ਬੂਟੇ ਦੀਆਂ ਲਗਰਾਂ
ਸੂਰਜ ਨੂੰ ਸਿਜਦਾ ਕਰਨੋਂ
ਕਿਵੇਂ ਰੁਕ ਸਕਦੀਆਂ ਨੇ
ਉਨ੍ਹਾਂ ਨੂੰ
ਅਹਿਸਾਸ ਏ ਕਿ
ਗਰਜਦੇ ਬੱਦਲਾਂ ਦਾ ਰੰਗ
ਸੂਰਜ ਕਿਵੇਂ ਕਬੂਲ ਸਕਦਾ ਏ।
ਨਾ ਹੀ ਗੜ੍ਹਿਆਂ ਦੇ ਬੱਦਲ,
ਕਦੀ ਸੂਰਜ ਕਿਰਨਾਂ ਨੂੰ
ਰੋਕ ਸਕਦੇ ਨੇ।

ਆਖ਼ਰ ਨੂੰ
ਸੂਰਜ ਕਿਰਨਾਂ ਨੇ
ਚਾਨਣੀ ਨੂੰ ਉਡੀਕਦੀ
ਧਰਤੀ ਦਾ
ਚੁੰਮਣ ਲੈ ਹੀ ਲੈਣਾ ਏ।

## ਪੁਕਾਰ


ਕਸੂਰ ਤਾਂ,
ਸਾਡਾ ਹੀ ਸੀ,
ਜਦੋਂ
ਹੀਰੋਸ਼ੀਮਾ ਤੇ ਨਾਗਾਸਾਕੀ ਵਿਚ
ਹੱਸਦੀ ਜ਼ਿੰਦਗੀ ਪਲਾਂ ਵਿਚ ਹੀ,
ਨਿਊਕਲੀਅਰ ਦੇ ਡਰਾਉਣੇ ਜਬਾੜ੍ਹਿਆਂ
ਵਿਚ ਜਾ ਪਈ!

ਧਰਤੀ,
ਫੁੱਲਾਂ, ਬਿਰਖਾਂ ਤੇ ਹਵਾਵਾਂ ਨੂੰ
ਆਪੇ ਵਿਚ ਸਮੋਈ ਗਰਭਪਾਤ ਹੋ
ਗਈ।

ਕਸੂਰ ਅੱਜ ਵੀ,
ਸਾਡਾ ਹੀ ਹੈ,
ਜਦੋਂ ਅਸੀਂ ਐਟਮ ਨੂੰ
ਧਰਤੀ, ਹਵਾ ਤੇ ਪਾਣੀ ਦੇ ਪਿੰਡੇ ’ਤੇ
ਚੀਰ ਪਾਉਂਦਾ ਤੱਕ,
ਚੁੱਪ ਬੈਠੇ,
ਐਟਮੀ ਫੈਕਟਰੀਆਂ ਵਿਚ,
ਮੌਤ ਦੇ ਕਲਬੂਤ ਬਣਾਉਂਦੇ,
ਜੀਵਨ ਦੀ ਸਿਖ਼ਰ ’ਤੇ ਨੱਚ ਉੱਠਦੇ
ਹਾਂ।

ਧਰਤੀ,
ਜਿਊਣ ਦੇ ਅਰਥਾਂ ਦੀ ਤਲਾਸ਼ ਵਿਚ,
ਮਨੁੱਖ ਨਾਲ ਗੁਫ਼ਤਗੂ ਕਰਨ ਲਈ,
ਪੁਕਾਰ ਕਰ ਰਹੀ ਹੈ।
ਤਾਂ ਕਿ
ਸਾਡੀਆਂ ਕੋਝੀਆਂ ਹਰਕਤਾਂ,
ਆਕਾਸ਼ ਵਿਚ ਪਗਡੰਡੀਆਂ ਉਲੀਕਦੀ
ਜ਼ਿੰਦਗੀ ਨੂੰ ਬੇਜਾਨ ਨਾ ਕਰ ਦੇਣ !


**ਸਰੀ, ਕੈਨੇਡਾ**
**+1(604)240-1095**

# .ਗਜ਼ਲ

## ਨਦੀਮ ਪਰਮਾਰ



### .ਗਜ਼ਲ

ਜੀ ਕਰਦਾ ਜੀ ਭਰਕੇ ਰੋਵਾਂ,
ਪਰ ਕਿੰਝ ਨਿਰਜਲ ਨੈਣ ਭਗੋਵਾਂ।

ਲਿਖਣ ਲਈ ਅੱਤਵਾਦ ਦੀ ਗਾਥਾ,
ਖ਼ੂਨ 'ਚ ਕਿਸਦੇ ਕਲਮ ਡਬੋਵਾਂ।

ਚਾਰ-ਚੁਫ਼ੇਰੇ ਸ਼ੱਕੀ ਨਜ਼ਰਾਂ,
ਦੱਸ ਜਿੰਦੇ ਕਿਸ ਕੋਲ ਖਲੋਵਾਂ।

ਹਿਜਰ ਤੇਰੇ ਦਾ ਰੂਪ ਸਲੇਟੀ,
ਚਿੱਟੇ ਘੁੰਡ 'ਚ ਕਿੰਝ ਲਕੋਵਾਂ।

ਜੇ ਗ਼ਮ ਆਵਣ ਸੰਤ ਮੁਨੀ ਬਣ,
ਪੈਰ ਉਨ੍ਹਾਂ ਦੇ ਮਲ਼ ਮਲ਼ ਧੋਵਾਂ।

ਭਾਵੇਂ ਲੂ ਥਾਂ ਵਗਣ ਸ਼ਮੀਰਾਂ,
ਲੂ ਤੋਂ ਡਰਿਆ ਬੂਹੇ ਢੋਵਾਂ।

ਮਾਨਵ, ਮਾਨਵਤਾ ਦੋ ਲਾਸ਼ਾਂ,
ਦੱਸੋ ਲੋਕੋ! ਕਿਸ ਨੂੰ ਰੋਵਾਂ।

### .ਗਜ਼ਲ

ਜੀਣ ਦੀਆਂ ਤਲਖ਼ੀਆਂ ਨੂੰ ਇਸ ਤਰ੍ਹਾਂ
ਮੈਂ ਜਰ ਲਿਆ,
ਕਹਿ ਲਿਆ ਇਕ ਸ਼ਿਅਰ ਮਨ ਦਾ
ਬੋਝ ਹਲਕਾ ਕਰ ਲਿਆ।

ਇੱਕ ਬੁੱਢੇ ਰੁੱਖ ਦੇ ਸਭ ਟੁੱਟੇ ਟਾਹਣੇ
ਦੇਖ ਕੇ,
ਇੱਕ ਬੁੱਢੇ ਸ਼ਖ਼ਸ ਨੇ ਕਿਉਂ ਮੂੰਹ ਪਰ੍ਹੇ
ਨੂੰ ਕਰ ਲਿਆ।

ਭੁੱਖੀ ਮੱਛੀ ਜਾ ਨਿਗਲਿਆ ਅੰਤ ਨੂੰ
ਕੁੰਡੀ ਦਾ ਮਾਸ,
ਉਸਨੇ ਸ਼ਾਇਦ ਮਰਨ ਕੋਲੋਂ ਬਹੁਤ
ਚਿਰ ਸੀ ਡਰ ਲਿਆ।

ਤੰਗ ਆ ਕੇ ਝੀਲ ਵਿਚ ਕੋਈ ਤਾਂ ਡੁੱਬ
ਕੇ ਮਰ ਗਿਆ,
ਪਰ ਕਿਸੇ ਨੇ ਮੌਜ ਖ਼ਾਤਰ ਝੀਲ ਕੰਢੇ
ਘਰ ਲਿਆ।

ਆਦਮੀ ਨੇ ਆਪ ਨੂੰ ਝੂਠੀ ਤਸੱਲੀ
ਦੇਣ ਲਈ,
ਰੱਬ ਦਾ ਪੜਪੰਚ ਰਚਿਆ ਨਾਓ
ਮਜ਼ਹਬ ਧਰ ਲਿਆ।

ਆਈ ਪਤਝੜ ਬਣ ਦੇ ਰੁੱਖਾਂ ਪੀਲੇ
ਵਸਤਰ ਪਾ ਲਏ,

ਕੀ ਉਨ੍ਹਾਂ ਪਰਵਾਸ ਦਾ ਮਨ ਵਿਚ
ਇਰਾਦਾ ਕਰ ਲਿਆ।

ਇਹ ਮਿਰਾ ਸਾਦਾ ਸੁਭਾ ਸੀ ਜਾਂ ਨਿਰੀ
ਸਿੱਕ ਪਿਆਰ ਦੀ,
ਉਸਨੇ ਜੇਵੇਂ ਵੀ ਕਿਹਾ ਓਵੇਂ ਭਰੋਸਾ
ਕਰ ਲਿਆ।

ਯਾਦ ਆਇਆ ਜਦ ਕੋਈ ਰੰਗੀਨ
ਲਮਹਾ ਬੀਤਿਆ,
ਮੀਚ ਕੇ ਅੱਖਾਂ ਨਦੀਮਾ* ਇੱਕ ਹੌਕਾ
ਭਰ ਲਿਆ।

## ਗ਼ਜ਼ਲ

ਯਾਰ ਤੇਰੇ ਸੰਗ ਤੁਰਨੇ ਤੋਂ ਇਨਕਾਰ
ਨਹੀਂ,
ਤੇਰੀ ਟੇਢੀ ਚਾਲ ਦਾ ਪਰ ਇਤਬਾਰ
ਨਹੀਂ।

ਜਿਹੜਾ ਪੱਖ ਲਵੇ ਨਾ ਧਰਮ ਸਿਆਸਤ
ਦਾ,
ਲੋਕੀਂ ਉਸ ਨੂੰ ਕਹਿੰਦੇ ਇਹ ਅਖ਼ਬਾਰ
ਨਹੀਂ।

ਚੜ੍ਹਦਾ ਸੂਰਜ ਦੇਖ ਸਲਾਮਾਂ ਕਰਦੇ ਹੋ,
ਉਂਜ ਕਹਿੰਦੇ ਹੋ ਇਸ ਦੀ 'ਤੇ
ਸਰਕਾਰ ਨਹੀਂ।

ਕਵਿਤਾ ਬੁੱਤ ਤਰਾਸ਼ੀ ਅਤੇ ਮਸਵਰੀ
ਵਿਚ,
ਪਰਕਿਰਤੀ ਤੋਂ ਵੱਡਾ ਇਕ ਫ਼ਨਕਾਰ
ਨਹੀਂ।

ਜਿਸ ਨੂੰ ਲਿੱਲ ਧਰਮ ਦੀ ਲੱਗੀ
ਰਹਿੰਦੀ ਏ,
ਦੱਸੋ ਤਾਂ ਉਹ ਬੰਦਾ ਕੀ ਬੀਮਾਰ
ਨਹੀਂ।

ਦੇਖ ਕੇ ਅੱਜ ਦੇ ਦੌਰ ਦੀ ਹਾਲਤ ਸੋਚ
ਰਿਹਾਂ,
ਕਿਸ ਦੇ ਸਿਰ 'ਤੇ ਲਟਕ ਰਹੀ
ਤਲਵਾਰ ਨਹੀਂ।

ਅੱਜਕਲ ਧਰਮੀ ਨੈਤਕਤਾ ਦੀ
ਸਿਆਸਤ ਹੈ,
ਜਿਸ 'ਤੇ ਲੋਕਾਂ ਨੂੰ ਕੋਈ ਇਤਬਾਰ
ਨਹੀਂ।

ਜਿਸ ਵਿਚ ਰੰਗ-ਬਰੰਗੇ ਫੁੱਲ ਨਾ ਹੋਣ
ਨਦੀਮ,
ਉਹ ਫੁਲਵਾੜੀ ਹੋ ਸਕਦੀ ਗੁਲਜ਼ਾਰ
ਨਹੀਂ।

ਹਰ ਥਾਂ ਧੰਨ ਦਾ ਰੋਹਬ ਜਮਾਉਂਦਾ
ਫਿਰਦਾ ਏਂ,
ਇਕ ਫੱਕਰ ਤੋਂ ਤੁੱਲ ਕੋਈ ਜ਼ਰਦਾਰ
ਨਹੀਂ।

ਜੋ ਸਾਡੇ ਪੁਰਖਾਂ ਨੇ ਕਲਪਿਤ ਕੀਤਾ
ਸੀ,
ਅੱਜ ਦਾ ਇਹ ਸੰਸਾਰ 'ਤੇ ਉਹ ਸੰਸਾਰ
ਨਹੀਂ।

**ਸਰੀ, ਕੈਨੇਡਾ**
**+16042982920**
**nadeemparmar@shaw.ca**

## ਨਜ਼ਮ

ਅਮਰੀਕ ਪਲਾਹੀ



### ਨਿਸ਼ਬਦ ਸੰਵਾਦ

ਜਦੋਂ ਤੂੰ ਸਾਡੇ ਕੋਲ਼ ਨਹੀਂ ਸੀ,
ਉਦੋਂ ਤੂੰ ਕਿੱਥੇ ਸੀ ? ਤੂੰ ਕਿਵੇਂ ਸੀ ?
ਮੈਂ ਉਸਨੂੰ ਚੁੱਪ ਵਿੱਚ ਸਵਾਲ ਕੀਤਾ,
ਉਸਨੇ ਚੁੱਪ ਵਿੱਚ ਹੀ ਜਵਾਬ ਦਿੱਤਾ।
ਉਸਨੇ ਪਹਿਲੀ ਵਾਰ ਅੱਖ ਖੋਹਲੀ,
ਤੇ ਮੈਂ ਉਸਨੂੰ ਜੀਅ ਆਇਆਂ ਕਿਹਾ
ਉਸਦੇ ਮੱਥੇ ਸੂਰਜ ਵਰਗੀ ਆਸ ਸੀ
ਅੱਖਾਂ ਵਿੱਚ ਨਿਰਮਲ ਅਹਿਸਾਸ ਸੀ।

ਤੇ ਤੂੰ ਵਕਤ ਤੋਂ ਪਹਿਲਾਂ ਆ ਗਿਉਂ?
ਵਕਤ ਕੀ ਹੁੰਦਾ ਹੈ, ਉਸਨੇ ਕਿਹਾ।
ਮੈਂ ਸੋਚ ਦੀ ਸਰਦਲ ਤੇ ਖੜ੍ਹਾ ਹੋ ਕੇ
ਆਪਣੇ ਆਪ ਨੂੰ ਮੁਖ਼ਾਤਿਬ ਹੋਇਆ,
ਹਾਂ, ਇਹ ਵਕਤ ਭਲਾ ਕੀ ਬਲਾ ਹੈ
ਜਿਸਦਾ ਨਾ ਕੋਈ ਆਦਿ ਨਾ ਅੰਤ,
ਨਾ ਇਹ ਘਟਦਾ ਹੈ ਨਾ ਵਧਦਾ ਹੈ,
ਨਾ ਇਹ ਬੰਧਨ ਹੈ, ਨਾ ਸੁਤੰਤਰਤਾ।

ਕੱਲ ਤੱਕ ਤੂੰ ਸੁਰੱਖਿਅਤ ਸੀ।
ਤੇਰੀ ਸੁਰੱਖਿਆ ਕੌਣ ਕਰਦਾ ਸੀ ?
ਪਾਣੀ ਮੇਰੀ ਸੁਰੱਖਿਆ ਕਰਦਾ ਸੀ।
ਮੈਂ ਵੱਡੇ ਪਾਣੀ ਵਿੱਚ ਰਹਿੰਦਾ ਸੀ,
ਨਾਨਾ, ਕੀ ਏਥੇ ਵੀ ਪਾਣੀ ਹੁੰਦਾ ਹੈ
ਉਸਨੇ ਸਹਿਜ ਭਾਅ ਪੁੱਛ ਲਿਆ।
ਹਾਂ, ਹੁੰਦਾ ਸੀ ... ਪਰ ਹੁਣ ਨਹੀਂ,
ਅਸੀਂ ਪਾਣੀ ਖਰਾਬ ਕਰ ਦਿੱਤਾ ਹੈ।

ਮੈਂ ਪਾਣੀ ਨੂੰ ਠੀਕ ਕਰ ਦਿਆਂਗਾ,
ਉਸਨੇ ਬੜੇ ਵਿਸ਼ਵਾਸ ਨਾਲ ਕਿਹਾ।
ਤੂੰ ਭਲਾ ਕਿਵੇਂ ਠੀਕ ਕਰੇਂਗਾ ?
ਮੈਥੋਂ ਰਿਹਾ ਨਾ ਗਿਆ ।
ਜਿਵੇਂ ਤੁਸੀਂ ਖ਼ਰਾਬ ਕੀਤਾ ਹੈ,
ਮੈਂ ਉਸ ਤਰਾਂ ਨਹੀਂ ਕਰਾਂਗਾ।
ਪਾਣੀ ਆਪੇ ਠੀਕ ਹੋ ਜਾਵੇਗਾ,
ਉਸਦੀ ਨੀਤ ਸਾਫ਼ ਪਾਣੀ ਸੀ।

... ਤੂੰ ਅਜੇ ਕੱਲ ਆਇਆ ਹੈਂ,
ਤੈਨੂੰ ਇਹ ਗੱਲਾਂ ਕਿਵੇਂ ਪਤਾ ?
ਮੈਨੂੰ ਮੇਰੀ ਮਾਂ ਦੱਸਦੀ ਸੀ,
... ਤੇ ਤੂੰ ਸੁਣਦਾ ਰਹਿੰਦਾ ਸੀ ?
ਹਾਂ, ਮੈਂ ਬੋਲ ਨਹੀਂ ਸੀ ਸਕਦਾ,
ਸਮਝਣ ਲਈ ਸੁਣਨਾ ਜ਼ਰੂਰੀ ਹੈ।
ਕੀ ਏਥੇ ਲੋਕ ਸੁਣਦੇ ਹਨ ?
ਉਸਦੀ ਮਸੂਮਤਾ ਮੇਰੀ ਚੁੱਪ ਸੀ।

ਚੰਗਾ ਫੇਰ, ਮੈਂ ਹੁਣ ਚੱਲਦਾਂ,
ਲੋਕ ਏਥੋਂ ਕਿੱਥੇ ਜਾਂਦੇ ਹਨ ?
ਸਵਾਲ ਸੁਣਕੇ ਮੈਂ ਰੁਕ ਗਿਆ,
ਮੈਂ ਹੁਣ ਇਸਦਾ ਕੀ ਜਵਾਬ ਦਿਆਂ।
ਮੈਨੂੰ ਆਪਣੇ ਪੁੱਛੇ ਸਵਾਲ ਯਾਦ ਆਏ
ਉਸਦੇ ਪੁੱਛੇ ਸਵਾਲਾਂ ਤੇ ਮਾਣ ਹੋਇਆ
ਮੇਰਾ ਦੋਹਤਾ, ਮੇਰਾ ਹੀ ਵਿਸਤਾਰ ਹੈ,
ਮੈਂ ਨਿਸ਼ਬਦ ਸੰਵਾਦ ਦਾ ਪਾਤਰ ਹਾਂ।

ਸਰੀ, ਕੈਨੇਡਾ
+16046719875

## ਨਜ਼ਮ

**ਡਾ. ਗੁਰਮਿੰਦਰ ਸਿੱਧੂ**



### ਦਿਲ ਲਗਾਣ ਦੀ ਰੁੱਤ

ਕਦੀ ਕਦੀ ਹੀ ਆਉਂਦੀ ਹੈ ਦਿਲ
ਲਗਾਣ ਦੀ ਰੁੱਤ
ਕਦੇ ਕਦੇ ਹੀ ਸਾਵਣ ਵਰਸਿਆ ਕਰਦੇ
ਨੇ
ਨਹੀਂ ਤਾਂ ਮਾਰੂਥਲ ਦਿਲਾਂ ਦੇ ਸੁੰਨੇ
ਰਹਿੰਦੇ ਨੇ
ਕਦੇ ਕਦੇ ਹੀ ਜੋਗੀ ਗੁਜ਼ਰਿਆ ਕਰਦੇ
ਨੇ।

ਰਤਾ ਜਿਹੀ ਗੱਲ ’ਤੇ ਨਾ ਤੋੜ ਮੋਹ ਦਾ
ਕੰਗਣਾ
ਅਸਾਂ ਫੇਰ ਤੈਥੋਂ ਘੁੱਟ ਵੀ ਨਾ ਮੰਗਣਾ
ਅਸੀਂ ਉਹ ਫੁੱਲ ਹਾਂ ਸੱਜਣਾ
ਜਿਹਨਾਂ ਦੇ ਪੱਤਾਂ ਵਿੱਚ
ਕਦੇ ਕਦੇ ਹੀ ਰਿਸ਼ਤੇ ਮਹਿਕਿਆ
ਕਰਦੇ ਨੇ

ਗੱਲ ਏਨੀ ਕੁ ਹੈ, ਤੈਨੂੰ ਦੀਵਾਲ਼ੀ ਰਾਸ
ਨਹੀ
ਸਾਡੀ ਕਾਲ਼ਿਆਂ ਪਹਿਰਾਂ ’ਚ ਲੰਘਦੀ
ਰਾਤ ਨਹੀਂ
ਸਾਡੇ ਮੱਥੇ ਦੀ ਲੋਅ ਤੋਂ ਤੂੰ ਪ੍ਰੇਸ਼ਾਨ ਨਾ
ਹੋ
ਖ਼ੁਦ ਨੂੰ ਬਾਲ਼ ਕੇ ਇਹ ਦੀਵੇ ਜਗਿਆ
ਕਰਦੇ ਨੇ।

ਕਦੇ ਕਦੇ ਹੀ ਰੂਹ ਲੱਭਦੀ ਹੈ
ਹਾਣੀ ਨੂੰ
ਮੋਤੀ ਲੱਗੇ ਨਾ ਨਿੱਤ ਸਿੱਪੀਆਂ ਦੀ
ਟਾਹਣੀ ਨੂੰ
ਇਹ ਉਹ ਪਲ ਨੇ, ਕੁਦਰਤ ਦੀਆਂ ਜੋ
ਪੈਲਾਂ ’ਚੋਂ
ਮੋਰ ਦੇ ਖੰਭਾਂ ਦੇ ਵਾਂਗਰ ਹੀ ਝੜਿਆ
ਕਰਦੇ ਨੇ।

ਕਦੀ ਕਦੀ ਹੀ ਆਉਂਦੀ ਹੈ ਦਿਲ
ਲਗਾਣ ਦੀ ਰੁੱਤ
ਕਦੇ ਕਦੇ ਹੀ ਸਾਵਣ ਵਰਸਿਆ ਕਰਦੇ
ਨੇ
ਨਹੀਂ ਤਾਂ ਮਾਰੂਥਲ ਦਿਲਾਂ ਦੇ ਸੁੰਨੇ
ਰਹਿੰਦੇ ਨੇ
ਕਦੇ ਕਦੇ ਹੀ ਜੋਗੀ ਗੁਜ਼ਰਿਆ ਕਰਦੇ
ਨੇ।

## ਨਾ ਬਹੁਤੀ ਦੁਸ਼ਮਣੀ ਕਰਨਾ...

ਨਾ ਬਹੁਤੀ ਦੁਸ਼ਮਣੀ ਕਰਨਾ, ਨਾ
ਬਹੁਤੀ ਦੋਸਤੀ ਕਰਨਾ
ਕਦੀ ਜੇ ਹੋ ਸਕੇ ਤਾਂ ਰਿਸ਼ਤਿਆਂ ਦੀ
ਸ਼ਾਇਰੀ ਕਰਨਾ।

ਬੜੇ ਡੂੰਘੇ ਤਲਾਅ ਨੇ, ਅਕਸ ਉੱਤੋਂ ਹੀ
ਦਿਖਾਉਂਦੇ ਨੇ
ਨਾ ਲਹਿਣਾ ਵਿੱਚ ਇਹਨਾਂ ਦੇ, ਨਾ
ਏਦਾਂ ਖ਼ੁਦਕੁਸ਼ੀ ਕਰਨਾ।

ਪਤਾ ਕੀ ਹੈ ? ਕਦੋਂ ਪਰਦੇਸ ਵਿੱਚ
ਵਤਨਾਂ ਦੀ ਤੇਹ ਲੱਗੇ
ਖੂਹੀ ਪਿੰਡ ਦੀ ਕੋਲ਼ੇ, ਰਾਤ ਨੂੰ ਰੌਸ਼ਨੀ
ਕਰਨਾ

ਅਮਰ ਹੋਣਾ ਨਹੀਂ ਜਿੱਤ ਕੇ ਤੁਸੀਂ
ਕੋਈ ਧਰਤ ਦਾ ਟੋਟਾ
ਜੇ ਹੋਣੈਂ ਤਾਂ ਦਿਲਾਂ ਦੀ ਧਰਤ ਉੱਤੇ
ਮਾਲਕੀ ਕਰਨਾ।

ਨਾ ਆਪਣੇ ਅੰਦਰੋਂ ਅਹਿਸਾਸ ਦੀ
ਰੰਗਤ ਉਡਾ ਲੈਣਾ
ਉਡੀਕਾਂ ਸੁਰਮਈ ਰੱਖਣਾ, ਬਰੂਹਾਂ
ਕਿਰਮਚੀ ਕਰਨਾ।


ਹੰਝੂਆਂ ਨਾਲ਼ ਨਾ ਭਰਨਾ, ਕਿਸੇ ਰੂਹ
ਦੇ ਕਟੋਰੇ ਨੂੰ
ਸਦਾ ਸੂਹੀ ਜਿਹੀ ਮੁਸਕਾਨ ਦੀ ਖੇਤੀ
ਹਰੀ ਕਰਨਾ।

ਮਿਲ਼ੇਗਾ ਕੀ ਤੁਹਾਨੂੰ ਪੂਜ ਕੇ ਮਟੀਆਂ
ਨੂੰ, ਮੜ੍ਹੀਆਂ ਨੂੰ ?
ਜੇ ਕਰਨਾ ਤਾਂ ਬਲੌਰੀ ਅੱਖੀਆਂ ਦੀ
ਆਰਤੀ ਕਰਨਾ।

ਤੁਹਾਡੇ ਕਰਮ 'ਤੇ ਖ਼ੁਸ਼ ਹੋ ਜਾਏ
ਦੁਨੀਆ ਦਾ ਹਰ ਵਾਸੀ
ਤੁਸੀਂ ਦੁਨੀਆ ਦੇ ਸਿਰਜਣਹਾਰ ਦੀ
ਇਉਂ ਬੰਦਗੀ ਕਰਨਾ।

ਜ਼ਿੰਦਗੀ ਸਮਝ ਕੇ ਪੱਥਰ, ਨਾ ਐਵੇਂ
ਹੀ ਵਗਾਹ ਦੇਣਾ
ਘੜਨਾ ਮੂਰਤੀ ਇਸ 'ਚੋਂ, ਕੋਈ
ਕਾਰੀਗਰੀ ਕਰਨਾ।

**ਸਰੀ, ਕੈਨੇਡਾ**
+1 236 518 5952
gurmindersidhu13@gmail.com



ਹਰਸ਼ਰਨ ਕੌਰ



## ਅੱਖ਼ਰ ਗੂੰਜਦੇ ਨੇ

ਅੱਖ਼ਰ ਗੂੰਜਦੇ ਨੇ
ਸ਼ਬਦ ਰਵਾਨਗੀ ਪਕੜਦੇ ਨੇ
ਕਿਸੇ ਮੰਤਰ-ਮੁਗਧ
ਲੈਅ ਵਿੱਚ ਤੁਰਦੇ ਤੁਰਦੇ
ਕਵਿਤਾ ਦਾ ਮੁਹਾਂਦਰਾ
ਉਘੜਦਾ ਹੈ।
ਅੱਖ਼ਰ ਗੂੰਜਦੇ ਨੇ
ਪਹਾੜਾਂ ਤੇ ਜੰਮੇ
ਅਹਿਸਾਸਾਂ ਦੇ ਗਲੇਸ਼ੀਅਰ
ਮਨ ਦੇ ਵਲਵਲਿਆਂ ਦੇ
ਸੇਕ ਨਾਲ ਪਿਘਲਦੇ ਨੇ
ਤੇ ਸ਼ਬਦ ਨੱਚਦੇ ਟੱਪਦੇ
ਕਦੀ ਫਾਸਲਿਆਂ ਨੂੰ
ਤੈਅ ਕਰਦੇ ਕਰਦੇ
ਸ਼ਾਂਤ ਨਦੀ ਬਣਦੇ
ਕਲ-ਕਲ ਦੀ ਸੰਗੀਤ-ਧੁਨ
ਵਿੱਚ ਲੀਨ,
ਝਰਨਾ ਬਣ ਵਹਿ ਤੁਰਦੇ ਨੇ।
ਅੱਖਰ ਗੂੰਜਦੇ ਨੇ
ਤਾਂ ਨੈਣਾਂ ਦੀ ਖ਼ੁਮਾਰੀ
ਹੋਠਾਂ ਦੀ ਮੁਸਕਾਨ
ਗੱਲਾਂ ਦਾ ਭਖਣਾ
ਚੰਨ ਦੀ ਚਾਨਣੀ
ਤਾਰਿਆਂ ਦੇ ਝੁੰਡ
ਤੇ ਆਕਾਸ਼ ਦੀ ਸਥਿਰਤਾ
ਸਭ ਕਵਿਤਾ ਦੇ ਕਲਾਵੇ
ਵਿੱਚ ਆ ਚੁੱਪ ਧਾਰਦੇ
ਸੂਰਜ ਆਪਣੀ ਧੁੱਪ
ਅਰਪਨ ਕਰਦਾ
ਬੱਦਲ ਕਣੀਆਂ ਦੇ ਫੁੱਲਾਂ ਦੀ
ਵਰਖਾ ਕਰਦੇ
ਧਰਤੀ ਆਪਣੀ ਆਗੋਸ਼
ਵਿੱਚ ਲੈ ਪਲੋਸਦੀ
ਤੇ ਉਂਗਲ ਪਕੜ
ਅਗਲਾ ਸਫ਼ਰ ਤੈਅ
ਕਰਵਾਉਂਦੀ ਤੇ
ਕਵਿਤਾ ਆਕਾਰ ਬਣਦੀ।
ਅੱਖਰ ਗੂੰਜਦੇ ਨੇ
ਤੇ ਬਾਗ਼ ਹਰਿਆਵਲਾ ਹੋ ਜਾਂਦਾ
ਫੁੱਲਾਂ ਦਾ ਰੰਗ
ਸਾਰੀ ਸਤਰੰਗੀ ਸਮੇਟਦਾ
ਜੰਗਲ ਖਿੜ ਉੱਠਦਾ
ਪੰਛੀ ਪੰਖੇਰੂ ਸੁਰਾਂ 'ਚ
ਇੱਕ ਮਿੱਕ ਹੋ
ਪੂਰੇ ਜੰਗਲ ਨੂੰ
ਸੰਗੀਤਮਈ ਕਰਦੇ
ਸਾਗਰ ਦੀਆਂ ਛੱਲਾਂ
ਪੂਰੀਆਂ ਦੀਆਂ ਪੂਰੀਆਂ

ਥਿਰਕਦੀਆਂ ਤੇ
ਸਾਗਰ ਦੀ ਹਿੱਕੜੀ 'ਤੇ
ਸ਼ਬਦਾਂ ਦੀ ਥਾਪ ਲੱਗਦੀ
ਤੇ ਕਵਿਤਾ ਝੂਮਦੀ
ਆਪਣੇ ਦਰਾਂ ਤੋਂ ਬਾਹਰ ਆ
ਆਪਾ ਬਿਖੇਰਦੀ।
ਕਵਿਤਾ ਦਾ ਮੁਹਾਂਦਰਾ
ਆਪ ਮੁਹਾਰੇ ਬੋਲ ਉਠਦਾ
ਕੰਨ ਸਿਰਫ਼ ਬੋਲ ਸੁਣਦੇ
ਨੈਣ ਮੁੰਦ ਜਾਂਦੇ
ਹੱਥ ਪੈਰ ਸ਼ਾਂਤ ਠਹਿਰ ਜਾਂਦੇ
ਫਿਰ ਪੂਰੀ ਕਾਇਨਾਤ
ਝਰਨਾ, ਨਦੀ, ਪਹਾੜ ਸਾਗਰ
ਚੰਨ ਤਾਰੇ ਸੂਰਜ ਆਕਾਸ਼
ਸਭ ਖਾਮੋਸ਼ ਹੋ
ਫਿਰ ਕਵਿਤਾ ਦੇ ਬੋਲ ਸੁਣਦੇ
ਸਿਰਫ਼ ਕਵਿਤਾ ਬੋਲਦੀ
ਸਿਰਫ਼ ਕਵਿਤਾ ਬੋਲਦੀ

## ਮੁਹੱਬਤ ਤੇ ਤਹਿਜ਼ੀਬ

ਮੁੱਹਬਤ ਤੇ ਤਹਿਜ਼ੀਬ ਦਾ
ਅਨੂਠਾ ਜਿਹਾ ਰਿਸ਼ਤਾ
ਖਾਮੋਸ਼
ਬਿਨਾਂ ਕਿਸੇ ਇਜ਼ਹਾਰ ਤੋਂ
ਸੰਪੂਰਨ ਨਹੀਂ
ਸਗੋਂ ਪੂਰਨਤਾ ਦੀ ਸਿਖਰ
ਇਕ ਸਮਰਪਣ ਦਾ ਸਫ਼ਰ
ਅੰਤਰ-ਨਾਦ ਅਨਾਦੀ ਬਣਦਾ
ਰੋਮ ਰੋਮ 'ਚ ਹੀ ਵੱਸਦਾ,
ਨਦੀ ਦੀ ਰਵਾਨੀ
ਉਸ ਦੀ ਨਿਸ਼ਾਨੀ
ਉਸ ਦਾ ਪੱਥਰਾਂ ਨੂੰ ਛੋਹਣਾ
ਚੁੱਪ ਚਾਪ ਆਪਣਾ
ਰਸਤਾ ਬਦਲਣਾ
ਕਦੀ ਕਦੀ ਪਥਰੀਲੀ
ਸਤਹ 'ਤੇ ਵੀ ਚਲਣਾ
ਰਿਸ਼ਤੇ ਦੀ ਤਹਿਜ਼ੀਬ ਨੂੰ
ਮਰਨ ਨਾ ਦੇਣਾ,
ਮੰਜ਼ਿਲ ਲਈ
ਮੁਹੱਬਤ ਦੀ ਨਿਸ਼ਾਨੀ ਹੈ
ਮੁਹੱਬਤ ਵਿੱਚ ਹੀ ਤਹਿਜ਼ੀਬ
ਤਹਿਜ਼ੀਬ ਵਿੱਚ ਹੀ ਮੁਹੱਬਤ ਹੈ।

## ਇਕ ਕੁੜੀ

ਇਕ ਕੁੜੀ ਚੁੱਪ ਚੁਪੀਤੀ,
ਲੱਪ ਕੁ ਧੁੱਪ ਉਧਾਰੀ ਮੰਗੇ,
ਛਿੱਟ ਜਿਹੀ ਚਾਨਣ ਦੀ
ਮੁੱਠੀ ਭਰ ਬਾਰਿਸ਼ ਮੰਗੇ,
ਰੁੱਖ ਉਸ ਦਾ ਆਪਣਾ ਹੋਵੇ,
ਉਸ ਰੁੱਖ ਦੀ ਛਾਂ ਉਹ ਮੰਗੇ
ਉਹ ਹਵਾ ਜੋ ਉਡਣ ਲਾਵੇ
ਛੱਲਾਂ ਦੀਆਂ ਤਾਰੀਆਂ ਮੰਗੇ
ਸੁਫ਼ਨੇ ਉਹ ਜੀਣਾ ਮੰਗੇ,
ਕੋਈ ਸਾਹ ਆਪਣੇ ਮੰਗੇ।
ਧੁੱਪ ਉਸ ਨੂੰ ਜੀਣ ਦਿਓ
ਬਾਰਿਸ਼ ਉਸ ਨੂੰ ਪੀਣ ਦਿਓ
ਸੁਫ਼ਨੇ ਉਸ ਨੂੰ ਜੀਣ ਦਿਓ
ਚੁੱਪ ਚੁਪੀਤੀ ਕੁੜੀ ਨੂੰ
ਆਪਣੇ ਸਾਹ ਜੀਣ ਦਿਓ।

**ਸਰੀ, ਕੈਨੇਡਾ**
**+17788283048**
**harsharankaur29@yahoo.com**

# .ਗ਼ਜ਼ਲ

ਜਸਵਿੰਦਰ



## ਅਸੀਂ ਦਿਲ ਛੱਡ ਗਏ ਹੋਈਏ

ਅਸੀਂ ਦਿਲ ਛੱਡ ਗਏ ਹੋਈਏ ਅਜਿਹਾ
ਵੀ ਨਹੀਂ ਲੱਗਦਾ।
ਪਤਾ ਨਈਂ ਫੇਰ ਕਿਉਂ ਸਾਡਾ ਕਿਤੇ ਵੀ
ਜੀ ਨਹੀਂ ਲੱਗਦਾ।

ਕਦੇ ਲਗਦੇ ਨੇ ਤਾਰੇ, ਫੁੱਲ, ਪੰਛੀ
ਆਪਣੇ ਵਰਗੇ,
ਕਦੇ ਸ਼ੀਸ਼ੇ 'ਚ ਅਪਣਾ ਅਕਸ ਅਪਣਾ
ਹੀ ਨਹੀਂ ਲੱਗਦਾ।

ਕਿਵੇਂ ਇਕ ਨਾਮ ਦੇਈਏ ਇਸ 'ਚ
ਸਭ ਰਿਸ਼ਤੇ ਸਮੋਏ ਨੇ,
ਲਹੂ ਵਿਚ ਦਰਦ ਜੋ ਘੁਲ਼ਿਆ ਹੈ ਸਾਡਾ
ਕੀ ਨਹੀਂ ਲੱਗਦਾ।

ਕਿਸੇ ਨੂੰ ਜਗ ਰਹੀ ਹਰ ਚੀਜ਼ 'ਚੋਂ
ਸੂਰਜ ਨਜ਼ਰ ਆਵੇ,
ਕਿਸੇ ਨੂੰ ਪੁੰਨਿਆ ਦਾ ਚੰਨ ਵੀ ਅਸਲੀ
ਨਹੀਂ ਲੱਗਦਾ ।

ਜਦੋਂ ਤਕ ਹੋਸ਼ ਆਉਂਦੀ ਕੁਝ ਨਹੀਂ
ਬਚਦਾ ਸੰਭਾਲਣ ਨੂੰ,
ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ ਛੇਤੀ
ਨਹੀਂ ਲੱਗਦਾ।

ਘੜੀ ਵਿਚ ਨੁਕਸ ਹੈ ਜਾਂ ਵਕਤ ਹੀ
ਬੇਵਕਤ ਹੋ ਚੱਲਿਆ,
ਸਵੇਰਾ ਹੋ ਗਿਆ ਪਰ ਦਿਨ ਤਾਂ
ਚੜ੍ਹਿਆ ਹੀ ਨਹੀਂ ਲੱਗਦਾ।

ਛਿੜੇ ਜਦ ਕੰਬਣੀ ਖ਼ਾਬਾਂ 'ਚ ਉਸ ਵੇਲੇ
ਸਮਝ ਆਉਂਦੀ,
ਕਿ ਪਾਲ਼ਾ ਸਿਰਫ਼ ਖੁਲ੍ਹੀਆਂ ਬਾਰੀਆਂ
ਵਿੱਚ ਦੀ ਨਹੀਂ ਲੱਗਦਾ।

## ਸੁਣੀਆਂ ਖ਼ੁਦੀ ਤੋਂ ਬੇਖ਼ੁਦੀ ਤੀਕਰ ਕਹਾਣੀਆਂ

ਸੁਣੀਆਂ ਖ਼ੁਦੀ ਤੋਂ ਬੇਖ਼ੁਦੀ ਤੀਕਰ
ਕਹਾਣੀਆਂ।
ਫਿਰ ਵੀ ਮੈਂ ਜ਼ਿੰਦਗੀ ਦੀਆਂ ਰਮਜ਼ਾਂ
ਨਾ ਜਾਣੀਆਂ।

ਦਿਸੀਆਂ ਸੀ ਖ਼ੁਦ ਨੂੰ ਤੇਰਿਆਂ ਨੈਣਾਂ
'ਚੋਂ ਦੇਖ ਕੇ,
ਮੇਰੇ ਜ਼ਿਹਨ 'ਚ ਉਲਝੀਆਂ ਜਿੰਨੀਆਂ
ਵੀ ਤਾਣੀਆਂ।

ਮੁੜ ਮੁੜ ਕੇ ਮੈਨੂੰ ਕਰ ਰਿਹੈਂ ਝੀਲਾਂ ਦੇ
ਰੂ-ਬ-ਰੂ,

ਹਾਲੇ ਵੀ ਨਾ ਤੂੰ ਮੇਰੀਆਂ ਤੇਹਾਂ
ਪਛਾਣੀਆਂ।

ਮਿਲਿਆ ਕਿਸੇ ਵੀ ਯੁੱਗ 'ਚ ਨਾ ਇਕ
ਪਲ ਸਕੂਨ ਦਾ,
ਖੰਡਰ ਲਏ ਫਰੋਲ ਮੈਂ ਥੇਹਾਂ ਵੀ
ਛਾਣੀਆਂ।

ਗ਼ਰਦਿਸ਼ 'ਚ ਕਾਇਨਾਤ ਹੈ, ਤਾਰੇ ਨੇ
ਬੇਆਰਾਮ,
ਹੁੰਦੀਆਂ ਮਹਾਨ ਹਸਤੀਆਂ ਆਖ਼ਰ
ਨਿਮਾਣੀਆਂ।

ਪੰਛੀ ਵੀ ਸਿਰ ਤੋਂ ਲੰਘ ਕੇ ਪਹੁੰਚੇ
ਦੁਮੇਲ ਤਕ,
ਤੂੰ ਕਿਉਂ ਖਲੋ ਕੇ ਦੇਖਦੈਂ ਪੈੜਾਂ
ਪੁਰਾਣੀਆਂ।

## ਪਿੰਡ ਦੀਆਂ ਮੰਜ਼ਿਲਾਂ ਉਦਾਸ ਕਰ ਜਾਂਦੀਆਂ

ਪਿੰਡ ਦੀਆਂ ਮੰਜ਼ਿਲਾਂ ਉਦਾਸ ਕਰ
ਜਾਂਦੀਆਂ
ਲੰਘਾਂ ਸਰਹੰਦ 'ਚੋਂ ਤਾਂ ਅੱਖਾਂ ਭਰ
ਜਾਂਦੀਆਂ

ਜਿਨ੍ਹਾਂ ਵਿਚ ਜ਼ਿੰਦਗੀ ਦੇ ਗੀਤ ਬੇਸ਼ੁਮਾਰ
ਸੀ
ਸਰਸਾ 'ਚੋਂ ਕਾਸ਼ ਉਹ ਕਿਤਾਬਾਂ ਤਰ
ਜਾਂਦੀਆਂ

ਜੇ ਨਾ ਲਲਕਾਰ ਉਹ ਆਨੰਦਪੁਰੋਂ
ਉੱਠਦੀ
ਪਾਣੀਆਂ 'ਚ ਉੱਠੀਆਂ ਤਰੰਗਾਂ ਮਰ
ਜਾਂਦੀਆਂ

ਸੱਜਦਾ ਹਵਾਵਾਂ ਵੀ ਕਰਨ ਚਮਕੌਰ ਨੂੰ
ਕੱਚੀ ਗੜ੍ਹੀ ਅੱਗੇ ਤਾਜ਼ੇ ਫੁੱਲ ਧਰ
ਜਾਂਦੀਆਂ

ਮਿੱਤਰ ਪਿਆਰੇ ਨੂੰ ਜੇ ਹਾਲ ਨਾ ਉਹ
ਦੱਸਦਾ
ਜੂਹਾਂ ਮਾਛੀਵਾੜੇ ਦੀਆਂ ਹੋਰ ਠਰ
ਜਾਂਦੀਆਂ

ਸੀਨੇ 'ਚ ਲੁਕਾਈ ਦੇ ਉਹ ਦੁੱਖ ਨਾ ਜੇ
ਪਾਲ਼ਦਾ
ਪਾਲ਼ਾਂ ਮਜ਼ਲੂਮਾਂ ਦੀਆਂ ਕਿਹੜੇ ਦਰ
ਜਾਂਦੀਆਂ

**ਸਰੀ, ਕੈਨੇਡਾ**
**+17789532774**



# ਗ਼ਜ਼ਲ

## ਕ੍ਰਿਸ਼ਨ ਭਨੋਟ



### 1

ਜ਼ਮੀਰ ਅਪਣੀ ਹਮੇਸ਼ਾ ਜਾਂਚਦੀ,
ਪੜਤਾਲਦੀ ਮੈਨੂੰ,
ਮਿਰੀ ਸੰਵੇਦਨਾ ਦੀਵੇ ਦੇ ਵਾਂਗੂੰ,
ਬਾਲ਼ਦੀ ਮੈਨੂੰ।

ਮੇਰੀ ਮਹਿਬੂਬ ਹੈ, ਮਾਂ ਵੀ ਹੈ, ਧੀ ਵੀ
ਹੈ ਤੇ ਰਹਿਬਰ ਵੀ,
ਪਵਾਂ ਕਮਜ਼ੋਰ ਜਦ ਮੈਂ, ਸ਼ਾਇਰੀ
ਸੰਭਾਲ਼ਦੀ ਮੈਨੂੰ ।

ਮਿਰੇ ਪੈਰਾਂ ਨੂੰ ਕੋਈ ਵੀ ਨਾ ਮੰਜ਼ਿਲ
ਬੇੜੀਆਂ ਪਾਉਂਦੀ ,
ਜੁ ਰਹਿ ਗਈਆਂ ਪਿਛਾਂਹ,
ਹਰ ਇੱਕ ਮੰਜ਼ਿਲ ਭਾਲ਼ਦੀ ਮੈਨੂੰ।

ਇਹ ਦੁਨੀਆਂ ਖ਼ੂਬਸੂਰਤ, ਮੈਂ ਅਜੇ
ਨਿਰਵਾਣ ਚਾਹੁੰਦਾ ਨਾ,
ਅਜੇ ਤਾਂ ਲੋੜ ਮੋਹ ਮਾਇਆ ਦੇ ਇਸ
ਜੰਜ਼ਾਲ਼ ਦੀ ਮੈਨੂੰ।

ਮੈਂ ਇਸਦੇ ਚੱਕ ’ਤੇ ਚਾੜ੍ਹੀ ਉਹ ਮਿੱਟੀ
ਹਾਂ, ਜਿਵੇਂ ਚਾਹੇ,
ਇਹ ਘੁਮਿਆਰਨ ਗ਼ਜ਼ਲ ਓਵੇਂ ਹੀ
ਰਹਿੰਦੀ ਢਾਲ਼ਦੀ ਮੈਨੂੰ।

ਜੇ ਮੇਰੀ ਸਿਰਜਣਾ ਦਾ ਸਿਖਰ ਤੇ
ਸੂਰਜ ਰਹੇ ਚੜ੍ਹਿਆ,
ਨਹੀਂ ਚਿੰਤਾ ਜ਼ਰਾ ਵੀ ਉਮਰ ਦੀ
ਤਿਰਕਾਲ਼ ਦੀ ਮੈਨੂੰ।

ਜੇ ਆਉਂਦੀ ਆਉਣ ਦੇਹ ਮੁਸ਼ਕਲ,
ਸਵਾਗਤ ਕਰ ਸਗੋਂ ਇਸਦਾ,
ਮੈਂ ਤੇਰਾ ਸਿਦਕ ਹਾਂ ਓ ਕ੍ਰਿਸ਼ਨ,
ਮੁਸ਼ਕਲ ਪਾਲ਼ਦੀ ਮੈਨੂੰ

### 2

ਉੱਚੀ ਤੋਂ ਉੱਚੀ ਭਰੀ, ਭਾਵੇਂ ਰੋਜ਼
ਉਡਾਣ,
ਫਿਰ ਵੀ ਨਾ ਮੈਂ ਗਿਆਨ ਦਾ,
ਛੂਹ ਸਕਿਆ ਅਸਮਾਨ।

ਹਰ ਪਲ ਹੀ ਛਿੜਿਆ ਰਹੇ,
ਮਨ ਦੇ ਵਿਚ ਘਮਸਾਨ,
ਇਕ ਪਲ ਜਿੱਤੇ ਅਕਲ ਜੇ,
ਦੂਜੇ ਪਲ ਅਭਿਮਾਨ।

ਕਿੰਨੀਆਂ ਸਦੀਆਂ ਬੀਤੀਆਂ, ਨਾ
ਇਸਦਾ ਅਨੁਮਾਨ,
ਹੁਣ ਤੀਕਰ ਬਣਿਆ ਨਹੀਂ, ਇਹ
ਬੰਦਾ, ਇਨਸਾਨ।

ਤੂੰ ਸੋਨੇ ਦੀ ਜਿਲਦ ਵੀ,
ਪੁਸਤਕ ਉੱਤੇ ਚਾੜ੍ਹ,
ਜੇ ਉਹ ਪੜ੍ਹਨਯੋਗ ਨਾ,
ਹੋਣੀ ਨਾ ਪਰਵਾਨ।

'ਚਿੰਤਾ ਚਿਤਾ ਸਮਾਨ ਹੈ',
ਝੂਠ ਨਹੀਂ ਬੇਸ਼ੱਕ,
ਚਿੰਤਾ ਜਦ ਚਿੰਤਨ ਬਣੇ,
ਬਣ ਜਾਂਦੀ ਵਰਦਾਨ।

ਜਗਿਆਸਾ ਮਿਟਦੀ ਨਹੀਂ,
ਅਉਧ ਚਲੀ ਹੈ ਬੀਤ,
ਬੱਚੇ ਵਾਂਗ ਅਬੋਧ ਮਨ,
ਰਹਿੰਦਾ ਹੈ ਨਾਦਾਨ।

ਤੈਨੂੰ ਪੜ੍ਹਨੇ ਪਾ ਰਿਹਾ,
ਹੁਣ ਵੀ ਕ੍ਰਿਸ਼ਨ ਸਕੂਲ,
ਐਪਰ ਤੇਰੇ ਨਾਲ਼ ਦੇ,
ਬਣ ਬੈਠੇ ਵਿਦਵਾਨ।

## 3

ਬੁਲੰਦੀ ਤੇ ਨਹੀਂ ਪਰਵਾਜ਼ ਭਰਨਾ ਚਾਹ
ਰਿਹਾ,
ਉਹ ਅੰਬਰ ਖਿੱਚ ਕੇ, ਕਮਰੇ 'ਚ
ਕਰਨਾ ਚਾਹ ਰਿਹਾ।

ਜੁ ਚਾਹੁੰਦੈ ਜਿੱਤਣਾ ਮੰਡੀ ਦੀ ਅੰਨ੍ਹੀ
ਦੌੜ 'ਚੋਂ,
ਬੜਾ ਨਾਦਾਨ ਹੈ, ਦਲਦਲ 'ਚ ਤਰਨਾ
ਚਾਹ ਰਿਹਾ ।

ਉਹ ਬੇਸ਼ੱਕ ਵਾਰਨਾ ਚਾਹੁੰਦਾ ਹੈ,
ਅਪਣਾ ਸੀਸ ਪਰ,
ਜ਼ਰੂਰਤ ਜਿਉਣ ਦੀ ਜਿੱਥੇ, ਉਹ ਮਰਨਾ
ਚਾਹ ਰਿਹਾ।

ਲਿਆਇਆ ਹੈ ਘਰੋ ਸੀਅ ਕੇ,
ਉਹ ਮੇਰੇ ਵਾਸਤੇ,
ਉਹ ਮੈਨੂੰ ਕੋਟ ਦੇ ਮੇਚੇ ਦਾ ਕਰਨਾ
ਚਾਹ ਰਿਹਾ।

ਕ਼ਲਮ ਦੀ ਨੋਕ ਤੇ ਮੇਰੇ ਅਜੇ ਆਉਂਦਾ
ਨਹੀਂ,
ਖ਼ਿਆਲ ਉਸਦਾ ਅਜੇ ਬਣਨਾ,
ਸੰਵਰਨਾ ਚਾਹ ਰਿਹਾ ।

ਉਹ ਨੀਤੀਵਾਨ ਸਿਰ ਤੇ ਦੋਸ਼ ਨਾ
ਲੈਂਦਾ ਕਦੇ ,
ਕਿਸੇ ਦੇ ਸਿਰ ਉਹ ਸਾਰਾ ਦੋਸ਼ ਧਰਨਾ
ਚਾਹ ਰਿਹਾ ।

ਉਲੀਕੇ ਨਕਸ਼ ਉਸਦੇ ਕ੍ਰਿਸ਼ਨ ਮੈਂ
ਧੁੰਦਲੇ ਜਹੇ,
ਮਿਰੇ ਸ਼ਿਅਰਾਂ ਚੋਂ ਇਕ ਚਿਹਰਾ
ਉਭਰਨਾ ਚਾਹ ਰਿਹਾ ।

**ਸਰੀ, ਕੈਨੇਡਾ**
**+604-314-7279**
**krishanbhanot04@gmail.com**

# ਗ਼ਜ਼ਲ

## ਪ੍ਰੀਤ ਮਨਪ੍ਰੀਤ



### 1

ਜਜ਼ਬਿਆਂ ਦਾ ਵੇਗ ਅਕਸਰ ਮਨ ਦੇ
ਕੰਢੇ ਤੋੜਦਾ ਹੈ
ਬੇ-ਮੁਹਾਰੇ ਪਾਣੀਆਂ ਦੇ ਵਹਿਣ ਕਿਹੜਾ
ਮੋੜਦਾ ਹੈ।

ਦਿਨ ਚੜ੍ਹੇ ਜੋ ਰਿਜ਼ਕ ਦੇ ਰਾਹਾਂ 'ਚ
ਅਕਸਰ ਤਿੜਕ ਜਾਵੇ
ਰਾਤ ਨੂੰ ਉਹ ਫੇਰ ਟੁਕੜੇ ਸੁਫਨਿਆਂ ਦੇ
ਜੋੜਦਾ ਹੈ

ਖ਼ੂਬ ਹੈ ਇਹ ਭੀੜ ਜਿਸਮਾਂ ਦੀ ਮੇਰੇ
ਆਲ਼ੇ-ਦੁਆਲ਼ੇ
ਪਰ ਮੇਰਾ ਮਸਲਾ ਇਨ੍ਹਾਂ ਵਿਚ ਸਿਰਫ਼
ਮੋਹ ਦੀ ਥੋੜ੍ਹ ਦਾ ਹੈ।

ਮਿਰਗ ਛਲ ਅਕਸਰ ਹੀ ਦਿਸ ਪੈਂਦਾ
ਹੈ ਥਲ ਦੇ ਰਸਤਿਆਂ ਵਿਚ
ਰਿਸ਼ਤਿਆਂ ਵਿਚ ਪਰ ਕਦੋਂ ਕੋਈ
ਛਲਾਵੇ ਲੋੜਦਾ ਹੈ

ਬੇਰੁਖ਼ੀ ਦੀ ਰੁੱਤ ਜਦ ਧੁਰ ਤੀਕ ਉਸ
ਨੂੰ ਠਾਰ ਜਾਵੇ
ਨਿੱਘੀਆਂ ਯਾਦਾਂ ਦਾ ਉਹ ਅਹਿਸਾਸ
ਮਨ 'ਤੇ ਓੜਦਾ ਹੈ

ਸਾਂਭ ਲੈਂਦੈ ਅਣਲਿਖੇ ਵਰਕੇ ਉਹ
ਦਿਲ ਦੇ ਖਾਨਿਆਂ ਵਿਚ
ਤੇ ਲਿਖੇ ਹੋਇਆਂ ਨੂੰ ਵਗਦੇ ਹੰਝੂਆਂ
ਵਿਚ ਰੋੜ੍ਹਦਾ ਹੈ।

### 2

ਸੁਣਿਆ ਹੈ ਉਹ ਰੋ ਪੈਂਦਾ ਹੈ, ਲੈ ਕੇ
ਮੇਰਾ ਨਾਮ ਕਦੇ
ਮੇਰੀ ਝੋਲ਼ੀ ਜਿਸ ਨੇ ਪਾਏ ਸੀ ਸੈਆਂ
ਇਲਜ਼ਾਮ ਕਦੇ ।

ਸੋਚਾਂ, ਫ਼ਿਕਰ, ਉਦਾਸੀ, ਪੀੜਾਂ,
ਤਨਹਾਈ ਤੇ ਯਾਦ ਕੋਈ
ਕਿੰਨੇ ਹੀ ਰੰਗ ਲੈ ਆਉਂਦੀ ਹੈ ਮੇਰੇ
ਘਰ ਵੀ ਸ਼ਾਮ ਕਦੇ।

ਜੇਬ 'ਚ ਸਾਂਭੀ ਫਿਰਦੈਂ ਕਿੰਨੀਆਂ
ਝੀਲਾਂ ਦੇ ਸਿਰਨਾਵੇਂ ਤੂੰ
ਤੇਰੀ ਤਪਦੀ ਰੂਹ ਨੂੰ ਫਿਰ ਵੀ
ਮਿਲ਼ਿਆ ਨਾ ਆਰਾਮ ਕਦੇ।

ਅੰਬਰ ਦੇ ਖ਼ਾਲੀ ਸਫ਼ਿਆਂ ਨੂੰ ਮੁੜ-ਮੁੜ
ਕੇ ਮੈਂ ਵੇਖ ਰਿਹਾਂ
ਲਿਖ ਹੀ ਦੇਣ ਹਵਾਵਾਂ ਸ਼ਾਇਦ,
ਤੇਰਾ-ਮੇਰਾ ਨਾਮ ਕਦੇ ।

ਸ਼ਾਇਦ ਕਿਧਰੇ ਜੰਗਲ ਦੇ ਸੰਨਾਟੇ ਵਿੱਚ
ਗੁਆਚ ਗਿਆ
ਬਲਦੇ ਰੁੱਖ ਨੇ ਪੌਣਾਂ ਹੱਥ ਜੋ ਦਿੱਤਾ
ਸੀ ਪੈਗ਼ਾਮ ਕਦੇ ।

ਉਸ ਦੀ ਜ਼ਿਦ ਹੈ ਲਿਸ਼ਕਦਿਆਂ ਰਾਹਾਂ
'ਤੇ ਮੈਨੂੰ ਤੋਰਨ ਦੀ
ਪਰ ਮੈਂ ਬਹੁਤੀ ਲੋਅ ਵਿਚ ਹੋ ਜਾਂਦਾ
ਹਾਂ ਬੇਆਰਾਮ ਕਦੇ।

ਬੁਝਦਾ ਦੀਵਾ, ਟੁਟਦਾ ਤਾਰਾ, ਜ਼ਖ਼ਮੀ
ਜੁਗਨੂੰ ਸਭ ਆਖਣ
ਸੂਰਜ ਨੂੰ ਹੈ ਮਿਹਣਾ ਚਾਨਣ ਹੋਵੇ ਜੇ
ਬਦਨਾਮ ਕਦੇ।

## 3

ਕੌਣ ਜੋ ਆਵਾਜ਼ ਦੇਵੇ ਦੂਰ ਤੋਂ
ਕੌਣ ਜੋ ਸਾਹਾਂ 'ਚੋਂ ਮਹਿਕਾਂ ਕੇਰਦਾ
ਰਮ ਗਿਆ ਜੋ ਧੜਕਣਾਂ ਵਿਚ ਕੌਣ ਹੈ
ਕੌਣ ਮੈਨੂੰ ਹਰ ਦਿਸ਼ਾ ਤੋਂ ਘੇਰਦਾ

ਝੀਲ ਦੇ ਪਾਣੀ ਤੇ ਚੰਨ ਦੀ ਚਾਨਣੀ
ਬਿਨ ਤੇਰੇ ਕੀ ਦੇਖਣੀ, ਕੀ ਮਾਨਣੀ
ਪੁੰਨਿਆ ਦੀ ਰਾਤ ਦਾ ਵੀ ਅਰਥ ਕੀ
ਜੇ ਰਿਹਾ ਰਿਸ਼ਮਾਂ 'ਤੇ ਸਾਇਆ ਨੇਰ੍ਹ
ਦਾ
ਰਾਤ ਭਰ ਖ਼ਾਮੋਸ਼ੀਆਂ ਦਾ ਸ਼ੋਰ ਸੀ
ਡਰ ਗਿਆ ਸਾਹਾਂ ਦੀ ਸੁਣ ਆਵਾਜ਼
ਮੈਂ
ਤੇਰੇ ਤਕ ਆਉਣਾ ਅਜੇ ਸੰਭਵ ਨਹੀਂ
ਦੂਰ ਹਾਂ ਖ਼ੁਦ ਤੋਂ ਵੀ ਹਾਲ਼ੇ ਦੇਰ ਦਾ
ਧੁਖ਼ ਰਹੇ ਰੁੱਖਾਂ ਦੇ ਹੇਠਾਂ ਕਿਸ ਤਰ੍ਹਾਂ
ਖ਼ਾਬ ਖ਼ੁਸ਼ਬੂਆਂ ਦੇ ਲੈਂਦੇ ਹੋ ਤੁਸੀਂ
ਬਾਗ਼ਬਾਨੋਂ ਇਹ ਵੀ ਤਾਂ ਚੰਗਾ ਨਹੀਂ
ਸੁਲ਼ਗਣਾ ਫੁੱਲਾਂ ਭਰੀ ਚੰਗੇਰ ਦਾ

ਜ਼ਿੰਦਗੀ ਦੇ ਰਾਹ 'ਤੇ ਸਿੱਧੇ ਤੁਰਦਿਆਂ
ਲਾਜ਼ਮੀ ਆਉਣੇ ਨੇ ਕੂਹਣੀ ਮੋੜ ਵੀ
ਉਮਰ ਭਰ ਤੂੰ ਪਾ ਨਹੀਂ ਸਕਦਾ ਕਦੇ
ਭੇਦ ਕੋਈ ਏਸ ਦੇ ਵਲ਼-ਫੇਰ ਦਾ
ਸ਼ਬਦ ਮੇਰੇ ਇਉਂ ਹੀ ਜੇ ਗੂੰਗੇ ਰਹੇ
ਤੇਰੇ ਜ਼ਖ਼ਮਾਂ ਦਾ ਹੁੰਗਾਰਾ ਨਾ ਬਣੇ
ਸਿਰਫ਼ ਦੁੱਖ ਆਪਣੇ ਦੀ ਲਿਖ ਕੇ
ਵਾਰਤਾ
ਕੀ ਕਰਾਂਗਾ ਕਾਗਜ਼ਾਂ ਦੇ ਢੇਰ ਦਾ
ਸਿੱਲੀਆਂ ਪਲਕਾਂ ਦਾ ਨਾ ਹੁਣ ਜ਼ਿਕਰ
ਕਰ
ਜਾਣ ਦੇ, ਐਵੇਂ ਨਾ ਮੇਰਾ ਫ਼ਿਕਰ ਕਰ
ਜੋ ਮੇਰੀ ਮਰਜ਼ੀ ਬਿਨਾ ਸੀ ਡਲ੍ਹਕਿਆ
ਅੱਥਰੂ ਸੀ ਉਹ ਤਾਂ ਜਾਂਦੀ ਵੇਰ ਦਾ

**ਸਰੀ, ਕੈਨੇਡਾ**
**+1(604) 715-5035**

# ਨਜ਼ਮ

## ਪਰਮਵੀਰ ਸਿੰਘ



### ਮਾਂ ਤੇ ਰਿਜ਼ਕ

ਮਾਂ ਕੰਨਾਂ ਨਾਲ ਨਹੀਂ
ਭੁੱਖ ਨਾਲ ਸੁਣਦੀ ਹੈ

ਜਿੱਥੇ ਵੀ ਹੋਵਾਂ
ਮੇਰੀ ਪਹਿਲੀ ਗਰ੍ਹਾਈ ਦਾ ਸੰਤੋਖ
ਉਸ ਦੀਆਂ ਆਂਦਰਾਂ ਤੱਕ
ਅੱਪੜ ਜਾਂਦਾ ਹੈ

ਉਸਨੂੰ ਭੁੱਖ ਦੀ ਭਾਸ਼ਾ ਆਉਂਦੀ ਹੈ
ਉਹ ਅਚੇਤ ਹੀ ਜਾਣਦੀ ਹੈ
ਬਰਸੀਨ ਕੱਟਕੇ ਮੁੜੇ ਸੀਰੀ
ਗੱਡੇ ਅੱਗੇ ਜੁਪੇ ਢੱਗੇ
ਛਟੀਆਂ 'ਚ ਸੂਈ ਬਿੱਲੀ
ਕੀ ਚਾਹੁੰਦੀ ਹੈ

ਉਸਨੂੰ ਪਤਾ ਹੈ
ਚਿੜੀ ਦੀ ਭੁੱਖ ਭਾਵੇਂ ਕਿਣਕਾ ਹੈ
ਪਰ ਸੁਵੱਖਤੇ ਦੀ ਹੈ
ਉਹ ਕੋਰੀ ਅਨਪੜ੍ਹ ਹੈ
ਪਰ ਬਿਰਛ ਬੂਟੇ ਪੰਛੀ
ਉਸ ਨਾਲ ਦਿਲ
ਹੌਲ਼ਾ ਕਰਦੇ ਨੇ

ਖ਼ਾਲ ਲਾਗੇ ਉੱਗਿਆ ਪੁਦੀਨਾ
ਉਸਦੀ ਛੋਹ ਕਰਕੇ ਹੀ
ਮੁੜ-ਮੁੜ ਗਾਟੇ ਚੱਕਦਾ ਹੈ
ਉਹ ਬੜੀ ਆਮ
ਮਾਵਾਂ ਵਰਗੀ ਮਾਂ ਹੈ

ਪੰਛੀਆਂ ਪਰਦੇਸੀਆਂ ਲਈ
ਵਾਧੂ ਫ਼ੁਲਕਾ
ਉਸਤੋਂ ਅਜੇ ਵੀ ਪੱਕ ਜਾਂਦਾ ਹੈ
ਭਾਵੇਂ ਉਹ ਅੱਜ-ਕੱਲ੍ਹ
ਮਹਾਂਨਗਰ 'ਚ ਵੱਸਦੀ ਹੈ
ਮੇਰੇ ਕੋਲ਼

### ਜ਼ੀਰੋ

ਬੋਰਡ ਤੇ ਜ਼ੀਰੋ ਵਾਹੁੰਦਿਆਂ
ਕਿੰਨ੍ਹਾ ਕੁਝ ਹੀ
ਗੋਲ ਮਟੋਲ ਘੁੰਮਣ ਲੱਗਾ

ਮਾਂ ਦੇ ਤਵੇ ਤੇ ਪੱਕਦੀ ਰੋਟੀ
ਸਾਗਰ ਦੇ ਖੁੱਲ੍ਹੇ ਵਿਹੜੇ
ਕਿੱਕਲੀ ਪਾਉਂਦੀਆਂ
ਸਮਕੇਂਦਰੀ ਲਹਿਰਾਂ ਦਾ ਤ੍ਰਿੰਵਣ

ਭਿਖਾਰੀ ਦੀ ਤਲੀ ਤੇ ਟਿਕਦਾ ਪੈਸਾ
ਸਭ ਕੁਝ ਗੋਲ-ਗੋਲ ਸਿਫ਼ਰ ਜਿਹਾ
ਪਰ ਸਿਫ਼ਰ ਨਹੀਂ
ਸਿਫ਼ਰ ਹੋਣਾ ਬੜਾ ਔਖਾ ਹੈ

ਸਿਫ਼ਰ ਹੋਣਾ

ਤਾਰ ਤੇ ਲਟਕਦੀ
ਪਾਰਦਰਸ਼ੀ ਬੂੰਦ 'ਚੋਂ ਅਕਸ ਪਛਾਨਣਾ

ਸਾਗਰੀਂ ਵੱਜਦੇ ਚੱਪੂ ਦੀ ਵਾਜ ਨਾਲ
ਇਕਸੁਰ ਹੋਣਾ ਹੈ

ਰੰਗ ਦਰਸਨ ਪਰਸਨ ਲਈ
ਨਜ਼ਰ ਨੂੰ ਕਿਸੇ ਹਵਾਲੇ ਕਰਨਾ ਹੈ

ਪਾਰਦਰਸ਼ਤਾ 'ਚੋਂ
ਅਦਿੱਖ ਰੂਪ ਘੜਨਾ ਹੈ
ਤੇ ਅਦਿੱਖ ਦੇ ਘਨੇੜੇ ਚੜ੍ਹ
ਮੂਲ ਪਛਾਨਣ ਦੀ ਲੜਾਈ ਲੜਨਾ ਹੈ

ਸਿਫ਼ਰ ਹੋਣ ਲਈ
ਘੜਨੀ ਪੈਂਦੀ ਹੈ
ਹਰ ਕਿਸਮ ਦੀ ਬੇਤਰਤੀਬੀ
ਹਰ ਕਿਸਮ ਦੀ ਅੱਖੜ ਨੁੱਕਰ

ਧਰਤੀ ਕਦੋਂ ਤੋਂ
ਸੂਰਜ ਦੁਆਲੇ ਗੇੜੇ ਲਾ ਰਹੀ ਹੈ
ਸਿਫ਼ਰ ਹੋਣ ਲਈ

ਸਿਫ਼ਰ ਵਰਗਾ ਅਕਾਰ ਬਣਾ ਲੈਣਾ
ਸਿਫ਼ਰ ਹੋਣਾ ਨਹੀਂ
ਸਿਫ਼ਰ ਹੋਣਾ ਆਪਾ ਤਿਆਗ ਇੰਵ
ਰਲਣਾ ਹੈ
ਜੀਕਣ ਦੇਹ ਪਰਛਾਵਾਂ ਹੁੰਦੇ
ਜਿਉਂ ਕਿਰਨਾਂ ਵਿੱਚ ਕਿਰਨ
ਸਮਾਉਂਦੀ
ਜਿਉਂ ਲਹਿਰਾਂ ਵਿੱਚ ਲਹਿਰਾਂ ਖੇਡਣ

ਸਿਫ਼ਰ ਹੋਣਾ
ਅਗਨੀ ਪ੍ਰਚੰਡ ਕਰਨਾ ਵੀ ਹੈ

ਜੋ ਮੇਟ ਦਵੇ
ਸੰਖਿਆ ਦੀ ਨਿੱਜਤਾ
ਤੇ ਅਭੇਦ ਕਰ ਲਵੇ
ਆਪਣੇ ਵਿੱਚ ਹੀ ਕਿਧਰੇ
ਜਿਉਂ ਬ੍ਰਹਿਮੰਡ ਵਿੱਚ ਟੁੱਟਦੇ ਤਾਰੇ
ਬ੍ਰਹਿਮੰਡ ਦਾ ਅੰਗ ਹੀ ਰਹਿੰਦੇ

ਇਹ ਸਿਫ਼ਰ ਹੀ ਦੱਸਦੀ ਹੈ
ਕਿ ਹਲੀਮੀ ਦੀ ਖਾਦ ਦਾ ਰਸ
ਫੁੱਲ ਬਣ ਖਿੜਦਾ ਹੈ ਅਨੰਤਤਾ ਤੇ

ਕਲਾਸ ਵਿੱਚ ਬੱਚਿਆਂ ਨੂੰ
ਪਰਿਮੇਯ ਸੰਖਿਆਵਾਂ ਪੜ੍ਹਾਉਂਦਿਆਂ
ਦੱਸ ਰਿਹਾ ਹਾਂ
ਸੰਖਿਆ ਦਾ ਹਰ
ਜਿਉਂ-ਜਿਉਂ ਵੱਧਦਾ ਹੈ
ਸੰਖਿਆ ਘਟਦੀ ਹੈ


ਜਦੋਂ ਹਰ ਘਟਦਾ-ਘਟਦਾ
ਜ਼ੀਰੋ ਹੋ ਜਾਂਦਾ ਹੈ
ਸੰਖਿਆ ਅਨੰਤ ਹੋ ਜਾਂਦੀ ਹੈ
ਕਿਉਂ ਜੋ ਹਰ ਦੀ ਹਲੀਮੀ ਦਾ
ਪਰਛਾਵਾਂ
ਅਨੰਤਤਾ ਤੇ ਪੈਂਦਾ ਹੈ

ਜਦ ਮੈਨੂੰ ਜ਼ੀਰੋ ਦਾ
ਅਸਲ ਅਕਸ ਸਮਝ ਅਉਂਦਾ ਹੈ
ਮੈਂ ਅਚੇਤ ਹੀ
ਆਪਣੇ ਦੁਆਲੇ
ਗੋਲ਼ ਚੱਕਰ ਖਿੱਚਦਾ ਹਾਂ......

**ਸਰੀ, ਕੈਨੇਡਾ**
**+17782372809**
**paramveer1313@gmail.com**

# ਨਜ਼ਮ

ਇੰਦਰਜੀਤ ਸਿੱਧੂ



## ਅੱਜ ਦੀ ਨਾਈਟਿੰਗੇਲ

ਇਹ ਕੋਈ ਜ਼ਰੂਰੀ ਨਹੀਂ
ਕਿ ਹਰ ਨਾਈਟਿੰਗੇਲ
ਦੇ ਹੱਥ ਵਿਚ ਦੀਵਾ ਹੀ ਹੋਵੇ-
ਉਹ ਪੀਲੇ ਨੀਲੇ
'ਕਵਰ ਆਲ' ਹੇਠਾਂ
ਨੀਲੇ ਗੁਲਾਬੀ, ਦਸਤਾਨੇ ਪਹਿਨੀ
ਫੁੱਲਾਂ ਦੀ ਛੋਹ ਲੈ
ਸੁਬੁਕ ਪੈਰੀਂ ਤੁਰਦੀਆਂ
ਧਿਆਨ ਰੱਖ ਰਹੀਆਂ ਹਨ
ਹਰ ਪੀੜ ਦਾ-
ਹਰ ਤਿੜਕੇ ਸ਼ੀਸ਼ੇ ਦਾ
ਮਹਾਂਮਾਰੀ ਨਾਲ ਜੂਝਦੀਆਂ
ਅੱਜ ਦੀਆਂ ਨਾਇਟਿੰਗੇਲਾਂ
ਮਰਦ ਦੀ-
ਔਰਤਾਂ ਵੀ
ਇਹ ਕੋਈ ਜ਼ਰੂਰੀ ਤੇ ਨਹੀਂ
ਹਰ ਨਾਇਟਿੰਗੇਲ
'Lady With a Lamp'
ਹੀ ਹੋਵੇ

## ਕੁੜੀਏ-ਚਿੜੀਏ

ਸਮੇਂ ਦੀ ਰੇਤ
ਬੋਚ ਬੋਚ ਪੱਬ
ਧਰਦੀਏ ਚਿੜੀਏ
ਇਹ ਪਰਵਾਜ਼ ਨਹੀਂ
ਪਰਵਾਜ਼ ਲਈ ਤਾਂ
ਸਿਰਜਣਾ ਪੈਂਦਾ ਹੈ
ਆਪਣਾ ਆਕਾਸ਼
ਭਰਨਾ ਪੈਂਦਾ ਹੈ
ਖੰਭਾਂ ਵਿਚ ਤਾਣ
ਮੀਂਹ ਹੋਵੇ
ਹਨੇਰੀ ਹੋਵੇ
ਤੂਫ਼ਾਨ ਹੋਵੇ
ਉਕਾਬ
ਉਡਦਾ ਹੈ
ਧੁਰ ਅਸਮਾਨੇ
ਜ਼ਿਮੀਂ ਵਿਚਲੇ ਸਾਰੇ
ਰਿਸ਼ਤੇ ਭੁੱਲ
ਇਹ ਲੈਗਿਸੀ
ਵੀ ਨਹੀਂ
ਲੈਗਿਸੀ ਤਾਂ
ਸੀਮਿੰਟ 'ਤੇ ਛਾਪੀ
ਪੈੜ ਛਾਪ ਹੈ
ਜੋ ਸਦੀਆਂ ਤਕ
ਮਿਟਦੀ ਨਹੀਂ
ਤੇਰੀਆਂ ਨਿੱਕੀਆਂ
ਟਪੂਸੀਆਂ

ਬਨੇਰੇ ਤੋਂ ਬਨੇਰੇ
ਟੱਪਣ ਤਕ ਸੀਮਤ
ਕੋਈ ਲੈਗਿਸੀ
ਨਹੀਂ ਛੱਡਦੀਆਂ
ਇਹ ਫੇਸਬੁਕ ਤੋਂ
ਯੂ-ਟਿਊਬ ਤਕ ਦੀ
ਉਡਾਣ ਹੈ ਬਸ
ਆਵਾਜ਼ ਦੀ ਦੁਨੀਆ ਤਕ।
ਬੋਲੇ ਅੱਖਰ ਤਾਂ
ਰਲ ਜਾਂਦੇ ਹਨ
ਹਵਾ ਵਿਚ
ਪੈੜਛਾਪ ਨਹੀਂ ਛੱਡਦੇ
ਇਹ ਪਰਵਾਜ਼ ਵੀ ਨਹੀਂ
ਲੈਗਿਸੀ ਵੀ ਨਹੀਂ
ਬਸ ਕੁੜੀਆਂ
ਚਿੜੀਆਂ ਦੀ
ਟਪੂੰ ਟਪੂੰ ਹੈ ਬਸ
ਕੋਠਿਆਂ ਤਕ
ਬਨੇਰਿਆਂ ਤਕ
ਹੋਰ ਕੁਝ ਵੀ ਨਾ
ਹੋਰ ਕੁਝ ਵੀ ਨਾ

## ਸਮਾਂ

ਸਮਾਂ ਮੁੜ
ਬਹੁਤ ਕਾਲਾ ਹੈ
ਜਲ੍ਹਿਆਂ ਵਾਲੇ ਬਾਗ਼ ਤੋਂ
ਸ਼ਾਹੀਨ ਬਾਗ਼ ਤਕ ਦਾ
ਸਫ਼ਰ
ਬੜਾ ਜੋਖ਼ਮ ਭਰਿਆ
ਪਰ
ਜਨਤਾ-ਜਨਾਰਧਨ ਹੋ ਗਈ ਹੈ
ਕੋਈ ਤਾਕਤ ਦਾ ਦੈਂਤ
ਖਲੋਤੀਆਂ-ਹਾਕਮ ਉਂਗਲਾਂ
ਪੁਲੀਸ ਦਾ-ਸ਼ਰਮਨਾਕ
ਅਸ਼ਲੀਲ ਰਵੱਈਆ
ਇਹਨਾਂ ਦਹਾੜਦੀਆਂ
ਸ਼ੇਰਨੀਆਂ ਨੂੰ ਦਬਾ ਨਹੀਂ ਸਕੇਗਾ
70 ਸਾਲ ਲੱਗੇ ਹਨ
ਪੂਰੇ
ਜਲ੍ਹਿਆਂ ਵਾਲੇ ਬਾਗ਼ ਤੋਂ
ਸ਼ਾਹੀਨ ਬਾਗ਼ ਤਕ-ਆਉਂਦੀਆਂ
ਰੋਲਟ ਐਕਟ ਤਾਂ
ਰੋਲਟ ਐਕਟ ਹੀ ਹੁੰਦਾ ਹੈ
ਕਾਲਾ ਕਾਨੂੰਨ
ਅੰਦਰੋਂ ਬਾਹਰੋਂ
ਕਾਲਾ ਹੀ ਹੁੰਦਾ ਹੈ
ਹਾਕਮ
ਅੰਗਰੇਜ਼ ਹੋਣ ਯਾ
ਕਾਲੇ ਅੰਗਰੇਜ਼
ਹਕੂਮਤਾਂ ਤਾਂ ਹਨੇਰੀਆਂ ਹੀ
ਹੁੰਦੀਆਂ ਹਨ
ਇੱਜ਼ਤ ਆਬਰੂ
ਮਨਫ਼ੀ ਕਰਦੀਆਂ
ਧਰਮ ਦੇ ਆਧਾਰ ’ਤੇ
ਹੋਂਦ ਅਣਹੋਂਦ ਦੀ
ਸ਼ਨਾਖ਼ਤ ਕਰਦੀਆਂ
ਪਰ ਸ਼ਾਹੀਨ ਬਾਗ਼ ਵੀ
ਸ਼ਾਹੀਨ ਬਾਗ਼ ਹੀ ਹੈ
ਇਤਿਹਾਸ ਆਪਣੇ ਆਪ ਨੂੰ
ਦੁਹਰਾ ਰਿਹਾ ਹੈ

**ਸਰੀ, ਕੈਨੇਡਾ**
**+17788591607**

## .ਗ਼ਜ਼ਲ

**ਰਾਜਵੰਤ ਰਾਜ**



### ਇਕ ਪਰਵਾਸੀ ਪੁੱਤ ਲਈ ਮਾਂ

ਤਾਂ ਹੀ ਜਿਉਂਦੇ ਹੋਣ ਦਾ ਅਹਿਸਾਸ
ਬਾਕੀ ਹੈ ਅਜੇ
ਕਿਉਂ ਕਿ ਮਾਂ ਨੂੰ ਮਿਲਣ ਦੀ ਇਕ
ਆਸ ਬਾਕੀ ਹੈ ਅਜੇ

ਤੇਰੀਆਂ ਅੱਖਾਂ 'ਚੋਂ ਅੰਮੀਏਂ ਡੁੱਲ੍ਹਦਾ ਹੈ
ਇੰਤਜ਼ਾਰ,
ਪਰ ਮੇਰੇ ਲੇਖਾਂ 'ਚ ਹੀ ਪਰਵਾਸ ਬਾਕੀ
ਹੈ ਅਜੇ

ਮੌਤ ਵੀ ਇਕ ਵਾਰ ਮੈਨੂੰ ਛੱਡ ਗਈ
ਇਹ ਆਖ ਕੇ,
ਮਾਂ ਤੇਰੀ ਦੀ ਇੱਕ ਬਚੀ, ਅਰਦਾਸ
ਬਾਕੀ ਹੈ ਅਜੇ

ਖੋਲ੍ਹਿਆ ਖ਼ਤ ਅੰਮੜੀ ਦਾ, ਬੱਸ ਲਿਖੀ
ਸੀ ਇਹ ਸਤਰ,
ਹੋਰ ਕਿੰਨਾ ਰਹਿ ਗਿਆ ਬਨਵਾਸ
ਬਾਕੀ ਹੈ ਅਜੇ

ਚਰਚ ਕੋਲੋਂ ਲੰਘਦਾ ਵੀ ਸਿਰ ਨਿਵਾ
ਦਿੰਦਾ ਹਾਂ ਮੈਂ,
ਪਰ ਜ਼ਿਹਨ ਵਿੱਚ ਗੂੰਜਦੀ ਰਹਿਰਾਸ
ਬਾਕੀ ਹੈ ਅਜੇ

ਰਿਸ਼ਤਿਆਂ ਵਿੱਚ ਵੰਡ ਹੋਈ ਰਾਜ ਤੇਰੀ
ਜ਼ਿੰਦਗੀ,
ਦੱਸ ਕੀ ਤੇਰੇ 'ਚ ਤੇਰਾ ਖ਼ਾਸ ਬਾਕੀ ਹੈ
ਅਜੇ

### ਅੰਤਰਝਾਤ....

ਕਵਿਤਾ ਦੀ ਇੱਕ ਸਿਰਜਣ-ਧਾਰਾ,
ਸ਼ਾਇਦ ਮੇਰੇ ਅੰਦਰ ਥੀਵੇ ।
ਸ਼ਬਦਾਂ ਦਾ ਬੇਅੰਤ ਖਲਾਰਾ,
ਸ਼ਾਇਦ ਮੇਰੇ ਅੰਦਰ ਥੀਵੇ ।

ਗਜ ਵੀ ਹੱਸੇ, ਤੰਦੀ ਹੱਸੇ,
ਖਿੜ ਖਿੜ ਇੱਕ ਸਾਰੰਗੀ ਹੱਸੇ,
ਨਾਦ ਅਨਾਦੀ ਵਾਵਣਹਾਰਾ,
ਸ਼ਾਇਦ ਮੇਰੇ ਅੰਦਰ ਥੀਵੇ ।

ਜਿੱਥੇ ਸੁੰਨ, ਆਵਾਜ਼ ਉਡੀਕੇ,
ਜਿੱਥੇ ਹੋਂਦ,ਆਗਾਜ਼ ਉਡੀਕੇ,
ਅੰਧ-ਗੁਬਾਰਾ, ਧੁੰਦੂਕਾਰਾ,
ਸ਼ਾਇਦ ਮੇਰੇ ਅੰਦਰ ਥੀਵੇ ।

ਕਣ ਹੀ ਕਣ ਨੂੰ ਜਣਦਾ ਰਹਿੰਦਾ,

ਕੀ ਕੀ ਢਹਿ ਕੇ ਬਣਦਾ ਰਹਿੰਦਾ,
ਬਿਨਸਣਹਾਰਾ, ਜਗਤ ਪਸਾਰਾ,
ਸ਼ਾਇਦ ਮੇਰੇ ਅੰਦਰ ਥੀਵੇ ।

ਸਹਿਮਤ ਹੋ ਕੇ, ਫੇਰ ਨਾ ਮੰਨਾਂ,
ਪਲ ਪਲ ਹੋਵਾਂ, ਵੰਨ-ਸੁਵੰਨਾ,
ਨਿਰਗੁਣਿਆਰਾ, ਖੇਖਣਹਾਰਾ,
ਸ਼ਾਇਦ ਮੇਰੇ ਅੰਦਰ ਥੀਵੇ ।

ਜਿਸ ਦਾ ਰੂਪ ਆਕਾਰ ਨਾ ਕੋਈ,
ਜਿਸ ਦਾ ਅੰਦਰ ਬਾਹਰ ਨਾ ਕੋਈ,
ਕਿਣਕਿਉਂ ਹੌਲ਼ਾ, ਧਰਤੀਉਂ ਭਾਰਾ,
ਸ਼ਾਇਦ ਮੇਰੇ ਅੰਦਰ ਥੀਵੇ ।

## ਵਕਤ ਦੀਆਂ ਪਰਤਾਂ ਫਰੋਲਦਿਆਂ

ਜੇ ਮੇਰਾ ਹੇਜ ਨਈਂ ਹੋਣਾ ਤਾਂ ਮੇਰਾ
ਹੇਰਵਾ ਹੋ ਜਾਹ ।
ਅਧੂਰੇ ਇਸ਼ਕ ਦੇ ਨਾਲੋਂ, ਮੁਕੰਮਲ
ਬੇ-ਵਫ਼ਾ ਹੋ ਜਾਹ ।

ਅਸੀਂ ਭਟਕਣ ਹੰਢਾ ਲੈਣੀ, ਮਗਰ
ਤੈਨੂੰ ਨਹੀਂ ਕਹਿਣਾ,
ਕਿ ਸੱਜਣ ਸਾਂਵਲੇ ਸਾਡਾ, ਬੇਪਤਿਆਂ
ਦਾ ਪਤਾ ਹੋ ਜਾਹ ।

ਮਿਲੇਗੀ ਜੋ ਸਜ਼ਾ ਕੋਈ ਅਸੀਂ ਆਪੇ
ਹੀ ਭੁਗਤਾਂਗੇ,
ਕਿ ਦੇਹ ਅਪਣੀ ਖ਼ਤਾ ਸਾਨੂੰ, ਤੇ ਚੱਲ
ਤੂੰ ਬੇ-ਖ਼ਤਾ ਹੋ ਜਾਹ ।


ਸਰਾਪੀ ਜੂਨ ਪਹਿਲਾਂ ਹੀ ਮੇਰੇ ਹਿੱਸੇ
'ਚ ਆਈ ਹੈ,
ਦੁਆ ਤੂੰ ਵੀ ਨਹੀਂ ਬਣਨਾ, ਲਿਹਾਜ਼ਾ
ਬਦ-ਦੁਆ ਹੋ ਜਾਹ ।

ਤੇਰੇ ਹੱਥੋਂ ਲਿਖੀ ਹੈ ਮੌਤ ਇਸ ਪਾਗਲ
ਪਤੰਗੇ ਦੀ,
ਹੈ ਮੇਰੀ ਇਲਤਿਜਾ ਤੈਨੂੰ, ਮੇਰੀ ਖ਼ਾਤਰ
ਸ਼ਮ੍ਹਾ ਹੋ ਜਾਹ ।

ਇਹ ਕੇਹੀ ਚੀਸ ਭਰ ਦਿੱਤੀ ਤੂੰ ਮਨ
ਦੇ ਮੌਸਮਾਂ ਅੰਦਰ,
ਕਿ ਮੈਂ ਹੁਣ ਮੋਰ ਨਾ ਬਣਨਾ, ਤੂੰ ਕਿੰਨਾ
ਵੀ ਘਟਾ ਹੋ ਜਾਹ ।

ਨਿਭਾ ਦੇਹ ਕੌਲ ਸਾਰੇ ਰਾਜ ਤੂੰ ਅਪਣੀ
ਮੁਹੱਬਤ ਦੇ,
ਤੇ ਲੋਕਾਂ ਵਾਸਤੇ ਇਕ ਆਸ਼ਕੀ ਦਾ
ਫਲਸਫਾ ਹੋ ਜਾਹ ।

**ਸਰੀ, ਕੈਨੇਡਾ**
**+17788954891**



# .ਗ਼ਜ਼ਲ

## ਬਲਦੇਵ ਸੀਹਰਾ



### .ਗ਼ਜ਼ਲ

ਜਦੋਂ ਵੀ ਸੋਚਿਆ ਕਿ ਫੁੱਲ ਤੋਂ ਖੁਸ਼ਬੂ
ਮਿਲੇ ਮੈਨੂੰ।
ਇਸੇ ਇੱਛਾ ਦੇ ਬਦਲੇ ਲਰਜ਼ਦੇ ਹੰਝੂ
ਮਿਲੇ ਮੈਨੂੰ।

ਜਿਨ੍ਹਾਂ ਕੋਲੋਂ ਸਚਾਈ ਦਾ ਕੋਈ ਕਣ
ਲੱਭ ਸਕਦਾ ਸੀ,
ਉਹੀ ਖ਼ਲਕਤ ਤੋਂ ਪੈਸੇ ਲੁੱਟਦੇ ਸਾਧੂ
ਮਿਲੇ ਮੈਨੂੰ।

ਸਦਾ ਜੋ ਆਖਦਾ ਸੀ ਉਸ ਨੇ ਨਾ
ਕੋਈ ਕਤਲ ਕੀਤਾ
ਉਹਦੇ ਘਰ ਚੋਂ ਲਹੂ ਰੰਗੇ ਕਈ ਚਾਕੂ
ਮਿਲੇ ਮੈਨੂੰ।

ਇਹ ਕੈਸਾ ਸ਼ਹਿਰ ਹੈ ਮੌਲਾ ਕਿ ਏਸੇ
ਸ਼ਹਿਰ ਦੇ ਅੰਦਰ
ਇਕੱਠੇ ਖਾਲਸੇ ਮੁਸਲਮ ਅਤੇ ਹਿੰਦੂ
ਮਿਲੇ ਮੈਨੂੰ।
ਸਿਤਾਰੇ,ਚੰਦ, ਸੂਰਜ ਸਭ ਹੀ ਧੋਖਾ
ਦੇਣ ਬਾਰਸ਼ ਵਿਚ,
ਤੇ ਇਸ ਰੁੱਤੇ ਨਿਭਾਉਂਦੇ ਫਰਜ਼ ਕੁਝ
ਜੁਗਨੂੰ ਮਿਲੇ ਮੈਨੂੰ।

ਜਿਨ੍ਹਾਂ ਯਾਰਾਂ ਨੂੰ ਅੱਜ ਤਕ ਤਿਤਲੀਆਂ
ਹੀ ਸਮਝਦਾ ਸੀ ਮੈਂ
ਉਹੀ ਸਾਰੇ ਤਾਂ ਬਣ ਕੇ ਵਿਸ਼-ਭਰੇ
ਬਿੱਛੂ ਮਿਲੇ ਮੈਨੂੰ।

ਬਣੇ ਘਰ ਰੱਬ ਦੇ ਨੇ ਬਸ ਤਜ਼ਾਰਤ ਦੇ
ਹੀ ਅੱਡੇ ਹੁਣ,
ਵਿਖਾ ਰੱਬਾ ਕੋਈ ਥਾਂ ਐਸੀ ਜਿੱਥੇ ਤੂੰ
ਮਿਲੇ ਮੈਨੂੰ।

### .ਗ਼ਜ਼ਲ

.ਗ਼ਜ਼ਲ ਵੀ ਚੀਜ਼ ਕੀ, ਹਰ ਵਕਤ
ਅੱਖਰ ਟੋਲ਼ਦੇ ਰਹਿਣਾ।

ਸਵੇਰੇ ਸ਼ਾਮ ਮਸਤਕ ਦੇ ਹੀ ਵਰਕੇ
ਫੋਲਦੇ ਰਹਿਣਾ।

ਤਸੱਵਰ ਵਿਚ ਸੁਨਾਮੀ ਦੌੜਦੀ ਰਹਿੰਦੀ
ਖ਼ਿਆਲਾਂ ਦੀ
ਵਜ਼ਨ ਤੇ ਬਹਿਰ ਵਿਚ ਹੀ ਅੱਖਰਾਂ ਨੂੰ
ਤੋਲਦੇ ਰਹਿਣਾ।

ਸ਼ਕਲ ਤੋਂ ਜਾਪਦਾ ਹੈ, ਹਾਰਿਆ ਉਹ
ਇਸ਼ਕ ਵਿਚ ਫਿਰ ਤੋਂ ,

ਗਵਾਚਾ ਇਸ਼ਕ ਉਸ ਨੇ, ਉਮਰ ਭਰ
ਹੀ ਟੋਲ਼ਦੇ ਰਹਿਣਾ

ਉਹਦੀ ਚੁੱਪ 'ਤੇ ਮੁਹੱਬਤ ਹੋ ਗਈ
ਹਾਵੀ ਕਿਸੇ ਦਿਨ ਤਾਂ,
ਉਨ੍ਹੇ ਮਹਿਬੂਬ ਦਾ ਹੀ ਨਾਮ ਹਰਦਮ
ਬੋਲਦੇ ਰਹਿਣਾ

ਉਦੈ ਹੁੰਦਾ ਹੈ ਜੋ ਉਹ ਅਸਤ ਹੋ ਜਾਂਦਾ
ਹੈ ਸ਼ਾਮਾਂ ਨੂੰ
ਸਦਾ ਕੁਦਰਤ ਨੇ ਖ਼ੁਦ ਨੂੰ ਖ਼ੁਦ 'ਚ
ਏਦਾਂ ਘੋਲ਼ਦੇ ਰਹਿਣਾ।

ਮੇਰੇ ਵਿੱਚੋਂ ਗ਼ਜ਼ਲ ਹਰ ਰੋਜ਼ ਫੁੱਟਦੀ ਹੈ
ਨਵੀਂ ਕੋਈ
ਮੈਂ ਏਦਾਂ ਅਪਣੀਆਂ ਪਰਤਾਂ ਹਮੇਸ਼ਾ
ਖੋਲਦੇ ਰਹਿਣਾ।

## ਗ਼ਜ਼ਲ

ਉਦਾਸੇ ਹਾਸਿਆਂ ਦੇ ਹੇਠ ਛੁਪੀਆਂ
ਸਿਸਕੀਆਂ ਵੇਖੋ।
ਜੇ ਦੇਖਣੀਆਂ ਤਾਂ ਫਿਰ ਗੁਰਬਤ ਦੀਆਂ
ਮਜਬੂਰੀਆਂ ਵੇਖੋ।

ਜੇ ਟੋਲਣੀਆਂ ਨੇ ਕਮੀਆਂ ਆਪਣੇ
ਵਿੱਚੋਂ ਤੁਸੀਂ ਐ ਦੇਵ,
ਤਾਂ ਦੂਸਰਿਆਂ ਦੀਆਂ ਫਿਰ ਸਿਰਫ਼
ਗੱਲਾਂ ਚੰਗੀਆਂ ਵੇਖੋ।


ਤੁਸੀਂ ਖ਼ੁਦ ਆਖ ਦੇਣਾ ਹੈ ਇਨ੍ਹਾਂ ਤੋਂ
ਦੂਰੀਆਂ ਬਿਹਤਰ,
ਜੇ ਇਕ ਵਾਰੀ ਤੁਸੀਂ ਗਹੁ ਨਾਲ ਇਹ
ਨਜ਼ਦੀਕੀਆਂ ਵੇਖੋ।

ਇਨ੍ਹਾਂ ਚੋਂ ਲੰਘ ਕੇ ਰੱਬ ਆਪ ਅੰਦਰ
ਆਉਣ ਨੂੰ ਤਤਪਰ,
ਕਦੇ ਦਿਲ ਵਾਲੀਆਂ ਵੀ ਖੋਲ੍ਹ ਕੇ ਸਭ
ਬਾਰੀਆਂ ਵੇਖੋ।

ਬੁਲੰਦੀ ਤੇ ਹਮੇਸ਼ਾ ਰਹਿੰਦੀਆਂ ਨੇ
ਹੌਸਲੇ ਸਦਕਾ,
ਬਿਨਾ ਖੰਭਾਂ ਤੋਂ ਅੰਬਰੀਂ ਉਡਦੀਆਂ
ਇਹ ਬੱਦਲੀਆਂ ਵੇਖੋ।

ਕਦੇ ਜੇ ਯਾਦ ਮਾਂ ਪਿਉ ਦੀ ਸਤਾਵੇ
ਦੇਵ ਤਾਂ ਜਾ ਕੇ ,
ਤੁਸੀਂ ਸੰਦੂਕ ਵਿਚ ਸੰਭਾਲ਼ੀਆਂ ਫਿਰ
ਖੇਸੀਆਂ ਵੇਖੋ।

**ਸਰੀ, ਕੈਨੇਡਾ**
**+604-300-4017**
**baldev.seehra@worksafebc.com**



# .ਗ਼ਜ਼ਲ

## ਰਵਿੰਦਰ ਸਿੰਘ ਸੋਢੀ



### .ਗ਼ਜ਼ਲ

ਕੁਝ ਬੱਦਲੀਆਂ ਬਦਲੀਆਂ ਬਦਲੀਆਂ ਨੇ
ਕੁਝ ਕਣੀਆਂ ਵੀ ਬਦਲੀਆਂ ਬਦਲੀਆਂ ਨੇ
ਇਸ ਬਦਲੇ ਬਦਲੇ ਮੌਸਮ ਵਿਚ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ ਨੇ।

ਅਸੀਂ ਜਾਮ ਸੁਰਾਹੀ ਲੈ ਬੈਠੇ
ਉਹ ਸਾਡੇ ਸਾਹਵੇਂ ਆ ਬੈਠੇ
ਸਾਡੇ ਜਾਮ ਦੀ ਰੰਗਤ ਦੇਖ ਦੇਖ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ ਨੇ।

ਅਸੀਂ ਜਾਮ ਸਰਕਾ ਕੇ ਉਹਨਾਂ ਵੱਲ
ਤੱਕਿਆ ਜਦ ਉਹਨਾਂ ਦੀਆਂ ਨਜ਼ਰਾਂ ਵਿਚ
ਸਾਡੀ ਪਿਆਰ ਭਰੀ ਇਕ ਤੱਕਣੀ ਨੇ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ ਨੇ।

ਕੁਝ ਸ਼ਰਬਤ ਮਿੱਠੇ ਹੁੰਦੇ ਨੇ
ਕੁਝ ਸ਼ਰਬਤ ਕੌੜੇ ਹੁੰਦੇ ਨੇ
ਕੌੜੇ ਸ਼ਰਬਤ ਦੀਆਂ ਦੋ ਘੁੱਟਾਂ ਨੇ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ ਨੇ।

ਇੰਤਹਾ ਸੀ ਸਾਡੇ ਸਬਰ ਵਾਲੀ
ਉਹਨਾਂ ਦੇ ਸਿਤਮ ਅਸੀਂ ਜਰਦੇ ਰਹੇ
ਚਿਣਗਾਂ ਦੇਖ ਸਾਡੇ ਪਿਆਰ ਦੀਆਂ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ ਨੇ।

ਸਾਡੇ ਗ਼ਮ ਨਾ ਕਦੇ ਵੀ ਨਜ਼ਰ ਆਏ
ਉਹ ਆਪਣੇ ਵਿਚ ਹੀ ਮਗਨ ਰਹੇ
ਸਾਡੀ ਮਸਤਾਂ ਦੀ ਮਸਤੀ ਦੇਖ ਦੇਖ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ ਨੇ।

ਕਦੇ ਧੁੱਪ ਹੋਵੇ ਕਦੇ ਛਾਂ ਹੋਵੇ
ਕਦੇ ਨਾਂਹ ਹੋਵੇ ਕਦੇ ਹਾਂ ਹੋਵੇ
ਇਸ ਹਾਂ, ਨਾਂਹ ਦੇ ਚੱਕਰਾਂ ਵਿਚ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ ਨੇ।

ਇਸ ਸ਼ਹਿਰ ਦੀ ਹਰ ਮਹਿਫ਼ਲ ਵਿਚ
ਉਹਨਾਂ ਦੇ ਹੁਸਨ ਦੀ ਹੈ ਚਰਚਾ
ਸਾਡੀਆਂ ਅੱਖਾਂ 'ਚੋਂ ਤੱਕ ਤਸਵੀਰ ਆਪਣੀ

ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ
ਨੇ।

ਸਾਡੀ ਹਾਰ ਹੀ ਗਲ ਦਾ ਹਾਰ ਬਣੀ
ਅਸੀਂ ਤਾਂ ਵੀ ਲੁੱਡੀਆਂ ਪਾਉਂਦੇ ਰਹੇ
ਪਰਬਤ ਵਰਗੇ ਸਾਡੇ ਜ਼ੇਰੇ ਦੇਖ
ਉਹਨਾਂ ਦੀਆਂ ਨਜ਼ਰਾਂ ਵੀ ਬਦਲੀਆਂ
ਨੇ।

## .ਗਜ਼ਲ

ਕਲਬੂਤਾਂ ਨੂੰ ਹੀ ਦੇਖਦਾ ਰਹਿੰਦਾ ਏ,
ਕਦੇ ਰੂਹਾਂ ਨੂੰ ਵੀ ਤੱਕਿਆ ਕਰ
ਹੋਰਾਂ ਦੇ ਘਰ ਤੂੰ ਦੇਖ ਸੜੇ, ਕਦੇ
ਆਪਣੇ ਘਰ ਨੂੰ ਵੀ ਤੱਕਿਆ ਕਰ।

ਦੂਰ ਦੂਰ ਗੱਲ ਕਰਨ ਲਈ, ਤੇਰੇ ਹੱਥ
ਖਿਡੌਣਾ ਆਇਆ ਹੈ
ਘਰ ਤੇਰੇ ਕੋਲ ਜੋ ਬੈਠੇ ਨੇ, ਕਦੇ
ਉਹਨਾਂ ਨੂੰ ਵੀ ਤੱਕਿਆ ਕਰ।

ਨਹਿਰਾਂ ਦੇ ਨਿਰਮਲ ਪਾਣੀ ਵਿਚ,
ਤੂੰ ਜ਼ਹਿਰ ਘੋਲਦਾ ਰਹਿੰਦਾ ਏ
ਇਹ ਪਾਣੀ ਪੀ ਪੀ ਮਰਦੇ ਜੋ,
ਕਦੇ ਉਹਨਾਂ ਨੂੰ ਵੀ ਤੱਕਿਆ ਕਰ।

ਕਹਿੰਦੇ ਕਿਸਮਤ ਵਿਚ ਲਿਖਿਆ ਜੋ,
ਉਹ ਤਾਂ ਹੋ ਕੇ ਹੀ ਰਹਿਣਾ ਏ
ਮਾਤ ਦੇਣ ਲਈ ਕਿਸਮਤ ਨੂੰ, ਕਦੇ
ਆਪਣੇ ਹੱਥਾਂ ਨੂੰ ਵੀ ਤੱਕਿਆ ਕਰ।

ਵਹਿਣ ਤੇਜ ਦਰਿਆਵਾਂ ਦੇ, ਨਾ ਮੁੜਦੇ
ਪਿੱਛੇ ਵੱਲ ਕਦੇ
ਮੰਜ਼ਿਲ ਵੱਲ ਜੋ ਸਦਾ ਵਧਦੇ, ਕਦੇ
ਉਹਨਾਂ ਨੂੰ ਵੀ ਤੱਕਿਆ ਕਰ।

ਖੁਸ਼ੀ ਵੇਲੇ ਸਭ ਭੁੱਲ ਜਾਵੇਂ, ਰੱਬ ਯਾਦ
ਆਵੇ ਤੈਨੂੰ ਮੁਸ਼ਕਿਲ ਵਿਚ
ਜੇ ਫੁੱਲਾਂ ਦੀ ਖੁਸ਼ਬੋ ਮਾਣਦਾ ਏਂ, ਕਦੇ
ਕੰਡਿਆਂ ਨੂੰ ਵੀ ਤੱਕਿਆ ਕਰ।

ਚੱਕਵੇਂ ਚੁੱਲੇ ਦੇ ਵਾਂਗ ਸਦਾ, ਕਦੇ
ਇਧਰ ਤੂੰ ਕਦੇ ਉਧਰ ਤੂੰ
ਚੱਟਾਨ ਵਾਂਗ ਜੋ ਇਕ ਥਾਂ ਖੜ੍ਹੇ, ਕਦੇ
ਉਹਨਾਂ ਨੂੰ ਵੀ ਤੱਕਿਆ ਕਰ।

ਕੂਲੀਆਂ ਕੂਲੀਆਂ ਸੇਜਾਂ ਤੇ ਵੀ, ਨੀਂਦ
ਕਦੇ ਤੈਨੂੰ ਆਵੇ ਨਾ
ਜੋ ਪੱਥਰਾਂ ਤੇ ਹੀ ਸੌਂ ਜਾਂਦੇ, ਕਦੇ
ਉਹਨਾਂ ਨੂੰ ਵੀ ਤੱਕਿਆ ਕਰ।

ਪੈਸੇ ਨਾਲ ਨਾ ਰੱਜਦਾ ਤੂੰ, ਬੱਸ ਹੋਰ
ਹੋਰ ਦੀ ਝਾਕ ਰਹੇ
ਕਬਰਾਂ 'ਚ ਸਭ ਖਾਲੀ ਹੱਥ ਗਏ, ਕਦੇ
ਉਹਨਾਂ ਨੂੰ ਵੀ ਤੱਕਿਆ ਕਰ।

**ਰਿਚਮੰਡ, ਕੈਨੇਡਾ**
**001-604-369-2371**

# .ਗਜ਼ਲ

## ਦਵਿੰਦਰ ਗੌਤਮ



### .ਗਜ਼ਲ

ਸੂਰਜ ਨੂੰ ਕੈਦ ਕਰਕੇ ਦੀਵਾ ਜਗਾ
ਰਿਹਾ ਏਂ
ਕੁਝ ਹੋਸ਼ ਵੀ ਹੈ ਤੈਨੂੰ ? ਕੀ ਕਹਿਰ
ਢਾਹ ਰਿਹਾ ਏਂ

ਕਿੰਨੀ ਕੁ ਲੋੜ ਤੇਰੀ ਕਿੰਨਾ ਕੁ ਹੈ ਇਹ
ਜੀਵਨ
ਆਇਆ ਸੀ ਲੈਣ ਕੀ ਤੂੰ, ਪਰ ਕੀ
ਕਮਾ ਰਿਹਾ ਏਂ

ਤੇਰੀ ਸ਼ਫਾਫ ਰੂਹ ਨੇ ਆਖ਼ਰ ਪਲੀਤ
ਹੋਣਾ
ਇਹ ਰੇਤ ਦਾ ਹੈ ਦਰਿਆ ਜਿਸ ਵਿੱਚ
ਨਹਾ ਰਿਹਾ ਏਂ

ਸਾਰੇ ਵਕਾਰ ਤੇਰੇ ਬੇਵਸ, ਨੇ ਜਿਸਦੇ
ਅੱਗੇ
ਤੂੰ ਸਬਰ ਆਪਣਾ ਕਿਉਂ ਐਵੇਂ ਗਵਾ
ਰਿਹਾ ਏਂ

ਸੱਚੀ ਤੂੰ ਗੱਲ ਕਰੇਂਗਾ ’ਗੌਤਮ
‘ਉਮੀਦ ਸੀ ਇਹ
ਹੋਰਾਂ ਦੇ ਵਾਂਗ ਤੂੰ ਵੀ ਗਰਦਨ ਬਚਾ
ਰਿਹਾ ਏਂ

ਝੀਲ ਸੀ ਗਹਿਰੀ ਬੜੀ ਪਰ ਮੈਂ ਵੀ
ਧੁਰ ਤਕ ਲਹਿ ਗਿਆ
ਇਸ਼ਕ ਦਾ ਦਰਿਆ ਵੀ ਆਖਰ
ਦੇਖਦਾ ਹੀ ਰਹਿ ਗਿਆ

ਰਹਿ ਗਏ ਜਿਸ ਨੂੰ ਫ਼ਰਿਸ਼ਤੇ ਭਾਲਦੇ
ਚਿਰ ਕਾਲ ਤੋਂ
ਇਸ਼ਕ ਦੀ ਟਾਹਣੀ ’ਤੇ ਆ ਕੇ ਉਹ
ਪਰਿੰਦਾ ਬਹਿ ਗਿਆ

ਬਹਿ ਗਿਆ ਜੋ ਬਣ ਕੇ ਪੱਥਰ ਉਹ ਤਾਂ
ਉਸਦਾ ਦਰਦ ਹੈ
ਚਾਅ ਸੀ ਜਿੰਨਾ ਵੀ ਉਹ ਤਾਂ ਨੈਣਾਂ ਦੇ
ਰਾਹੀਂ ਵਹਿ ਗਿਆ

ਵਹਿ ਗਿਆ ਆਸ਼ਕ ਸਲੀਕੇ ਨਾਲ
ਦਰਿਆ ਇਸ਼ਕ ਵਿੱਚ
ਵਾਸਨਾ ਦਾ ਘਰ ਹੀ ਸੀ ਇਸ ਵਾਰ
ਫਿਰ ਜੋ ਢਹਿ ਗਿਆ

**ਸਰੀ, ਕੈਨੇਡਾ**
**+16048256960**

# .ਗ਼ਜ਼ਲ

## ਮੋਹਿੰਦਰਪਾਲ ਸਿੰਘ ਪਾਲ



**1**

ਸੁਣ ਜ਼ਰਾ ਕੀ ਕਹਿ ਰਹੀਆਂ ਨੇ ਯਾਰ
ਇਹ ਖ਼ਾਮੋਸ਼ੀਆਂ।
ਨਾਮ ਕਿਸ ਦਾ ਲੈ ਰਹੀਆਂ ਨੇ ਯਾਰ
ਇਹ ਖ਼ਾਮੋਸ਼ੀਆਂ।

ਨਾ ਕੋਈ ਸ਼ਿਕਵਾ ਗਿਲਾ, ਨਾ ਹੀ
ਕੋਈ ਰੰਜਸ਼ ਰਹੀ,
ਦਰਦ ਦਿਲ ਦਾ ਸਹਿ ਰਹੀਆਂ ਨੇ
ਯਾਰ ਇਹ ਖ਼ਾਮੋਸ਼ੀਆਂ।

ਕੀ ਕਹਾਂ ਕਿੰਜ ਆਪਣੇ ਇੱਕ ਹਮਨਸ਼ੀਂ
ਦੇ ਵਾਂਗਰਾਂ,
ਪਾਸ ਆ ਕੇ ਬਹਿ ਰਹੀਆਂ ਨੇ ਯਾਰ
ਇਹ ਖ਼ਾਮੋਸ਼ੀਆਂ।

ਸ਼ੋਖ਼ਪਨ ਤੱਕ ਕੇ ਇਨ੍ਹਾਂ ਦਾ ਹੋ ਗਿਆ
ਮਖ਼ਮੂਰ ਮੈਂ,
ਪੌਣ ਦੇ ਸੰਗ ਖਹਿ ਰਹੀਆਂ ਨੇ ਯਾਰ
ਇਹ ਖ਼ਾਮੋਸ਼ੀਆਂ।
ਦੇਰ ਤੋਂ ਮਿਲਿਆ ਨਾ ਹੋਵੇ ਯਾਰ ਕੋਈ
ਜਿਸ ਤਰਾਂ,
ਲੱਗ ਗਲੇ ਕੁਝ ਕਹਿ ਰਹੀਆਂ ਨੇ ਯਾਰ
ਇਹ ਖ਼ਾਮੋਸ਼ੀਆਂ।

**2**

ਬੜੀ ਇਹ ਰਾਤ ਲੰਬੀ ਹੈ ਜਹਾਲਤ ਦੇ
ਹਨੇਰੇ ਦੀ
ਅਜੇ ਵੀ ਆਸ ਰੱਖਦਾ ਹਾਂ ਕਿਸੇ ਰੌਸ਼ਨ
ਸਵੇਰੇ ਦੀ

ਤੂਫ਼ਾਨਾਂ ਨਾਲ ਲੜਿਆ ਹਾਂ ਹੜ੍ਹਾਂ ਨੂੰ
ਮਾਤ ਹੈ ਪਾਈ
ਪਵੇਗੀ ਦਾਦ ਦੇਣੀ ਤੈਨੂੰ ਹੁਣ ਤਾਂ
ਸਿਰੜ ਮੇਰੇ ਦੀ

ਇਹ ਮੇਰੇ ਗ਼ਮ ਅਵੱਲੇ ਤਾਂ ਸਦਾ
ਮਾਯੂਸ ਕਰਦੇ ਨੇ
ਮੈਂ ਤਾਂ ਵੀ ਹੈ ਬਚਾ ਰੱਖੀ ਥੋੜ੍ਹੀ
ਮੁਸਕਾਨ ਚਿਹਰੇ ਦੀ

ਦਿਲਾਂ ਵਿਚ ਹੌਂਸਲਾ ਹੋਵੇ ਤੇ ਹੋਵੇ ਜ਼ੋਰ
ਬਾਹਾਂ ਵਿਚ
ਨਹੀਂ ਫਿਰ ਰੋਕ ਸਕਦੀ ਕਾਫ਼ਲਾ
ਕਾਲਖ ਹਨੇਰੇ ਦੀ

ਕਿਵੇਂ ਕੋਮਲ ਜਿਹੇ ਫੁੱਲਾਂ ਨੂੰ ਅੱਗ ਕੋਲੋਂ
ਬਚਾ ਰੱਖਾਂ

ਇਹੀ ਉਲਝਣ ਬਣੀ ਰਹਿੰਦੀ ਹੈ ਨਿਸ
ਦਿਨ ਜ਼ਿਹਨ ਮੇਰੇ ਦੀ

## 3

ਸ਼ਾਮ ਨੇ ਢਲਨਾ ਹੀ ਸੀ ਉਹ ਢਲ
ਗਈ ।
ਰੌਸ਼ਨੀ ਵੀ ’ਨੇਰਿਆਂ ਵਿਚ ਰਲ
ਗਈ।

ਡੁੱਲ੍ਹਿਆ ਹੈ ਜਾਮ ਜੋ ਅੱਜ ਧਰਤ ’ਤੇ,
ਜਾਪਦਾ ਕੋਈ ਬਲਾ ਹੈ ਟਲ਼ ਗਈ ।

ਯਾਦ ਆਈ ਫਿਰ ਕਿਸੇ ਦੀ ਇਸ
ਤਰਾਂ,
ਦਿਲ ਤੇ ਇੱਕ ਤਲਵਾਰ ਜਿਉਂ ਚਲ
ਗਈ।

ਦੋ ਪਲਾਂ ਦੀ ਸਾਂਝ ਇੱਕ ਨਿੱਕੀ ਜਿਹੀ,
ਜ਼ਿਹਨ ਅੰਦਰ ਕਰ ਕਿਉਂ ਹਲਚਲ
ਗਈ।

ਹੋ ਗਿਆ ਚਰਚਾ ਕਿ ਮੈਂ ਬਰਬਾਦ ਹਾਂ,
ਬਣ ਫਸਾਨਾ ਇੱਕ ਨਿੱਕੀ ਗੱਲ ਗਈ।

ਖ਼ਾਰ ਹੀ ਸਾਡੇ ਹਿੱਸੇ ਆਏ ਮਗਰ,
ਫੇਰ ਵੀ ਦੁਨੀਆ ਹੈ ਵੇਖੋ ਜਲ ਗਈ।

‘ਪਾਲ’ ਤੈਨੂੰ ਸੀ ਭਰੋਸਾ ਚੰਦ ’ਤੇ,
ਚਾਂਦਨੀ ਪਰ ਕਰ ਤੇਰੇ ਸੰਗ ਛਲ
ਗਈ।

## 4

ਗ਼ਮ ਨਾ ਕਰ ਜੇ ਤੈਨੂੰ ਹੈ ਲੋੜ ਸਹਾਰੇ
ਦੀ
ਹਰ ਕਿਸ਼ਤੀ ਨੂੰ ਪੈਂਦੀ ਹੈ ਲੋੜ ਕਿਨਾਰੇ
ਦੀ

ਡਰ ਨਾ ਪਾਂਧੀ ਜੇ ਰਸਤੇ ਵਿਚ ’ਨੇਰਾ
ਹੋ ਜਾਏ
ਚੰਦ ਕਰੂ ਰੌਸ਼ਨ ਰਸਤਾ ਲੈ ਲੋ ਉਧਾਰੇ
ਦੀ

ਰੁੱਖ ਨੇ ਪੀਤਾ ਜ਼ਹਿਰ ਤੇ ਦਿੱਤੀ ਸਾਫ਼
ਹਵਾ ਸਾਨੂੰ
ਬਾਤ ਨਾ ਭਾਵੇਂ ਪੁੱਛੀ ਜੱਗ ਨੇ ਓਸ
ਵਿਚਾਰੇ ਦੀ


ਮਾਂ ਦੀ ਗੋਦੀ ਅੰਦਰ ਜਿਹੜਾ ਝੂਟਾ ਸੀ
ਆਇਆ
ਫਿਰ ਨਾ ਹੋਈ ਰੀਸ ਦੁਬਾਰਾ ਓਸ
ਹੁਲਾਰੇ ਦੀ

ਜਿਸ ਦਿਨ ਦੁਨੀਆ ਦੀ ਅੱਖਾਂ ਵਿਚ
ਅੱਥਰੂ ਨੀ ਹੋਣੇ
“ਪਾਲ” ਨੂੰ ਯਾਰ ਤਮੰਨਾ ਰਹਿੰਦੀ
ਓਸ ਨਜ਼ਾਰੇ ਦੀ

**ਸਰੀ, ਕੈਨੇਡਾ**

# .ਗਜ਼ਲ

## ਦਸ਼ਮੇਸ਼ ਗਿੱਲ ਫ਼ਿਰੋਜ਼



### 1

ਕੰਧਾਂ... ਉੱਚੀਆਂ ਹੋਈਆਂ ਨੇ ਨਾ
ਧੀਆਂ... ਵੱਡੀਆਂ ਹੋਈਆਂ ਨੇ ਨਾ

ਅੱਖਾਂ... ਥੱਕੀਆਂ ਹੋਈਆਂ ਨੇ ਨਾ
ਅਜ਼ਲੋਂ ਵਿਛੀਆਂ ਹੋਈਆਂ ਨੇ ਨਾ

ਪੱਥਰ ਕੁੱਟ ਕੱਟ ਕੇ.... ਹੱਥਾਂ 'ਚੋਂ
ਲੀਕਾਂ... ਮਿਟੀਆਂ ਹੋਈਆਂ ਨੇ ਨਾ

ਮਿੱਧਿਆ ਜਾਵੇਂਗਾ, .... ਤੂੰ ਸੱਧਰਾਂ
ਖੁਲ੍ਹੀਆਂ ਛੱਡੀਆਂ ਹੋਈਆਂ ਨੇ ਨਾ

ਹੁਣ ਇਹ ਸਿਰ.. ਨਈਂ ਚੱਕੇ ਜਾਣੇ
ਧੌਣਾਂ.... ਵੱਢੀਆਂ ਹੋਈਆਂ ਨੇ ਨਾ

ਸਾਨੂੰ ਕੱਠੇ ਵੇਖ ਕੇ .... ਸਭ ਨੇ
ਅੱਖਾਂ.... ਟੱਡੀਆਂ ਹੋਈਆਂ ਨੇ ਨਾ

ਸੂਲੀ ਟੰਗਿਆ.. ਲਹਿ ਨਹੀਂ ਸਕਦਾ
ਕਿੱਲਾਂ..... ਗੱਡੀਆਂ ਹੋਈਆਂ ਨੇ ਨਾ

### 2

ਅੰਤਮ ਸਾਹ ਸੀਨੇ ਵਿੱਚ ਅੜਿਆ ਹੋਇਆ ਏ
ਕੱਚਾ ਧਾਗਾ ਘੁੱਟ ਕੇ ਫੜਿਆ ਹੋਇਆ ਏ।

ਉਸ ਦਾ ਪਿਓ ਡੁੱਬਿਆ ਸੀ, ਤਾਂ ਹੀ ਪਾਣੀ ਦਾ
ਪੁੱਤਰ ਅੰਦਰ ਡਰ ਜਿਹਾ ਵੜਿਆ ਹੋਇਆ ਏ।

ਮੇਰੇ ਅੰਦਰ ਵਾਲਾ ਜ਼ਹਿਰ ਮੇਰਾ ਹੀ ਹੈ
ਦੁਨੀਆ ਇਹ ਸਮਝੇ ਸੱਪ ਲੜਿਆ ਹੋਇਆ ਹੈ।

ਲਾਟਾਂ ਬਾਹਰ ਆਉਣ ਨਹੀਂ ਦਿੱਤੀਆਂ ਮੈਂ ਪਰ
ਇਹ ਘਰ ਅੰਦਰੋਂ ਪੂਰਾ ਸੜਿਆ ਹੋਇਆ ਏ।

ਤਾਰੇ ਨਹੀਂ ਇਹ ਮੋਤੀ ਲਿਸ਼ਕਦੇ ਨੇ
ਚੰਨ ਨਹੀਂ ਕੋਈ ਹੀਰਾ ਜੜਿਆ ਹੋਇਆ ਹੈ।

ਕੌਣ ਘੜਾ ਲੈ ਕੇ ਦਰਿਆ ਵਿੱਚ ਉਤਰਦੈ
ਐਂਵੇਂ ਲੋਕਾਂ ਕਿੱਸਾ ਘੜਿਆ ਹੋਇਆ ਹੈ।

**ਸਰੀ, ਕੈਨੇਡਾ**

# ਨਜ਼ਮ

## ਪਰਮਿੰਦਰ ਸਵੈਚ



### ਦੇਵੀ ਨਹੀਂ ਮੈਂ ਔਰਤ ਹਾਂ

ਮੈਨੂੰ ਦੇਵੀ ਕਹਿ
ਬਣਾ ਕੇ ਪੱਥਰ ਦੀ ਮੂਰਤ
ਕਰਦੇ ਹੋ ਬਿਰਾਜਮਾਨ
ਪਵਿੱਤਰ ਮੰਦਰਾਂ ਵਿੱਚ
ਪੱਥਰਾਂ ਦੇ ਬੇਜਾਨ ਬੁੱਤਾਂ ਨੂੰ
ਦੇ ਕੇ ਨਾਂ ਮਹਾਂਕਾਲੀ, ਪਾਰਬਤੀ ਜਾਂ
ਦੁਰਗਾ ਦੇਵੀ ਦੇ
ਲਾ ਕੇ ਅੱਠ-ਅੱਠ, ਦਸ-ਦਸ ਹੱਥ
ਫੜਾਉਂਦੇ ਹੋ ਹੱਥਾਂ ਵਿੱਚ ਤ੍ਰਿਸ਼ੂਲ,
ਕਿਰਪਾਨਾਂ
ਮਾਪਦੇ ਹੋ ਪੈਮਾਨਾ ਸ਼ਕਤੀਸ਼ਾਲੀ ਹੋਣ
ਦਾ
ਲਾਉਂਦੇ ਹੋ ਗਿੱਠ-ਗਿੱਠ ਲੰਮੀਆਂ
ਜੀਭਾਂ ਤੋਂ
ਮੇਰੇ ਗੁੱਸੇ ਦੀ ਤਾਕਤ ਦਾ ਅੰਦਾਜ਼ਾ।

ਕਰਕੇ ਪੂਜਾ, ਖੜਕਾ ਕੇ ਟੱਲ
ਕਰਾਉਂਦੇ ਹੋ ਆਪਣੇ
ਦੁੱਖਾਂ ਦਾ ਨਿਵਾਰਨ
ਆਫਤਾਂ ਦਾ ਸੰਘਾਰ
ਕਰਦੇ ਹੋ ਸਤਿਕਾਰ ਦਾ ਪ੍ਰਪੰਚ
ਚਾੜ੍ਹਦੇ ਹੋ ਭੇਟਾ ਮਣਾਂ-ਮੂੰਹ
ਸੋਨਾ, ਚਾਂਦੀ ਜਾਂ ਨੋਟਾਂ ਨਾਲ
ਬਖ਼ਸ਼ਾਉਂਦੇ ਹੋ ਭੁੱਲਾਂ।

ਕਦੇ ਕੰਜਕਾਂ ਦੇ ਲਾ ਕੇ
ਪੈਰੀਂ ਹੱਥ ਤੇ ਖੁਆ ਕੇ ਭੋਜਨ
ਪਹੁੰਚਾਉਂਦੇ ਹੋ ਪਿੱਤਰਾਂ ਨੂੰ
ਡਰਦੇ ਹੋ ਆਪਣੇ
ਕਰਮਾਂ ਦੇ ਲੇਖੇ ਜੋਖੇ ਤੋਂ
ਕਰਕੇ ਸ਼ਰਧਾ ਦੀ ਮਿੱਟੀ ਦਾ ਲੇਪ
ਮਿਟਾਉਂਦੇ ਹੋ ਮੇਰੇ ਦਿਮਾਗ ਦੀ ਫੁਰਤੀ
ਵਿੱਚੋਂ
ਮੱਥੇ ਦੀ ਦਗਦੀ ਲੋਅ
ਕਰਦੇ ਹੋ ਵਿਸਰਜਨ
ਮੇਰੀ ਹੋਂਦ ਦਾ, ਮੇਰੇ ਅਸਤਿਤਵ ਦਾ।

ਅਹਿਸਾਸਾਂ ਨਾਲ ਪਰੁੱਚੀ
ਸੁਪਨਿਆਂ ਸੰਗ ਪ੍ਰਣਾਈ
ਜੀਵਤ ਦੇਵੀ ਦੀ
ਕੱਟ ਕੇ ਜੀਭ, ਕਰਕੇ ਬਲਾਤਕਾਰ
ਤੋੜ ਕੇ ਕੰਗਰੋੜ
ਬਣਾ ਕੇ ਨਿਰਜੀਵ
ਕਚਹਿਰੀਆਂ 'ਚ ਕਰਦੇ ਹੋ
ਰੱਜ ਕੇ ਹਨਨ
ਮੰਦਰ ਵਿੱਚ ਹੀ ਤਾਂ ਢੂੰਡ ਲਿਆ ਸੀ
ਭੁੱਖੀਆਂ ਗਿਰਝਾਂ ਨੇ

ਕੰਜਕ ਦਾ ਕੋਮਲ ਮਾਸ, ਮਾਸੂਮ
ਹਾਸਾ।

ਮੈਂ ਮੁਖਾਲਿਫ਼ ਮੌਸਮਾਂ ਦੀਆਂ
ਤੱਤੀਆਂ ਹਵਾਵਾਂ ਵਿੱਚੋਂ
ਜਾਣ ਲਿਆ ਹੈ
ਦੋਗਲੇ, ਨਿਪੁੰਸਕ ਕਿਰਦਾਰਾਂ ਨੂੰ
ਹੁਣ ਮੈਂ ਦੇਵੀ ਨਹੀਂ ਬਣਨਾ
ਤੇ ਨਾ ਹੀ ਕੰਜਕ
ਮੈਂ ਤਾਂ ਔਰਤ ਹਾਂ
ਔਰਤ ਹੀ ਬਣਨਾ ਹੈ, ਪੱਥਰ ਨਹੀਂ
ਸਾਵੀਂ ਆਵਾਂਗੀ ਆੜੇ ਤੁਹਾਡੇ
ਤੋੜਾਂਗੀ ਅਹੰਕਾਰ
ਲੜਾਂਗੀ ਆਪਣੇ ਹਿੱਸੇ ਦੇ ਹੱਕਾਂ ਦਾ
ਯੁੱਧ
ਮੈਂ ਔਰਤ ਹਾਂ, ਪੱਥਰ ਦੀ ਦੇਵੀ ਨਹੀਂ
ਮੈਂ ਸਿਰਫ਼ ਔਰਤ ਹਾਂ।

## ਸ਼ਾਂਤੀ ਦਾ ਯੁੱਧ

ਕੌਣ ਕਹਿੰਦਾ ਹੈ ਕਿ
ਅਸੀਂ ਯੁੱਧ ਲੜ ਰਹੇ ਹਾਂ ਪਹਿਲੀ
ਵਾਰੀ
ਜਦੋਂ ਦੇ ਜੰਮੇ ਹਾਂ
ਅਸੀਂ ਲੜ ਹੀ ਤਾਂ ਰਹੇ ਸੀ
ਕਦੇ ਖੇਤਾਂ ਵਿੱਚ ਅੰਨ ਉਗਾਉਣ ਲਈ
ਕਦੇ ਮੀਂਹ ਝੱਖੜਾਂ ਵਿੱਚ ਬੰਨਿਆਂ ਤੇ
ਬਹਿ ਕੇ
ਉੱਜੜ ਰਹੀਆਂ ਸੱਧਰਾਂ ਦਾ ਪ੍ਰਕੋਪ
ਦੇਖਣ ਲਈ
ਕਦੇ ਢਹਿੰਦੇ ਘਰਾਂ ਦੀਆਂ ਖੋੜਾਂ ਭਰਨ
ਲਈ
ਕਦੇ ਮੰਡੀਆਂ ਵਿੱਚ ਅੱਧੋ ਡੂਢ ਹੋਣ
ਲਈ
ਕਦੇ ਹਰੀ ਕ੍ਰਾਂਤੀ ਦੀ ਅੱਥਰੀ ਦੌੜ
ਲਈ
ਲੜ ਹੀ ਤਾਂ ਰਹੇ ਸੀ।

ਅਸੀਂ ਲੜ ਹੀ ਤਾਂ ਰਹੇ ਸੀ
ਘਰ ਦੀਆਂ ਸਾਂਝੀਆਂ ਕੰਧਾਂ ਤੇ ਸਾਂਝੇ
ਖੇਤਾਂ ਦੀਆਂ ਵੱਟਾਂ ਲਈ
ਧੀਆਂ ਭੈਣਾਂ ਦੀਆਂ ਇੱਜ਼ਤਾਂ ਅਣਖਾਂ
ਲਈ
ਕਦੇ ਫੀਸਾਂ ਲਈ ਭਵਿੱਖ ਦੀਆਂ ਗੋਂਦਾਂ
ਦਾ ਯੁੱਧ
ਕਦੇ ਨਸ਼ਿਆਂ ਦੇ ਵਗਦੇ ਛੇਵੇਂ ਦਰਿਆ
ਵਿੱਚ ਰੁੜ੍ਹਦੀ ਜਵਾਨੀ ਲਈ
ਹਸਪਤਾਲਾਂ ਵਿੱਚ ਮੌਤ ਦਾ ਯੁੱਧ

ਅਸੀਂ ਲੜ ਹੀ ਤਾਂ ਰਹੇ ਸੀ
ਕਦੇ ਕਚਹਿਰੀਆਂ ਵਿੱਚ ਭਾਈਆਂ
ਵੰਡ ਲਈ
ਕਦੇ ਭ੍ਰਿਸ਼ਟਾਚਾਰੀ ਕਲਰਕਾਂ ਦੀ ਭੇਂਟ
ਲਈ
ਕਦੇ ਮਖੌਟਾਧਾਰੀ ਲੀਡਰਾਂ ਦੀ
ਚਾਪਲੂਸੀ ਲਈ
ਕਦੇ ਗੂੰਗੇ ਬਹਿਰੇ ਵੋਟਰ ਬਣਨ ਲਈ

ਅਸੀਂ ਲੜ ਹੀ ਤਾਂ ਰਹੇ ਸੀ
ਕਦੇ ਜਾਤਾਂ ਪਾਤਾਂ ਵਿੱਚ ਦੂਜਿਆਂ ਨੂੰ
ਨੀਵਾਂ ਦਿਖਾਉਣ ਲਈ
ਆਪਣੇ ਆਪਣੇ ਧਰਮਾਂ ਦੀ ਉੱਚਤਾ
ਦਰਸਾਉਣ ਲਈ


ਕਦੇ ਪਾਣੀਆਂ ਲਈ, ਇਲਾਕਿਆਂ
ਲਈ,
ਹੱਦਾਂ, ਸਰਹੱਦਾਂ, ਦੇਸ਼ਾਂ ਲਈ

ਲੜ ਹੀ ਤਾਂ ਰਹੇ ਸੀ
ਕਦੇ ਦਿਨ ਤੇ ਰਾਤ ਦਾ ਯੁੱਧ
ਕਦੇ ਸੁਫ਼ਨਿਆਂ ਤੇ ਜਾਗਦੀਆਂ ਅੱਖਾਂ
ਦਾ ਯੁੱਧ
ਨਿਕਾਰਾ ਹੋ ਗਈਆਂ ਸੋਚਾਂ ਦਾ ਯੁੱਧ
ਜ਼ਿੰਦਗੀ ਦੀਆਂ ਤਲਖ਼ੀਆਂ ਦਾ ਯੁੱਧ
ਲੜ ਹੀ ਤਾਂ ਰਹੇ ਸੀ।

ਹਾਂ ਫ਼ਰਕ ਹੈ ਪਹਿਲੀ ਵਾਰੀ
ਲੜ ਰਹੇ ਹਾਂ ਅਸੀਂ
ਘੁਰਨਿਆਂ ਦਾ ਯੁੱਧ ਛੱਡ ਕੇ
ਵਿਸ਼ਾਲ ਚਰਾਂਦਾਂ ਵਿੱਚ
ਟੱਕਰੇ ਹਾਂ ਪਰਬਤ ਨਾਲ
'ਮੈਂ' ਨੂੰ ਛੱਡ ਕੇ 'ਅਸੀਂ' ਦਾ ਯੁੱਧ
ਏਕੇ ਦਾ, ਹੱਕਾਂ ਦਾ ਯੁੱਧ
ਸੰਗਰਾਮੀ ਸੋਚਾਂ ਦਾ ਯੁੱਧ
ਲੜ ਰਹੇ ਹਾਂ ਹੁਣ
ਵਿਚਾਰਾਂ ਦੇ ਸਿਖ਼ਰ ਦਾ ਯੁੱਧ
ਜੀਣ ਦੇ ਨਿੱਘ ਦਾ ਯੁੱਧ
ਅਸੀਂ ਠਾਣ ਲਿਆ ਵੱਡਾ ਮਘੋਰਾ
ਕਰਨ ਲਈ
'ਸਮੇਂ ਦੇ ਪੱਥਰ' ਵਿੱਚ
ਹਾਂ ਅਸੀਂ ਲੜ ਰਹੇ ਹਾਂ ਪਹਿਲੀ ਵਾਰੀ
ਸ਼ਾਂਤੀ ਦਾ ਯੁੱਧ,
ਸ਼ਾਂਤੀ ਦਾ ਯੁੱਧ।

**ਸਰੀ, ਕੈਨੇਡਾ**
**+604-760-4794**
**pswaich@hotmail.com**

**ਤ੍ਰੈ ਮਾਸਿਕ ਪੱਤ੍ਰਿਕਾ ਸ਼ਬਦ ਦਾ ਡਾ. ਹਰਚੰਦ ਸਿੰਘ ਬੇਦੀ ਵਿਸ਼ੇਸ਼ ਅੰਕ**




322 ਪੰਨਿਆਂ ਦੇ ਇਸ ਅੰਕ ਵਿਚ ਡਾ. ਹਰਚੰਦ ਸਿੰਘ ਬੇਦੀ ਦੀ ਪਰਵਾਸੀ ਪੰਜਾਬੀ ਸਾਹਿਤ ਦੇ ਆਲੋਚਨਾ ਦੇ ਖੇਤਰ ਵਿਚ ਵਡਮੁੱਲੀ ਦੇਣ ਬਾਰੇ ਉਨ੍ਹਾਂ ਦੇ ਸਮਕਾਲੀਆਂ ਅਤੇ ਵਿਦਿਆਰਥੀਆਂ ਦੇ ਮੁਲਵਾਨ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਗਏ ਹਨ।

## ਗ਼ਜ਼ਲ

### ਬਿੰਦੂ ਮਠਾੜੂ



### 1

ਜੀਵਨ ਦੇ ਵਿਚ ਕੁਝ ਜਿੱਤਾਂ, ਕੁਝ ਹਾਰਾਂ ਵੀ ਨੇ
ਚੁੱਪ 'ਚ ਹੁੰਦੀਆਂ ਸੈਆਂ ਸੋਚ, ਵਿਚਾਰਾਂ ਵੀ ਨੇ

ਪਿਆਰ, ਮੁਹੱਬਤ, ਖੁਸ਼ਬੂਆਂ ਤਾਂ ਭੁੱਲ ਗਏ ਹਾਂ
ਮਨ ਵਿਚ ਹੁਣ, ਸਾੜਾ, ਕੀਨਾਂ, ਖਾਰਾਂ ਵੀ ਨੇ।

ਉਸਦੇ ਹੁਕਮਾਂ ਦੇ ਵਿਚ ਜਿਉਣਾ ਆ ਜਾਵੇ ਤਾਂ
ਮਿਹਰਾਂ ਵੀ, ਖੁਸ਼ੀਆਂ ਵੀ, ਮਸਤ ਬਹਾਰਾਂ ਵੀ ਨੇ।

ਸਾਈਂ ਕੱਲਾ ਫਿਰਦਾ ਹੈ ,ਤਾਂ ਬਾਣੀ ਪੜ੍ਹਦਾ
ਹੇਕਾਂ ਲਾ ਕੇ ਗਾਈਆਂ ਉਸ ਵਾਰਾਂ ਵੀ ਨੇ।

ਬੰਦਾ ਜੇ ਉਪਕਾਰ ਕਰੇ ਤਾਂ ਜਾਣੇ ਉਹ ਵੀ
ਕਰਦਾ ਉਸਦੇ ਨਾਲ ਕਦੇ ਤਕਰਾਰਾਂ ਵੀ ਨੇ।

ਸ਼ਾਂਤ ਰਹੇ ਮਨ ਬੰਦੇ ਦਾ ਉਹ ਕਰਮ ਕਰੇ ਤਾਂ
ਬੋਲ ਕਬੋਲ, ਤਾਂ ਬਣਦੇ ਤੇਜ ਕਟਾਰਾਂ ਵੀ ਨੇ।

### 2

ਭੋਗੇ ਭਟਕਣ ਜ਼ਿੰਦਗੀ, ਭਟਕਣ ਦਾ ਨਾ ਰੰਗ
ਹਰ ਪਲ ਦੋ-ਚਿੱਤੀ ਰਹੇ, ਮਨ ਵਿਚ ਅੰਨੀ ਜੰਗ।

ਲਹਿਰਾਂ ਉੱਠਣ ਸਾਗਰੋਂ, ਲਹਿਰਾਂ ਵਿੱਚ ਤਰੰਗ
ਅੰਬਰ ਦੇ ਵਿਚ ਉੱਡਣ ਦੀ, ਮਨ ਦੇ ਵਿਚ ਉਮੰਗ।

ਕੀ ਆਲਮ ਦਾ ਫਲਸਫਾ, ਬੰਦਾ ਹਾਲੇ ਦੰਗ
ਜੀਵਨ ਨੂਰੀ ਖਾਬ ਹੈ, ਜੇ ਜਿਉਣੇ ਦਾ ਢੰਗ।

ਰਤਨਾਂ ਦਾ ਕੀ ਮੁਲ ਹੈ, ਜਿਹੜਾ
ਅਕਲੋਂ ਨੰਗ
ਸੋਚਾਂ ਦੀ ਪਰਵਾਜ਼ ਹੀ, ਚੱਲੇ ਸਾਹਾਂ
ਸੰਗ।

ਬਿੰਦੂ ਜੀਵਨ ਬੂੰਦ ਹੈ, ਸਾਹਾਂ ਦਾ ਹੈ
ਸੰਗ
ਹਉਮੈਂ ਨਾਲ ਪਲੀਤ ਨਾ, ਰੂਹ ਕੁਦਰਤ
ਦਾ ਅੰਗ।

## 3

ਨਾਨਕ ਨਿਰਭਉ ਸੋਚ ਹੈ ਜੀਵਨ ਜਾਚ
ਫਕੀਰ
ਬਾਣੀ ਦਾ ਮੰਥਨ ਕਰੋ ਅੰਮ੍ਰਿਤ ਮਿਲੇ
ਅਖੀਰ।

ਨਾਨਕ ਓਮ ਤੋਂ ਪਹਿਲਾ ਖਿੱਚੀ ਇਕ
ਲਕੀਰ
ਵਾਸੀ ਜੋ ਬ੍ਰਹਿਮੰਡ ਦੇ ਸਭ ਅੰਦਰ ਰੂਹ
ਪੀਰ

ਨਾਨਕ ਕੇਹਾ ਸੱਚ ਹੈ ਕਰ ਸੇਵਾ ਦਿਲ
ਅਮੀਰ
ਮਨ ਜਿਸਦਾ ਹੈ ਬਾਦਸ਼ਾਹ ਉਸਦਾ
ਸਬਰ ਵਜ਼ੀਰ

ਨਾਨਕ ਚੰਹੁ ਕੁੰਟੀ ਵਸੇ ਦਿਲ ਰੱਖੋ ਧੀਰ
ਬਾਣੀ ਦੇਵੇ ਰੌਸ਼ਨੀ ਬਾਣੀ ਹੀ ਸ਼ਮਸ਼ੀਰ

ਨਾਨਕ ਇਕ ਓਂਕਾਰ ਹੈ ਤੇਰਾਂ ਹੀ
ਤਕਦੀਰ
ਦਾਨੀ ਉੱਚੀ ਆਤਮਾ ਨਾਨਕ ਜਾਣ
ਫਕੀਰ

ਨਾਨਕ ਜਪੁਜੀ ਦੱਸਦੀ ਧਰਮ ਕਰਮ
ਰਾਹਗੀਰ
ਪੌਣ ਗੁਰੁ ਹੈ ਮਹਿਕਦੀ ਰੂਪ ਇਲਾਹੀ
ਨੀਰ

ਨਾਨਕ ਕੋਮਲ ਸੀਤਲ ਏ ਬਾਣੀ ਗੁਣੀ
ਗਹੀਰ
ਮਿਹਰਾਂ ਦੀ ਗਿਣਤੀ ਨਹੀਂ ਤੋੜੇ ਭਰਮ
ਅਖੀਰ

ਨਾਨਕ ਉੱਚਰੀ ਆਰਤੀ ਮਨ ਦੇ ਅੰਦਰ
ਧੀਰ
ਸਿਮਰਨ ਨੇਕੀ ਵੰਡਣਾ ਸੱਚ ਦੀ ਇਹ
ਤਕਰੀਰ

ਨਾਨਕ ਦੇ ਰਾਹ ਜੋ ਤੁਰੇ ਰੂਹ ਦੀ ਹੈ
ਤਾਸੀਰ
ਨਾਨਕ ਨੂੰ ਜੇ ਸਮਝਣਾ ਬਾਣੀ ਹੈ
ਤਸਵੀਰ

**ਸਰੀ, ਕੈਨੇਡਾ**
**+1604-825-4405**
**bindoo@hotmail.com**

## .ਗਜ਼ਲ

ਨਰਿੰਦਰ ਬਾਈਆ ਅਰਸ਼ੀ



### ਹਿੰਮਤ

ਦ੍ਰਿੜਤਾ ਨਾ ਛੱਡੀਂ ਹਵਾਵਾਂ ਦੇ ਵਾਂਗ
ਤੂੰ ਡਟਿਆ ਰਵੀਂ ਦਰਿਆਵਾਂ ਦੇ ਵਾਂਗ

ਖੜ੍ਹ ਜਾਵੀਂ ਸੀਨੇ ਨੂੰ ਪਰਬਤ ਬਣਾ ਕੇ
ਛੁਪ ਕੇ ਨਾ ਬੈਠੀ ਗ਼ੁਫਾਵਾਂ ਦੇ ਵਾਂਗ

ਲਾਵੇ ਦੀ ਬਣ ਕੇ ਨਦੀ ਤੁਰ ਪਵੀਂ ਤੂੰ
ਠੱਲਿਆ ਨਾ ਜਾਵੀਂ ਝਨਾਵਾਂ ਦੇ ਵਾਂਗ

ਝੁੱਲ ਜਾਵੀਂ ਬਣ ਕੇ ਤੂੰ ਕਾਲ਼ੀ ਹਨੇਰੀ
ਛਾ ਜਾਵੀਂ ਹਰ ਥਾਂ ਘਟਾਵਾਂ ਦੇ ਵਾਂਗ

ਡੋਲ  ਨਾ ਜਾਵੀਂ ਊਣੇ ਮਟਕੇ ਵਾਂਗੂੰ
ਸਥਿਰ ਰਹੀਂ ਝੀਲਾਂ ਤਲਾਵਾਂ ਦੇ ਵਾਂਗ

ਹਰ ਵੇਲੇ ਅਪਣਾ ਲਕਸ਼ ਯਾਦ ਰੱਖੀਂ
ਭੁੱਲੀਂ ਨਾ ਮੜ੍ਹੀਆਂ ਮਾਂਵਾਂ ਦੇ ਵਾਂਗ

'ਅਰਸ਼ੀ, ਤੂੰ ਮਾਲਕ ਤੇ ਵਿਸ਼ਵਾਸ
ਰੱਖੀਂ
ਦਿਨ ਬਦਲ ਜਾਂਦੇ ਨੇ ਛਾਵਾਂ ਦੇ ਵਾਂਗ

### ਕਾਫੀ

ਸਾਨੂੰ ਚੜ੍ਹੀ ਇਸ਼ਕ ਦੀ ਲੋਰ
ਨੀ ਚਿੱਤ ਚੋਰ ਮਚਾਵੇ ਸ਼ੋਰ

ਮੈਂ ਮਾਹੀ ਦੀ ਮਾਹੀ ਮੇਰਾ
ਕੋਈ ਭਾਵੇ ਨਾ ਹੁਣ ਹੋਰ

ਮਾਹੀ ਮਾਹੀ ਮਨ ਕੇ ਲਿਖਿਆ
ਅਸਾਂ ਉੱਕਰੇ ਹਰਫ਼ ਖਰੋੜ

ਡਾਕੂ ਬਣ ਬਣ ਕਰੇ ਡਕੈਤੀ
ਉਹਦੇ ਨੈਣਾਂ ਵਿਚਲੀ ਡੋਰ

ਜਦ ਜਦ ਮੇਰਾ ਮਾਹੀ ਰੁੱਸੇ
ਮੇਰੀ ਲੈਂਦਾ ਰੱਤ ਨਿਚੋੜ

ਮਾਹੀ ਮੇਰਾ ਦਿਲ ਭਰਮਾਵੇ
ਜਿਓਂ ਮੋਰਨੀਆਂ ਨੂੰ ਮੋਰ

ਕੀ ਮਾਹੀ ਦੀ ਰੀਸ ਕਰਨਗੇ
ਜਿਹੜੇ ਅਕਲਾਂ ਤੋਂ ਕਮਜ਼ੋਰ

ਮੈਂ ਅਭਾਗਣ ਵੀ ਤਰ ਚੱਲੀ
ਨਿਓਂ ਮਾਈਏ ਸੰਗ ਜੋੜ

ਸਰੀ, ਕੈਨੇਡਾ
+16047156667

# ਗੀਤ/ਨਜ਼ਮ

## ਪ੍ਰੋ. ਅਵਤਾਰ ਸਿੰਘ ਵਿਰਦੀ



### ਸਮਝ ਨਹੀਂ ਆਉਂਦੀ (ਵਿਅੰਗ)

ਬੱਚੇ ਚਲੇ ਗਏ, ਜਨਾਨੀ ਚਲੀ ਗਈ
ਜੰਗ ਜਿੱਤ ਕੇ ਵੇਖੋ ਝਾਂਸੀ ਦੀ ਰਾਣੀ
ਚਲੀ ਗਈ
ਮੁੜ-ਮੁੜ ਯਾਦ ਸਤਾਵੇ ਪੱਕੀਆਂ
ਰੋਟੀਆਂ ਦੀ
ਸਮਝ ਨਹੀਂ ਆਉਂਦੀ ਕਿਸੇ ਨੂੰ ਇਨ੍ਹਾਂ
ਵੌਹਟੀਆਂ ਦੀ

ਜੇ ਕਿਤੇ ਸਾਡਾ ਝਗੜਾ ਕਿਸੇ ਤਰ੍ਹਾਂ
ਮੁੱਕ ਜਾਂਦਾ
ਜ਼ਿੰਦਗੀ ਦੇ ਵਿੱਚ ਆਇਆ ਤੂਫ਼ਾਨ
ਰੁੱਕ ਜਾਂਦਾ
ਅਸੀਂ ਵੀ ਖਾਂਦੇ ਭੁਰਜੀ ਬਣੀ ਹੋਈ
ਆਂਡਿਆਂ ਦੀ
ਮਾਂਜਣੀ ਨਾ ਪੈਂਦੀ ਢੇਰ ਜੂਠਿਆਂ
ਭਾਂਡਿਆਂ ਦੀ

ਧੋਤੇ ਹੋਏ ਲੀੜੇ ਕੱਪੜੇ ਪਾਉਦੇ ਸੀ
ਕਦੇ-ਕਦੇ ਅਸੀਂ ਗੀਤ ਖੁਸ਼ੀ ਦੇ
ਗਾਉਂਦੇ ਸੀ
ਪੱਕੀਆਂ-ਪਕਾਈਆਂ ਦੀ ਯਾਦ ਅਸਾਂ
ਨੂੰ ਹੁਣ ਆਉਂਦੀ ਏ
ਬੰਤੋ ਦੀ ਬਣਾਈ ਕੜ੍ਹੀ ਵੈਣ ਕਾਲਜੇ
ਪਾਉਂਦੀ ਏ

ਰਹਿੰਦੇ ਵਕਤ ਨੂੰ ਹੋ ਸਕੇ 'ਤੇ ਸੰਭਾਲ
ਲਈਏ
ਦੂਜੇ ਦੀ ਸੁਣੀਏ 'ਤੇ ਆਪਣੇ ਦਿਲ ਦਾ
ਹਾਲ ਕਹੀਏ
ਨਵੇਂ-ਪੁਰਾਣੇ ਵੈਰਾਂ ਨੂੰ ਹੁਣ ਤਾਂ ਖ਼ਤਮ
ਕਰੀਏ
ਮਿਲ ਕੇ ਰਹੀਏ ਇੱਕ ਦੂਜੇ ਦਾ ਹਰ
ਦਮ ਦਮ ਭਰੀਏ
ਹਰ ਦਮ ਦਮ ਭਰੀਏ
ਹਰ ਦਮ ਦਮ ਭਰੀਏ
ਹਰ ਦਮ ਦਮ ਭਰੀਏ

### ਇੱਕ ਗ਼ਦਰੀ ਬਾਬੇ ਵੱਲੋਂ ਚਿੱਠੀ

ਲਿਖਤੁੱਮ ਬਾਬਾ ਗ਼ਦਰੀ
ਚਿੱਠੀ ਲਿਖ ਰਿਹਾਂ ਤੈਨੂੰ ਅਵਤਾਰ
ਸਿਹਾਂ
ਸਾਨੂੰ ਯਾਦ ਕਰਨ ਵਾਲਿਓ ਸ਼ਾਬਾਸ਼
ਤੁਹਾਡੇ
ਕਰੋ ਕੋਸ਼ਿਸ਼ ਆਪਾਂ ਨੂੰ ਮਿਲ ਸਕੇ
ਨਿਆਂ

ਹੱਥ ਜੋੜ ਕਰਾਂ ਬੇਨਤੀ ਕਿ ਮੇਰੀ ਚਿੱਠੀ
ਕਿਸੇ ਭਰੀ ਸਭਾ ਵਿੱਚ ਪੜ੍ਹੀ ਜਾਵੇ

ਨਾਲੇ ਅਰਜ ਕਰਾਂ ਕੋਈ ਸਾਡਾ
ਭੈਣ-ਭਰਾ
ਸਾਡੇ ਲਈ ਨਾ ਆਪਸ ਵਿੱਚ ਲੜੀ
ਜਾਵੇ

ਸਰਫ਼ਰੋਸ਼ੀ ਦੀ ਤਮੰਨਾ ਧਾਰ ਮਨ ਦੇ
ਵਿੱਚ
ਲਹਿਰ ਗ਼ਦਰ ਦੀ ਸੀ ਚਲਾਈ ਅਸਾਂ
ਸਮਾਂ ਕਹਿਰ ਸੀ ਬੁਰਾੜ ਇਨਲੈੱਟ
ਉੱਤੇ
ਜ਼ਿੰਦਗੀ ਨਰਕ ਦੇ ਵਾਂਗ ਬਿਤਾਈ
ਅਸਾਂ

ਜਿਸ ਸੀਨੇ 'ਚ ਸੀ ਲੈ ਕੇ ਤੂਫ਼ਾਨ ਚੱਲੇ
ਸੀਨਾ ਵਕਤ ਦੇ ਕਹਿਰ ਨੇ ਪਾੜ
ਛੱਡਿਆ
ਜ਼ੁਲਮ ਵੈਰੀ ਨੇ ਕੀਤਾ ਬੜਾ ਨਾਲ ਸਾਡੇ
ਕੰਡੇ ਲੱਗਾ ਜਹਾਜ ਉਜਾੜ ਛੱਡਿਆ

ਕਾਮਾਗਾਟਾ ਮਾਰੂ ਨੂੰ ਹੋ ਜਦ ਯਾਦ
ਕਰਦੇ
ਪੈਂਦੀ ਸਾਡੇ ਕਾਲਜੇ ਠੰਡ ਬੱਚਿਓ
ਮਾਰੋ ਹੱਲਾ ਸਾਰੇ ਭਰਾ ਮਿਲ ਕੇ
ਖੁੱਲਣ ਦੇਣਾ ਨਾ ਏਕੇ ਦੀ ਗੰਢ ਬੱਚਿਓ

ਹੋਇਆ ਜੋ ਨਾ ਮੋੜਿਆ ਜਾ ਸਕਦਾ
ਢਾਹੇ ਵੈਰੀਆਂ ਤਿੰਨ ਸੌ ਛਿਹੱਤਰ ਮੰਦਰ
ਬਾਹਰ ਮੀ ਦਾ ਮਤਲਬ ਨਾ ਕੋਈ
ਬਣਦਾ
ਮਾਫ਼ੀ ਮੰਗਣੀ ਤਾਂ ਮੰਗੋ ਪਾਰਲੀਅਮੈਂਟ
ਅੰਦਰ
ਮਾਫ਼ੀ ਮੰਗਣੀ ਤਾਂ ਮੰਗੋ ਪਾਰਲੀਅਮੈਂਟ
ਅੰਦਰ


## ਪਿਆਰੇ ਬੱਚੇ

ਗੋਲ-ਮਟੋਲ ਪਿਆਰੇ ਬੱਚੇ
ਰਲ਼ ਕੇ ਖੇਡਣ ਸਾਰੇ ਬੱਚੇ
ਕਿੰਨਾ ਚੰਗਾ ਪਿਆ ਏ ਲੱਗਦਾ
ਮਾਰਨ ਜਦ ਕਿਲਕਾਰੇ ਬੱਚੇ

ਇੰਝ ਬੋਲਣ ਜਿਵੇਂ ਚਹਿਕਣ ਚਿੜੀਆਂ
ਲੱਗਣ ਬਾਗਾਂ ਵਿੱਚ ਕਲੀਆਂ ਖਿੜੀਆਂ
ਕੈਂਡੀਆਂ ਵੇਖ ਕੇ ਖੁਸ਼ ਹੋ ਜਾਵਣ
ਨਾਲੇ ਗੀਤ ਖ਼ੁਸ਼ੀ ਦੇ ਗਾਵਣ

ਭੋਲ਼ੇ ਚਿਹਰੇ ਪਿਆਰੀ ਜ਼ੁਬਾਨ
ਬੱਚੇ ਸਾਰੇ ਜੱਗ ਦੀ ਸ਼ਾਨ
ਵੱਖਰੀ ਦੁਨੀਆਂ ਇਨ੍ਹਾਂ ਦੀ ਵੱਸਦੀ
ਵੇਖੋ ਕੁਦਰਤ ਇਨ੍ਹਾਂ 'ਚ ਹੱਸਦੀ

**ਸਰੀ, ਕੈਨੇਡਾ**
**1-604-725-3340**
**avirdi4@gmail.com**



# ਨਜ਼ਮ

## ਦਵਿੰਦਰ ਕੌਰ ਜੌਹਲ



### ਧੀਆਂ ਦੀ ਪੁਕਾਰ

ਸਾਡੇ ਵਿਹੜੇ ਦੇ ਵਿੱਚ ਬੇਰੀਆ, ਬੇਰਾਂ
ਦੀਆਂ ਲੱਗੀਆਂ ਢੇਰੀਆਂ
ਸਾਡੇ ਉੱਥੋਂ ਕੰਡੇ ਚੁੱਭਦੇ, ਧੀ ਜੰਮੀ ਤੋਂ
ਮਾਪੇ ਡੁੱਬਦੇ
ਅਸਾਂ ਕਦੇ ਨਾ ਮੌਜਾਂ ਮਾਣੀਆਂ, ਸਾਡਾ
ਨਾਂ ਰੱਖਿਆ 'ਮਰ ਜਾਣੀਆਂ'
ਪਲ ਪਲ 'ਤੇ ਠੋਕ੍ਰਰ ਖਾਣੀਆਂ, ਇਹ
ਗੁੱਡੀਆਂ ਮਰ ਜਾਣੀਆਂ!

ਸਾਡੇ ਵਿਹੜੇ ਦੇ ਵਿੱਚ ਰੋੜੀਆਂ,
ਅਣਜੰਮੀਆਂ ਨਾਲ਼ੀ ਰੋੜ੍ਹੀਆਂ
ਸਾਡੀ ਚੀਕ ਅਸਮਾਨੀਂ ਗੂੰਜਦੀ,
ਕੋਈ ਮਾਂ ਨਾ ਅੱਥਰੂ ਪੂੰਝਦੀ
ਸਾਡੇ ਬਾਬਲ ਟੋਆ ਪੁੱਟਿਆ,
ਉੱਤੋਂ ਮਿੱਟੀ ਪਾ ਕੇ ਘੁੱਟਿਆ
ਡੋਲੀ ਸ਼ਮਸ਼ਾਨੀਂ ਤੋਰ ਕੇ,
ਸਾਡੇ ਬਾਬਲ ਪਾਸਾ ਵੱਟਿਆ
ਸਾਡੇ ਵਿਹੜੇ ਦੇ ਵਿੱਚ ਟਾਹਲੀਆਂ,
ਅਸਾਂ ਪਾਣੀ ਪਾ ਪਾ ਪਾਲ਼ੀਆਂ

ਪਰ ਕਦੇ ਨਾ ਛਾਵਾਂ ਮਾਣੀਆਂ, ਅਸੀਂ
ਰੋਗਣ ਹੋਈਆਂ ਟਾਹਣੀਆਂ
ਕਿਸੇ ਨਾ ਆਖਿਆ 'ਧੀਆਂ
ਰਾਣੀਆਂ',
ਸਾਨੂੰ ਮਾਰਿਆ ਸਾਡੇ ਹਾਣੀਆਂ
ਸਾਡੇ ਦਿਲਾਂ 'ਤੇ ਜ਼ਖ਼ਮ ਹਜ਼ਾਰ ਵੇ,
ਸਾਨੂੰ ਕਦੇ ਨਾ ਮਿਲ਼ਿਆ ਪਿਆਰ ਵੇ

ਸਾਡੇ ਵਿਹੜੇ ਦੇ ਵਿੱਚ ਅੰਬੀਆਂ, ਚੁੰਝਾਂ
ਮਾਰ ਤੋਤਿਆਂ ਡੰਗੀਆਂ
ਕਦੇ ਸੱਸਾਂ ਸਹੁਰੇ ਭੰਡੀਆਂ,
ਕੋਈ ਛੱਤਾਂ ਦੇ ਨਾਲ਼ ਟੰਗੀਆਂ
ਅਸਾਂ ਖ਼ੂਨ'ਚ ਸੱਧਰਾਂ ਰੰਗੀਆਂ,
ਬਿਨ ਕਫ਼ਨੋਂ ਕੱਢੀਆਂ ਨੰਗੀਆਂ
ਅਸੀਂ ਕਦੇ ਨਾ ਮੂੰਹੋਂ ਬੋਲੀਆਂ,
ਨਾ ਦਿਲ ਦੀਆਂ ਗੰਢਾਂ ਖੋਲ੍ਹੀਆਂ


ਸਾਨੂੰ ਪੇਟੀ ਦਿੱਤੀ ਦਾਜ ਦੀ,
ਸਾਨੂੰ ਗੁੜ੍ਹਤੀ ਦਿੱਤੀ ਲਾਜ ਦੀ
ਅਸੀਂ ਜੁੱਗਾਂ ਤੋਂ ਲੱਜਾਂ ਪਾਲ਼ੀਆਂ,
ਗੁਲਾਮੀ 'ਚ ਉਮਰਾਂ ਗਾਲ਼ੀਆਂ
ਸਾਡੀ ਕਿਸੇ ਨਾ ਲੀਤੀ ਸਾਰ ਵੇ,
ਉੱਠ 'ਦਵਿੰਦਰ' ਹੰਭਲਾ ਮਾਰ ਕੇ
ਛੱਡ ਦੁਨੀਆਦਾਰੀ ਦਾ ਤੌਖ਼ਲਾ,
ਕਿਤੇ ਢਾਹ ਨਾ ਬੈਠੀਂ ਹੌਂਸਲਾ
ਹਿੰਮਤਾਂ ਦਾ ਸਾਲੂ ਓੜ੍ਹ ਕੇ,
ਬਦਲੀਏ ਤਕਦੀਰਾਂ ਨੂੰ,
ਤੋੜੀਏ ਜ਼ੰਜੀਰਾਂ ਨੂੰ।

## ਹੁਸਨਾਂ ਦੀ ਮਲਕਾ

ਹੁਸਨਾਂ ਦੀ ਮਲਕਾ ਮੈਂ ਰੁਲ਼ਦੀ ਜਾਂ
ਦੇਖਾਂ
ਦਿਲ ਨੂੰ ਪੈਂਦੀਆਂ ਘੇਰਾਂ
ਜਿਵੇਂ ਝੋਲ਼ੀ 'ਚੋਂ ਮੋਤੀ ਕਿਰਦੇ,
ਮੈਂ ਲੱਪ ਲੱਪ ਹੰਝੂ ਕੇਰਾਂ

ਇੱਕ ਕੁੜੀ, ਇੱਕ ਕੁੜੀ, ਇੱਕ ਕੁੜੀ
ਪਰੀਆਂ ਵਰਗੀ ਜਿਸਦੀ ਸੂਰਤ
ਵਿਹਲੇ ਬਹਿ ਰੱਬ ਆਪ ਘੜੀ
ਪਰ ਅੰਦਰੋਂ ਉਹ ਦੁਖਿਆਰ ਬੜੀ
ਬੇਬਸ ਤੇ ਲਾਚਾਰ ਬੜੀ
ਓਸ ਕੁੜੀ ਦੀ ਅੱਜ ਕੋਈ
ਕਦਰ ਨਹੀਂ
ਉਸ ਦਾ ਤਾਂ ਕੋਈ ਘਰ ਨਹੀਂ
ਉਹ ਕੁੜੀ ਤਾਂ ਹੈ ਸਾਡੀ ਤਕਦੀਰ
ਉਹ ਕੁੜੀ ਤਾਂ ਹੈ ਸਾਡੀ ਸ਼ਮਸ਼ੀਰ
ਉਹਦੇ ਸ਼ਬਦਾਂ ਵਿੱਚ ਸਰੂਰ ਬੜਾ ਹੈ
ਉਹਦੇ ਜੁੱਸੇ ਵਿੱਚ ਗ਼ਰੂਰ ਬੜਾ ਹੈ
ਜਦ ਬੋਲੇ ਤਾਂ ਮੂੰਹੋਂ ਫੁੱਲ ਕਿਰਦੇ ਨੇ
ਗਲ਼ ਬਾਹਵਾਂ ਪਾਵੇ ਤਾਂ ਦਿਲ ਠਰਦੇ ਨੇ
ਉਹ ਤਾਂ ਸਾਡੀ ਮਾਂ ਵਰਗੀ ਹੈ
ਜਾਂ ਸੰਘਣੇ ਰੁੱਖ ਦੀ ਛਾਂ ਵਰਗੀ ਹੈ
ਸਵਤੰਤਰਤਾ ਦੀ ਰਾਣੀ ਹੈ ਉਹ
ਕੁੜੀਆ 'ਚੋਂ ਕੁੜੀ ਪਟਰਾਣੀ ਹੈ ਉਹ
ਵੇਦ ਗ੍ਰੰਥਾਂ ਦੀ ਸ਼ਾਨ ਕੁੜੀ ਹੈ
ਸੱਭਿਆਚਾਰ ਦਾ ਮਾਣ ਕੁੜੀ ਹੈ
ਪਰ ਅਜੇ ਵੀ ਉਹ ਦੁਖਿਆਰ
ਬੜੀ ਹੈ
ਬੇਬਸ ਤੇ ਲਾਚਾਰ ਬੜੀ ਹੈ
ਬੁੱਝੋ ਤਾਂ ਭਲਾ ਉਹ ਕੌਣ ਕੁੜੀ ਹੈ
ਉਹ ਕੁੜੀ ਹੈ ਸਾਡੀ ਪੰਜਾਬੀ ਬੋਲੀ
ਕਣ-ਕਣ ਵਿੱਚ ਜਿਸ ਮਿਸ਼ਰੀ ਘੋਲ਼ੀ
ਜੇ ਓਸ ਕੁੜੀ ਨੂੰ ਭੁੱਲ ਜਾਵਾਂਗੇ
ਅਸੀਂ ਕੱਖਾਂ ਵਾਂਗੂੰ ਰੁਲ਼ ਜਾਵਾਂਗੇ
ਜੇ ਉਸ ਕੁੜੀ ਦਾ ਸਾਡੇ ਸਿਰ 'ਤੇ ਹੱਥ
ਨਾ ਹੁੰਦਾ
ਕਵੀ ਦਰਬਾਰਾਂ ਵਿੱਚ ਏਨਾ
ਇਕੱਠ ਨਾ ਹੁੰਦਾ
ਏਸ ਕੁੜੀ'ਤੇ 'ਦਵਿੰਦਰ' ਨੂੰ ਮਾਣ
ਬੜਾ ਹੈ
ਦਿਲ ਦੇ ਵਿੱਚ ਸਨਮਾਨ ਬੜਾ ਹੈ।

**ਸਰੀ, ਕੈਨੇਡਾ**
**+1 604 813 7284**



# ਨਜ਼ਮ

## ਕੁਲਦੀਪ ਸਿੰਘ ਬਾਸੀ



### ਸੋਚ ਦੀ ਫ਼ਸਲ

ਵਿਚਾਰਾਂ ਦੀ ਜ਼ਮੀਨ ਤਿਆਰ ਕਰੋ,
ਸੋਚਾਂ ਵਾਲਾ ਡੂੰਘਾ ਹਲ ਵਾਹ ਕੇ,
ਖ਼ਿਆਲਾਂ ਦੀ ਵੱਤਰ ਸੰਭਾਲ ਕੇ,
ਵਧੀਆ ਤੇ ਸਾਫ਼ ਸੁਥਰਾ,
ਪਵਿੱਤਰ ਸੋਚ ਦਾ ਬੀਜ ਖਿਲਾਰ ਕੇ,
ਪੁੰਗਰਨ ਦਿਓ, ਉੱਗਣ ਦਿਓ,
ਇਹ ਫ਼ਸਲ ਹੈ ਸੋਚ ਦੀ,
ਉੱਚੀ ਤੇ ਸੁੱਚੀ ਹੋਵੇ,
ਨਿਰਭੈ ਹੋਵੇ, ਨਿਰਵੈਰ ਹੋਵੇ,
ਸੂਰਜ ਦੀ ਕਿਰਨ ਵਾਂਗ ਚਮਕਦੀ,
ਚੰਦ ਦੀ ਚਾਨਣੀ ਵਾਂਗ ਠੰਢੀ,
ਅੰਬਰ ਦੀ ਉਚਾਈ ਵਰਗੀ,
ਸਮੁੰਦਰ ਦੀ ਡੂੰਘਾਈ ਵਰਗੀ,
ਮਨੁੱਖਤਾ ਦੇ ਹਾਣ ਦੀ ਹੋਵੇ,
ਫੌਜੀ ਦੀ ਕੁਰਬਾਨੀ ਵਰਗੀ,
ਸ਼ਹੀਦ ਦੇ ਜਜ਼ਬੇ ਵਰਗੀ,
ਮਾਂ ਦੀ ਮਮਤਾ ਵਰਗੀ,
ਪਿਓ ਦੀ ਜ਼ਿੰਮੇਵਾਰੀ ਵਰਗੀ,
ਭਰਾ ਦੀ ਬਾਂਹ ਵਰਗੀ,
ਭੈਣ ਦੇ ਮੋਹ ਵਰਗੀ,
ਦੋਸਤੀ ਦੇ ਜਜ਼ਬਾਤਾਂ ਵਰਗੀ,
ਸਾਧ ਦੀ ਸਾਦਗੀ ਵਰਗੀ,

### ਹੰਝੂ

ਲਹੂ ਨੂੰ ਪੁਣਦਾ ਤੇ ਛਾਣਦਾ ਰਿਹਾ,
ਮੁਸ਼ੱਕਤ ਕਰਦਾ ਦਿਲ ਮੇਰਾ ਰਿਹਾ,
ਹੰਝੂ ਕੋਈ ਖ਼ਾਰਾ ਪਾਣੀ ਨਹੀਂ,
ਸੁੱਚੇ ਖ਼ੂਨ ਵਿੱਚੋਂ ਉਪਜਦਾ ਹੰਝੂ ਰਿਹਾ।

ਦਿਲ ਦੀ ਕੁੱਖ 'ਚੋਂ ਉਪਜਦੇ ਨੇ ਹੰਝੂ,
ਹੱਸਣ ਨਾ ਖੇਡਣ, ਪਰ ਪਲਦੇ ਨੇ ਹੰਝੂ
ਬਿਖਰਦੇ ਤੇ ਟੁੱਟਦੇ, ਵਿਲਕਦੇ ਨੇ ਹੰਝੂ,
ਉਦਾਸ ਜਾਂ ਰੋਂਦੇ, ਪਰ ਮਰਦੇ ਨੇ ਹੰਝੂ।

ਲੱਗਣ ਭਾਵੇਂ ਹੰਝੂ ਇਹ ਖ਼ਾਰੇ ਨੇ,
ਵਿਚਾਰੇ ਵਖ਼ਤਾਂ ਦੇ ਇਹ ਮਾਰੇ ਨੇ,
ਖ਼ੁਸ਼ੀ ਵਿੱਚ ਇਹ ਚਮਕਣ ਹੰਝੂ,
ਉਦਾਸੀ ਨੂੰ ਇਹ ਸਮਝਣ ਹੰਝੂ।

ਅੱਖ ਤਾਂ ਸਿਰਫ ਹੰਝੂ ਦਿਖਾਵੇ,
ਰੋਂਦਾ ਵਿਚਾਰਾ ਦਿਲ ਵਿੱਚ ਵੈਰਾਗੇ,
ਪਿਆਰ ਤਾਂ ਸੱਜਣਾਂ ਨੂੰ ਵੀ ਲੜਾਵੇ,
ਹੰਝੂ ਤਾਂ ਵਿਛੜਿਆਂ ਨੂੰ ਗਲ ਲਾਵੇ।

ਉਦਾਸੀ ਦਾ ਆਲਮ ਨੇ ਇਹ ਹੰਝੂ,
ਅੱਖ ਆਪਣੀ ਦੇ ਬੇਵਫ਼ਾ ਇਹ ਹੰਝੂ,
ਅਜਬ ਤਮਾਸ਼ਾ ! ਜਦੋਂ ਨਿਕਲਣ ਇਹ ਹੰਝੂ,
ਆਪਣੇ ਪਰ, ਨਿਕਲਣ ਕਿਸੇ ਲਈ ਹੰਝੂ

ਕਾਸ਼ ! ਬਣ ਜਾਵਾਂ ਮੈਂ ਇੱਕ ਹੰਝੂ,

ਅੱਖ ਤੇਰੀ ਵਿੱਚੋਂ ਜਨਮਾ ਮੈਂ ਹੰਝੂ,
ਰੈਣ-ਬਸੇਰਾ ਹੋਵੇ ਗੱਲ ਤੇਰੀ,
ਬੁੱਲਾਂ 'ਤੇ ਮਰ ਜਾਵਾਂ, 'ਬਾਸੀ' ਬਣ
ਹੰਝੂ।

## ਜ਼ਿੰਦਗੀ

ਇੱਕ ਚੁਟਕੀ ਮਿੱਟੀ,
ਕੁਝ ਬੂੰਦਾਂ ਪਾਣੀ ਦੀਆਂ,
ਹਵਾ ਦੀਆਂ ਫ਼ੁਹਾਰਾਂ,
ਬੀਜ ਪੁੰਗਰਨ ਲਈ,
ਜ਼ਿੰਦਗੀ ਜਿਊਣ ਲਈ,
ਬੱਸ ਕਾਫ਼ੀ ਨੇ !!

## ਐ ਜ਼ਿੰਦਗੀ

ਪੱਤਝੜ ਦੀਆਂ ਕਰਕੇ ਗੱਲਾਂ,
ਨਾ ਉਦਾਸ ਕਰ ਐ ਜ਼ਿੰਦਗੀ।
ਭਰ ਹੁੰਗਾਰਾ ਬਹਾਰ ਦਾ ਤੂੰ,
ਖਿੜੇ ਫੁੱਲਾਂ ਵਾਂਗ ਐ ਜ਼ਿੰਦਗੀ।
ਪਰਤਦੇ ਪਿਛਲੇ ਪੰਨਿਆਂ ਨੂੰ,
ਬਣਾ ਨਵੀਂ ਤਸਵੀਰ ਐ ਜ਼ਿੰਦਗੀ।
ਗਿਲ੍ਹੇਸ਼ਿਕਵੇ ਪੂੰਝ ਛੱਡ,
ਭਰ ਰੰਗ ਨਵੇਂ ਐ ਜ਼ਿੰਦਗੀ।
ਸਿੱਖ ਲੈ ਗ਼ਲਤੀਆਂ ਤੋਂ,
ਸਰ ਕਰ ਮੰਜ਼ਿਲਾਂ ਐ ਜ਼ਿੰਦਗੀ।
ਪਾ ਗਲਵੱਕੜੀ ਪਿਆਰ ਦੀ,
ਲੈ ਸਵਾਰ ਆਪਣੀ ਐ ਜ਼ਿੰਦਗੀ।
ਕਰ ਕਦਰ ਸਮੇਂ ਦੀ,
ਲੈ ਮਾਣ ਖ਼ੁਸ਼ੀਆਂ ਐ ਜ਼ਿੰਦਗੀ।
`ਬਾਸੀ` ਨਾ ਕਰ ਉਡੀਕ ਵਿਹਲ ਦੀ,
ਲੈ ਪਰੋ ਤੂੰ ਵਕਤ ਨੂੰ ਐ ਜ਼ਿੰਦਗੀ।

## ਬੂੰਦ

ਕੀ ਕਿਹਾ-- ਬੂੰਦ,
ਇਕਾਗਰ ਚਿੱਤ ਹੋ,
ਧਿਆਨ ਧਰੋ,
ਆਪਣੀ ਅੱਖ ਨੂੰ,
ਨਜ਼ਰ ਨੂੰ,
ਬਿਰਤੀ ਨੂੰ,
ਸੋਚ ਨੂੰ,
ਸਰਪਟ ਦੁੜਾਓ,
ਰੋਸ਼ਨੀ ਦੀ ਚਾਲ।
ਦਿਮਾਗ 'ਤੇ ਥੋੜ੍ਹਾ ਬੋਝ ਪਾਓ,
ਮੈਂ ਸਿਰਫ਼,
ਇੱਕ ਕਣੀ ਨਹੀਂ,
ਇੱਕ ਤੁਪਕਾ ਨਹੀਂ,
ਬੂੰਦ ਵੀ ਨਹੀਂ,
ਮੈਂ ਇੱਕ ਸਮੁੰਦਰ,
ਨਹੀਂ ਪੂਰੇ ਸੱਤ ਸਮੁੰਦਰ,
ਧਰਤੀ ਦੇ ਗਰਭ ਵਿੱਚ,
ਬੱਦਲਾਂ ਦੇ ਗਰਭ ਵਿੱਚ,
ਕਾਇਨਾਤ ਦੇ ਗਰਭ ਵਿੱਚ,
ਲੁਕੀ ਬੈਠੀ ਹਾਂ।
ਜ਼ਿੰਦਗੀ, ਹਾਂ-ਹਾਂ ਜ਼ਿੰਦਗੀ,
ਮਨੁੱਖਤਾ ਤੱਕ ਸੀਮਤ ਨਹੀਂ,
ਸਾਰੀ ਕਾਇਨਾਤ ਦੀ ਹਾਂ,
ਕੁਦਰਤ ਦੀ ਕਾਇਨਾਤ ਨੂੰ,
ਆਪਣੀ ਜ਼ਿੰਦਗੀ ਨੂੰ,
ਪਿਆਰ ਕਰੋ, ਸਤਿਕਾਰ ਦਿਓ,
ਜੋ ਸਿਰਫ਼ ਇੱਕ,
ਬੂੰਦ ਵਿੱਚ ਲਟਕੀ ਹੋਈ ਹੈ।

**ਸਰੀ, ਕੈਨੇਡਾ**
**604 6499954**
**diljot.s.b@gmail.com**

# ਟੱਪੇ

ਰੁਪਿੰਦਰ ਖਹਿਰਾ ਰੂਪੀ



## ਟੱਪੇ

ਮੀਂਹ ਪੈਂਦਾ ਈ ਰੋੜ੍ਹਾਂ ਤੇ
ਪਾਣੀ ਦੇ ਸੋਮੇ ਸੁੱਕ ਗਏ
ਦਿਨ ਛਾਅ ਗਏ ਔੜਾਂ ਦੇ

ਕੋਠੇ ਤੇ ਕਾਨਾ ਏ
ਛੱਡ ਕੇ ਮਹਿਲ ਮਾੜੀਆਂ
ਆਖ਼ਿਰ ਤੁਰ ਜਾਣਾ ਏ

ਘੁੱਗੀ ਘੂੰ ਘੂੰ ਕਰਦੀ ਏ
ਦਿਸਦਾ ਨਾ ਰੁੱਖ ਕੋਈ
ਝੱਖੜ੍ਹ ਆਉਣ ਤੋਂ ਡਰਦੀ ਏ

ਤੋਤਾ ਉੱਡ ਗਿਆ ਪਿੱਪਲ ਤੋਂ
ਜਿੰਦ ਪ੍ਰਦੇਸੀ ਰੁਲ ਗਈ
ਤਰਸੇ ਮਾਂ ਦੀ ਬੁਕੱਲ ਤੋਂ

ਕੋਠੇ ਤੇ ਕਾਨੀ ਏ
ਕੱਟ ਕੱਟ ਰੁੱਖ ਮੁਕਾਏ
ਸੁੱਕਿਆ ਨਦੀਆਂ ਦਾ ਪਾਣੀ ਏ

ਦੋ ਫੁੱਲ ਗੁਲਾਬ ਦੇ
ਨਸ਼ੇ 'ਚ ਜਵਾਨੀ ਰੁੜ੍ਹ ਗਈ
ਦਰਿਆ ਗੰਧਲੇ ਪੰਜਾਬ ਦੇ

ਟੋਭੇ ਤੇ ਮਿਰਗਾਈ ਏ
ਗੈਂਗਾਂ ਵਿੱਚ ਪੁੱਤ ਮਰ ਗਏ
ਮਾਪੇ ਪਾਉਣ ਦੁਹਾਈ ਏ

ਤੁਰ ਪ੍ਰਦੇਸ ਗਿਓ
ਵਤਨੀਂ ਕੀ ਖ਼ਰਾਬੀ ਏ

ਤੂੰਬਾ ਵਜੱਦਾ ਈ ਤਾਰਾਂ ਤੇ
ਵੇ ਕਿਹੜੀ ਉੱਤੇ ਡੁਲ੍ਹ ਗਿਓਂ
ਆਇਆ ਨਾ ਕਰਾਰਾਂ ਤੇ

ਸੋਨੇ ਦੀ ਇੱਟ ਮਾਹੀਆ
ਦੱਸੇ ਵੇ ਨਾ ਤੂੰ ਭੇਦ ਦਿਲ ਦੇ
ਮੇਰਾ ਰੋਂਦਾ ਈ ਚਿੱਤ ਮਾਹੀਆ

ਕੋਠੇ ਤੇ ਰਾਈ ਏ
ਜਿੰਦ ਸਾਡੀ ਮੁੱਕ ਚੱਲੀ ਏ
ਸਾਡਾ ਮੁੜਿਆ ਨਾ ਮਾਹੀ ਏ

ਦੋ ਪੱਤਰ ਅਨਾਰਾਂ ਦੇ
ਸਾਡੀ ਗਲੀ ਲੰਘ ਮਾਹੀਆ
ਪੁੱਛ ਹਾਲ ਬਿਮਾਰਾਂ ਦੇ

ਦੋ ਪੱਤਰ ਅਨਾਰਾਂ ਦੇ
ਤੇਰੀ ਮੇਰੀ ਇੱਕ ਜਿੰਦੜੀ
ਆ ਮਿਲ ਕਰਾਰਾਂ ਤੇ

ਹਾਸੇ ਗਵਾਰਾਂ ਦੇ
ਹਰੀ ਭਰੀ ਧਰਤੀ ਤੇ
ਸਵਰਗ ਉਤਾਂਰਗੇ

ਗੱਡੀ ਚਲਦੀ ਤਾਰਾਂ ਤੇ
ਚਾਰ ਦਿਨ ਦੀ ਜਿੰਦੜੀ ਨੂੰ
ਹੱਸ ਖੇਡ ਗੁਜ਼ਾਰਾਂਗੇ

ਸਰੀ, ਕੈਨੇਡਾ
+16045439731

# ਗੀਤ/ਨਜ਼ਮ

## ਪ੍ਰੀਤਪਾਲ ਅਟਵਾਲ ਪੂਨੀ



**1**

ਵੇਖੋ ਵੇ ਵੇਖੋ
ਕਲਮਾਂ ਵਾਲਿਓ
ਛਾਈ ਚਾਨਣ ਸੱਖਣੀ ਧੁੱਪ ਵੇ
ਡਾਢਾ ਕਹਿਰ ਵੇ
ਭਿਆਨਕ ਪਹਿਰ ਵੇ
ਇਹ ਗੂੰਗੀ ਰੁੱਤ ਵੇ, ਤੋੜੋ ਵੇ ਤੋੜੋ
ਹਰਫ਼ਾਂ ਦੀ ਚੁੱਪ ਵੇ

ਮੋੜੋ ਵੇ ਮੋੜੋ
ਹਵਾ ਦਾ ਰੁੱਖ ਵੇ
ਉਡਾ ਕੇ ਲੈ ਗਈ
ਜ਼ਮੀਰਾਂ ਰੌਸ਼ਨੀ
ਪਿੱਛੇ ਰਹਿ ਗਏ
ਸਹਿਕਦੇ ਬੁੱਤ ਵੇ, ਤੋੜੋ ਵੇ ਤੋੜੋ ਹਰਫ਼ਾਂ
ਦੀ ਚੁੱਪ ਵੇ

ਖੋਲ੍ਹੋ ਵੇ ਖੋਲ੍ਹੋ
ਫਰਜ਼ਾਂ ਦੀ ਗੰਢ
ਸਮੇਂ ਦੀ ਮੰਗ
ਬਣੋ ਸਾਹਿਤ ਦੇ
ਰਖਵਾਲੇ ਧੀਆਂ ਪੁੱਤ ਵੇ, ਤੋੜੋ ਵੇ ਤੋੜੋ
ਹਰਫ਼ਾਂ ਦੀ ਚੁੱਪ ਵੇ

ਚੰਡੋ ਵੇ ਚੰਡੋ
ਕਲਮ ਤਲਵਾਰ ਨੂੰ
ਇਹਦੀ ਖੁੰਢੀ ਧਾਰ ਨੂੰ
ਵਾਰ ਦੀ ਰਫ਼ਤਾਰ ਨੂੰ
ਕਿਉਂ ਗਏ ਨੇ
ਲਫ਼ਜ਼ ਮਿਆਰੀ ਮੁੱਕ ਵੇ, ਤੋੜੋ ਵੇ ਤੋੜੋ
ਹਰਫ਼ਾਂ ਦੀ ਚੁੱਪ ਵੇ

ਮੰਗੋ ਵੇ ਮੰਗੋ ਵੇ
ਜਗਤ ਜਨਣੀ ਦੀ ਸੁੱਖ ਵੇ
ਹੁਣ  ਜੰਮੇ, ਦੁਰਗਾ
ਸੰਤ, ਯੋਧੇ, ਸੂਰਮੇ
ਇਸ ਦੀ ਸੁਲੱਖਣੀ ਕੁੱਖ ਵੇ, ਤੋੜੋ ਵੇ
ਤੋੜੋ ਹਰਫ਼ਾਂ ਦੀ ਚੁੱਪ ਵੇ

ਬੀਜੋ ਵੇ ਬੀਜ
ਇਹ ਵਾਹੀ ਦੀ ਵੱਤ ਵੇ
ਲਿਖਤਾਂ ਵਿੱਚ ਮੁਹੱਬਤਾਂ
ਮੁਹੱਬਤਾਂ ਵਿੱਚ ਸ਼ਿੱਦਤਾਂ
ਉੱਗੇ ਇਨਸਾਨੀਅਤ
ਧਰਤੀ ਤੇ ਝੁੱਲੇ ਚਾਨਣੀ ਰੁੱਤ ਵੇ, ਤੋੜੋ
ਵੇ ਤੋੜੋ ਹਰਫ਼ਾਂ ਦੀ ਚੁੱਪ ਵੇ

ਸੁਣੋ ਵੇ ਸੁਣੋ
ਬ੍ਰਹਿਮੰਡ ਦੀ ਗੂੰਜ
ਚੰਦ, ਸੂਰਜ ਤਾਰਿਆਂ ਦੀ ਸੂਝ
ਨੂਰ ਇਲਾਹੀ ਬਰਸ ਜਾਏ
ਮਹਿਕੇ ਆਂਚਲ ਧਰਤ ਦਾ
ਕਿਤੇ ਟਹਿਕੇ ਪ੍ਰੀਤ ਦਾ ਮੁੱਖ ਵੇ, ਤੋੜੋ
ਵੇ ਤੋੜੋ ਹਰਫ਼ਾਂ ਦੀ ਚੁੱਪ ਵੇ

## 2

ਭੁੱਲੇ ਭਟਕੇ ਗੀਤ ਮੇਰੇ
ਮੈਂਥੋ ਮੰਗਣ ਨੇਕ ਸਲਾਹਾਂ
ਇਹ ਤਾਂ ਆਸ਼ਕ ਨੇ ਖੁਦਾ ਦੇ
ਢੂੰਡਣ ਉਹਦੀਆਂ ਰਾਹਾਂ
ਜੱਗ ਦੀਆਂ ਪੈੜਾਂ ਤੁਰਦੇ ਤੁਰਦੇ
ਬਹੁਤ ਭਟਕੇ ਉਲਟ ਦਿਸ਼ਾਵਾਂ
ਮੈਂ ਤੱਤੜੀ ਉਹਦੀ ਸਾਰ ਨਾਂ ਜਾਣਾ
ਕਿੰਝ ਦੱਸਾਂ ਸਰਨਾਵਾਂ
ਕਰ ਰਹਿਮਤ ਤੂੰ ਆਪ ਖੁਦਾਯਾ
ਯੁਗੋ ਤੁਰੇ ਇਹ ਸੱਖਣੇ
ਕਿਤੇ ਬਦਲਣ ਵਿੱਚ ਦੁਆਵਾਂ

## 3

ਕਰਾਂ ਸਿਫ਼ਤ ਮੈਂ ਕਿਵੇਂ ਕਿਨਾਰਿਆਂ ਦੀ
ਲਹਿਰਾਂ ਦੇ ਅਜ਼ੀਜ਼ ਸਹਾਰਿਆ ਦੀ
ਕਿਨਾਰੇ ਅੰਦਰ ਹੀ ਲਹਿਰ ਦੀ ਹੱਦ
ਹੁੰਦੀ
ਬਿਨਾ ਲਹਿਰ ਕਿਨਾਰਾ ਸੁੱਕ ਜਾਂਦਾ
ਉੱਠੇ ਹੱਦ ਤੋਂ ਵੱਧ ਜੇ ਮਾਣਮੱਤੀ
ਉਹਦਾ ਆਪਣਾ ਕਿਨਾਰਾ ਹੀ ਟੁੱਟ
ਜਾਂਦਾ
ਫਨਾਹ ਹੋ ਕੇ ਪਰਤਦੀ ਲਹਿਰ ਜਦ ਵੀ
ਉਹਦੀ ਬੇਵੱਸੀ ਦਾ ਕੀ ਹਸ਼ਰ ਹੁੰਦਾਂ
ਕਿਵੇਂ ਸਾਂਭਦੀ ਵਜੂਦ ਕਿਨਾਰਿਆਂ ਦਾ
ਕਿੱਸਾ ਓਸ ਦਾ ਬਸ .. ਓਸ ਤੇ ਹੀ
ਮੁੱਕ ਜਾਂਦਾ

## 4

ਭਟਕਣ ਮੇਰਾ ਜਨੂਨ  ਜੋ ਮੇਰੀ
...ਮਸਤੀ ਬਣ ਗਈ
ਇਹ ਖ਼ੂਬਸੂਰਤ ਜਲੌਅ  ਹੀ ਮੇਰੀ
ਹਸਤੀ ਬਣ ਗਈ
ਜੀਵਨ ਦੇ ਤਪ ਨੇ ਤਪਾਇਆ ਏ
...।ਕੁਝ ਇਸ ਤਰਾਂ
ਇਹ ਰਾਹਾਂ ਦੀ ਭਟਕਣ ਹੀ ਮੇਰੀ
ਭਗਤੀ ਬਣ ਗਈ

## 5

ਹੱਸ ਹੱਸ ਵੱਸਦਾ ਏ ਜੱਗ ਵਿਹੂਣਾ
ਸਾਨੂੰ ਤੇਰੇ ਦੀਦ ਦੀ ਤਾਂਘ ਸਤਾਵੇ
ਉੱਠ ਸਮੇਟੀ ਗੰਡੜੀ ਆਪਣੀ
ਤੁਰ ਪਈ ਇਸ਼ਕੇ ਦੇ ਰਾਹੇ
ਲੰਬੀਆਂ ਲੰਬੀਆਂ ਨ੍ਹੇਰੀਆ ਪੈਂਡਾ
ਨੀ ਕਿਤੇ ਸੱਜਣ ਨਜ਼ਰ ਨਾਂ ਆਵੇ
ਟੋਟੇ ਹੋਈ ਇਹ ਜ਼ਿੰਦ ਨਿਮਾਣੀ
ਵੇ ਦੱਸ ਸਾਂਈਆ ਕਿਧਰ ਨੂੰ ਜਾਵੇ
ਜੱਗ ਦਾ ਪਾਸਾ ਹਲਕਾ ਜਾਪੇ
ਜਦ ਰੂਹ ਬਿਰਹਾ ਕੁਰਲਾਵੇ
ਮੇਰਿਆਂ ਸਾਂਈਆ ,ਜੱਗ ਦਿਆ
ਸਾਂਈਆਂ
ਤੈਨੂੰ ਤਾਂ ਮੰਨਦੀ ,ਜੇ ਮੇਰਾ ਇਸ਼ਕ
ਸੂਲੀ ਚੜ ਜਾਵੇ
ਤੇ ਸੂਲੀ ਚੜੇ ਇਸ਼ਕੇ ਦੀ
ਰੱਖ ਲਾਜ ਸੱਜਣ ਘਰ ਆਵੇ

**ਸਰੀ, ਕੈਨੇਡਾ**
**+917783872546**

# .ਗ਼ਜ਼ਲ

## ਗੁਰਦਰਸ਼ਨ ਬਾਦਲ



### .ਗ਼ਜ਼ਲ

ਆਦਮੀ ਫਿਰਦਾ ਹੈ ਕਿਉਂ? ਸੱਚ ਤਾਈਂ ਟਾਲ਼ਦਾ।
ਕੀ ਤਰੀਕਾ ਹੈ ਇਹੀ? ਪੀੜ ਦੀ ਪੜਤਾਲ਼ ਦਾ।

ਤਰਕ ਤੇ ਵਿਸ਼ਵਾਸ ਵੀ, ਭੀੜ ਦੇ ਵਸਨੀਕ ਨੇ,
ਕੱਲਿਆਂ ਤੁਰਨਾ ਅਤੇ, ਗੌਲਣਾ ਨਾ ਨਾਲ਼ ਦਾ।

ਗਿਣਤੀਆਂ ਨੂੰ ਛਾਨਣਾ, ਮਿਣਤੀਆਂ ਨੂੰ ਮਾਨਣਾ,

ਹਾਸਿਲਾਂ ਦਾ ਆਸਰਾ, ਜਿਉਣ-ਅਗਨੀ ਬਾਲ਼ਦਾ।

ਖੇਤ ਵਿਚ ਕਿਰਸਾਨ ਵੀ, ਰੋਟੀਓਂ ਆਤੁਰ ਰਹੇ,
ਤੂਤ ਛਾਵੇਂ ਲੇਟਦੈ, ਪਾਣੀ ਪੀ ਕੇ ਖਾਲ਼ ਦਾ।

ਵਕ਼ਤ ਦੇਵੇ ਸਾਥ ਜੇ, ਹੌਂਸਲਾ, ਮਿਹਨਤ ਫਲ਼ੇ,
ਮੁੱਲ ਪੈਂਦੈ ਫੇਰ ਹੀ, ਉੱਚੀ-ਲੰਮੀ ਛਾਲ਼ ਦਾ।

ਪੌਦਿਆਂ ਵਿਚ ਬੀਜ ਹੈ, ਬੀਜ ਤੋਂ ਪੌਦਾ ਬਣੇ,
ਫੁੱਲ, ਕਲੀਆਂ, ਭੌਰ ਵੀ, ਰੂਪ ਨੇ ਮਖਿਆਲ਼ ਦਾ।

ਵਾਸਨਾ ਤੇ ਵਾਸ਼ਨਾ, ਹੈਨ ਦੋਵੇਂ ਭਾਲ਼ ਵਿਚ,
ਗੰਢ ਕੋਈ ਖੁੱਲ੍ਹ ਜੇ, ਕੀ ਭਰੋਸਾ ਜਾਲ਼ ਦਾ?

ਹੱਥ ਤਾਂ ਜੋੜੇ ਗਏ, ਜੀਭ ਨਾ ਰੋਕੀ ਗਈ,
ਕੀ ਨਤੀਜਾ ਨਿਕਲਿਆ, ਅਲ-ਪਟੱਲੀ ਭਾਲ਼ ਦਾ

ਕੰਮ ਲੈਂਦਾ ਅਕ਼ਲ ਤੋਂ, ਮੰਨਦਾ ਮਾਂ-ਬਾਪ ਦੀ,
ਪੱਥਰਾਂ ਵਿਚ 'ਬਾਦਲਾ' ਜ਼ਿੰਦਗੀ ਨਾ ਗਾਲ਼ਦਾ।

### .ਗ਼ਜ਼ਲ

ਪਕੜ ਵਿਚ ਨਾ ਆਈ, ਕਲਾ ਜ਼ਿੰਦਗੀ ਦੀ।
ਬਹੁਤ ਦੁੱਖ ਭਰੀ ਹੈ, ਕਥਾ ਜ਼ਿੰਦਗੀ ਦੀ।

ਨਾ ਰੋਟੀ, ਨਾ ਕਪੜਾ, ਨਾ ਛਾਂ ਕੋਈ ਸਿਰ 'ਤੇ,
ਇਵੇਂ ਵੀ ਹੈ ਭੁਗਤੀ, ਸਜ਼ਾ ਜ਼ਿੰਦਗੀ ਦੀ।

ਮਿਰੇ ਨਾਲ਼ ਰੋਸੇ, ਉਦ੍ਹੇ ਨਾਲ਼ ਵਾਅਦੇ,
ਵਿਲੱਖਣ ਜਿਹੀ ਸੀ, ਅਦਾ ਜ਼ਿੰਦਗੀ ਦੀ।

ਜੋ ਸੱਚ ਵੇਖਿਆ ਸੀ, ਕਦੇ ਕਹਿ ਨਾ ਹੋਇਆ,
ਤਦੇ ਹੀ ਹੈ ਬਣਦੀ, ਕਜ਼ਾ ਜ਼ਿਦਗੀ ਦੀ।

ਨਾ ਫੁੱਲਾਂ ਦੀ ਖੁਸ਼ਬੂ, ਨਾ ਬੋਲਾਂ ਦਾ ਮਿੱਠਾ,
ਗਈ ਭਾਲ਼ ਖਾਲੀ, ਸਦਾ ਜ਼ਿਦਗੀ ਦੀ।

ਸਦਾ ਸਾਹ ਹੁਧਾਰੇ, ਹੀ ਮਿਲਦੇ ਰਹੇ ਨੇ,
ਉਹ ਕੀਮਤ ਸੀ ਲੈਂਦੇ, ਲਿਖਾ ਜ਼ਿਦਗੀ ਦੀ।

ਕਦੇ ਵੀ ਸਮਾਂ, ਸਾਡਾ ਸਾਥੀ ਨਾ ਹੋਇਆ,
ਖੁਸ਼ਾਮਦ ਵੀ ਕੀਤੀ, ਭਰਾ! ਜ਼ਿਦਗੀ ਦੀ।

ਅਸਾਡਾ ਵਿਰੋਧੀ ਸੁਭਾਅ, ਬਣ ਨਾ ਸਕਿਆ,
ਰਹੇ ਮੰਨ ਕੇ ਚਲਦੇ, ਰਜ਼ਾ ਜ਼ਿੰਦਗੀ ਦੀ।

ਇਦ੍ਹੋ ਰਾਜ਼ ਤੈਨੂੰ, ਸਮਝਣੇ ਨਾ 'ਬਾਦਲ'
ਨਾ ਕੀਮਤ ਤੂੰ ਕੋਈ, ਲਗਾ ਜ਼ਿੰਦਗੀ ਦੀ।

## ਗ਼ਜ਼ਲ

ਤੁਸਾਂ ਤੋਂ ਇਉਂ ਵੀ ਨਾ ਸਰਿਆ, ਕਦੋਂ ਦੀ ਰੀਝ ਸੀ ਮੇਰੀ।
ਗਿਆ ਫੈਹਾ ਨਾ ਇਕ ਧਰਿਆ, ਕਦੋਂ ਦੀ ਰੀਝ ਸੀ ਮੇਰੀ।

ਤਸੱਲੀ ਦੇਣ ਲਈ ਮੈਨੂੰ, ਨਾ ਬੋਲੇ ਬੋਲ ਦੋ ਮਿੱਠੇ,
ਤੇ ਇਕ ਹੰਝੂ ਵੀ ਨਾ ਭਰਿਆ, ਕਦੋਂ ਦੀ ਰੀਝ ਸੀ ਮੇਰੀ।

ਸਲਾਹਾਂ ਕਿੰਨੀਆਂ ਦੇ ਕੇ, ਤਿਰਾ ਮਨ ਮੋੜਿਆ ਪਲ-ਪਲ,
ਤਿਰਾ ਹੰਕਾਰ ਨਾ ਮਰਿਆ, ਕਦੋਂ ਦੀ ਰੀਝ ਸੀ ਮੇਰੀ।

ਰੁਕਾਵਟ ਨੇ ਜਦੋਂ ਚਾਹਿਆ, ਨਿਸ਼ਾਨਾ ਹੀ ਬਦਲ ਦਿੱਤਾ,
ਨਵਾਂ ਰਸਤਾ ਬਣਾ ਧਰਿਆ, ਕਦੋਂ ਦੀ ਰੀਝ ਸੀ ਮੇਰੀ।

ਨਦੀ ਦਾ ਹਰ ਮੁਹਾਣਾ ਵੀ, ਤਿਖੇਰਾ ਮੋੜ ਲੈ ਲੈਂਦੈ,
ਭੰਵਰ ਵਿਚ ਕੈਦ ਲਾਂ ਦਰਿਆ, ਕਦੋਂ ਦੀ ਰੀਝ ਸੀ ਮੇਰੀ।

ਕੁਈ ਪੱਤਾ ਨਾ ਟੁੱਟ ਕੇ ਟਾਹ੍ਣ ਤੋਂ, ਗੁੱਡੇ ਤਰ੍ਹਾਂ ਉੱਡਿਆ,
ਤੇ ਨਾ ਕਿਸ਼ਤੀ ਤਰ੍ਹਾਂ ਤਰਿਆ, ਕਦੋਂ ਦੀ ਰੀਝ ਸੀ ਮੇਰੀ।

ਪਲੋ-ਪਲ ਟੁਟਦਿਆਂ ਜਿਸਮਾਂ 'ਚ, ਹੋਵੇ ਠੰਢ ਨਾ ਪੈਦਾ,
ਤਪੇ ਫਿਰ ਹੌਸਲਾ ਠਰਿਆ, ਕਦੋਂ ਦੀ ਰੀਝ ਸੀ ਮੇਰੀ।

ਕਹਾਂ ਗੱਲ ਆਪਣੀ, ਸਾਦੇ ਜਿਹੇ ਸ਼ਬਦਾਂ 'ਚ, ਪਰ ਡੂੰਘੀ,
ਤੇ ਉੱਦਮ ਕੀ-ਕੀ ਨਾ ਕਰਿਆ, ਕਦੋਂ ਦੀ ਰੀਝ ਸੀ ਮੇਰੀ।

ਲਿਆ ਕੇ ਦੂਰ ਤੋਂ ਪਾਣੀ ਵੀ, ਸਹਿਰਾਅ ਸਿੰਜਿਆ 'ਬਾਦਲ',
ਨਾ ਹੋਇਆ ਬੂਟ ਕੁਈ ਹਰਿਆ, ਕਦੋਂ ਦੀ ਰੀਝ ਸੀ ਮੇਰੀ।

**ਸਰੀ, ਕੈਨੇਡਾ**
**1-604-572-7360**

# .ਗਜ਼ਲ

ਗੁਰਮੀਤ ਸਿੰਘ ਸਿੱਧੂ



## .ਗਜ਼ਲ

ਅੰਤਰਮੁਖ ਹੋ ਕੇ ਇਕ ਵਾਰੀ, ਮਨ
ਮੰਦਰ ਵਿੱਚ ਮਾਰ ਨਜ਼ਰ।
ਸੁਰਤ ਘਨੇੜੇ ਚੜ੍ਹ ਕੇ ਜਾਊ, ਦਿਸਹੱਦੇ
ਤੋਂ ਪਾਰ ਨਜ਼ਰ।

ਅੱਖਰ ਅੱਖਰ ਜ਼ਹਿਰ ਉਗਲਦਾ, ਲਹੂ
'ਚ ਲਿਬੜੀ ਹਰ ਸੁਰਖੀ,
ਦਿਲ ਤਾਂ ਬੱਚਾ ਹੈ ਡਰ ਜਾਂਦੈ, ਆਉਂਦੇ
ਜਦ ਅਖ਼ਬਾਰ ਨਜ਼ਰ।

ਰਫ਼ਤਾਰ ਤੇਜ਼, ਗੁਫ਼ਤਾਰ ਮਾਖਿਓਂ,
ਸੋਹਣੀ ਹੈ ਦਸਤਾਰ ਬੜੀ,
ਨਜ਼ਰਾਂ 'ਚੋਂ ਡਿੱਗਦੀ ਸ਼ਖਸੀਅਤ, ਹੋਵੇ
ਜੇ ਬਦਕਾਰ ਨਜ਼ਰ।

ਮੈਨੂੰ ਦੋਸ਼ ਨਾ ਦੇਈਂ ਖੁਦਾਇਆ,
ਇਸ਼ਕ ਗੁਨਾਹ ਜੇ ਕਰ ਬੈਠਾਂ,
ਕਠਪੁਤਲੀ ਦੀ ਹਰ ਹਰਕਤ 'ਤੇ,
ਰੱਖਦਾ ਸੂਤਰਧਾਰ ਨਜ਼ਰ।

ਵੰਡਦੀ ਨਹੀਂ ਮਹਿਜ ਇਹ ਵਿਹੜੇ,
ਪਾੜ ਦਿਲਾਂ ਵਿੱਚ ਵੀ ਪਾਵੇ,
ਚਾਰਦੀਵਾਰੀ ਢਹਿ ਕੇ ਉੱਸਰੀ,
ਆਉਂਦੀ ਜੋ ਦੀਵਾਰ ਨਜ਼ਰ।

ਰਾਵਣ ਭੇਸ ਵਟਾਅ ਕੇ ਅੱਜਕਲ,
ਆਇਆ ਹੈ ਰਘੁਵੰਸ਼ੀ ਦਾ,
ਅੰਨ੍ਹੇ ਭਗਤਾਂ ਨੂੰ ਪਰ ਆਉਂਦਾ, ਓਹ
ਰਾਮਾ ਅਵਤਾਰ ਨਜ਼ਰ।

ਨਜ਼ਰ ਮਿਲਾ ਕੇ ਨਜ਼ਰ ਚੁਰਾਈ, ਕਿਸ
ਨੇ ਲਾਈ ਨਜ਼ਰ ਬੁਰੀ,
ਅੱਖਰ ਵਾਰੋ ਨਜ਼ਰ ਉਤਾਰੋ, ਜੇ ਆਵੇ
ਸਰਕਾਰ ਨਜ਼ਰ।

ਬੇਸ਼ਕ ਰਾਜਾ ਬਦਇਖਲਾਕਾ, ਐਪਰ
ਸੱਚ ਹੀ ਬੋਲ ਰਿਹੈ,
'ਸੈਂਟਰਲ ਵਿਸਟਾ' 'ਚੋਂ ਨਹੀਂ
ਆਉਂਦੇ, ਲਾਸ਼ਾਂ ਦੇ ਅੰਬਾਰ ਨਜ਼ਰ।

ਫਰਕ ਨਜ਼ਰ ਵਿੱਚ ਅਪਣੇ ਜਾਂ ਫਿਰ,
ਵੱਖੋ-ਵੱਖ ਨਜ਼ਰੀਆ ਹੈ,
ਤਾਂ ਆਉਂਦੇ ਵਿਓਪਾਰੀ ਮੈਨੂੰ, ਬਹੁਤੇ
ਸਾਹਿਤਕਾਰ ਨਜ਼ਰ।

ਸ਼ਬਦ ਸੁਖਨਵਰ ਦਾ ਸਰਮਾਇਆ,
ਇਸ ਭਰਪੂਰ ਖਜਾਨੇ 'ਚੋਂ,
ਐ ਕਵਿਤਾ ਦੀ ਦੇਵੀ ਤੇਰੀ, ਇਹ ਮੇਰੇ
ਅਸ਼ਆਰ ਨਜ਼ਰ।

**ਸਰੀ, ਕੈਨੇਡਾ**
**+16043465652**

# ਗੀਤ

## ਸੁਰਜੀਤ ਮਾਧੋਪੁਰੀ



### ਸਾਡਾ ਵਿਰਸਾ

ਸਾਨੂੰ ਸਾਡੇ ਵਿਰਸੇ ਤੇ ਬੜਾ ਵੱਡਾ ਮਾਣ ਐ।
ਜੱਗ 'ਚ ਪੰਜਾਬੀਆਂ ਦੀ ਵੱਖਰੀ ਪਛਾਣ ਐ ।
ਵੱਖਰੀ ਪਛਾਣ ਸਾਡੀ, ਵੱਖਰੀ ਪਛਾਣ ਐ।

ਪੀਰਾਂ ਤੇ ਪੈਗੰਬਰਾਂ ਨੇ ਭਾਗ ਇਹਨੂੰ ਲਾਏ ਨੇ।
ਕੌਮ ਦੇ ਬਹਾਦੁਰਾਂ ਨੇ ਝੰਡੇ ਜੋ ਝੁਲਾਏ ਨੇ।
ਅਣਖੀ ਨੇ ਸੂਰੇ ਜਿਹੜੇ ਵਾਰ ਦਿੰਦੇ ਜਾਨ ਐ।
ਸਾਨੂੰ ਸਾਡੇ ਵਿਰਸੇ ਤੇ ਬੜਾ ਵੱਡਾ ਮਾਣ ਐ।

ਸਮੇਂ ਦਿਓ ਵਾਰਸੋ ਪਛਾਣੋ ਇਹਦੀ ਤੋਰ ਨੂੰ।
ਨਸ਼ਿਆ 'ਚ ਰੋਲੋ ਨਾ ਜਵਾਨੀ ਵਾਲੇ ਜੋਰ ਨੂੰ।
ਰੰਗਲੀ ਜਵਾਨੀ ਵਾਲਾ ਹੋਈ ਜਾਂਦਾ ਘਾਣ ਐ।
ਸਾਨੂੰ ਸਾਡੇ ਵਿਰਸੇ ਤੇ ਬੜਾ ਵੱਡਾ ਮਾਣ ਐ।

ਵਿਚ ਪਰਦੇਸੀ 'ਸੁਰਜੀਤ' ਸਰਦਾਰੀਆਂ।
ਜੱਗ 'ਚ ਪੰਜਾਬੀਆਂ ਨੇ ਮੱਲਾਂ ਹਨ ਮਾਰੀਆਂ।
ਖੁੱਲੇ ਨੇ ਸੁਭਾ ਸਾਡੇ, ਖੁੱਲਾਂ ਪੀਣ ਖਾਣ ਐ
ਸਾਨੂੰ ਸਾਡੇ ਵਿਰਸੇ ਤੇ ਬੜਾ ਵੱਡਾ ਮਾਣ ਐ।

ਵੱਖਰੀ ਪਛਾਣ ਸਾਡੀ, ਵੱਖਰੀ ਪਛਾਣ ਐ।
ਸਾਨੂੰ ਸਾਡੇ ਵਿਰਸੇ ਤੇ ਬੜਾ ਵੱਡਾ ਮਾਣ ਐ।

### ਦੇਸ ਕੈਨੇਡਾ

ਇਹ ਦੇਸ ਕੈਨੇਡਾ ਬੜਾ ਮਹਾਨ।
ਮੇਰਾ ਦੇਸ ਕੈਨੇਡਾ ਬੜਾ ਮਹਾਨ॥

ਜ਼ਿੰਦਗੀ ਜੀਣ ਨੂੰ ਥਾਂ ਦਿੱਤਾ ਹੈ।
ਕੁਲ ਦੁਨੀਆ ਵਿਚ ਨਾਂ ਦਿੱਤਾ ਹੈ॥

ਇਸ ਦੁਨੀਆ ਦੇ ਨਕਸ਼ੇ ਉੱਤੇ ਉੱਚੀ
ਕੀਤੀ ਸਾਡੀ ਸ਼ਾਨ।
ਇਹ ਦੇਸ ਕੈਨੇਡਾ ਬੜਾ ਮਹਾਨ
ਮੇਰਾ ਦੇਸ ਕੈਨੇਡਾ ਬੜਾ ਮਹਾਨ।

ਹੱਕ ਹਨ੍ਹੇਰ ਕਰੇ ਰੱਖਵਾਲੀ
ਦੇਸ ਕੈਨੇਡਾ ਸਭ ਦਾ ਵਾਲੀ।
ਮੈਪਲ ਲੀਫ਼ ਫਲੈਗ ਝੁਲਦਾ
ਮਾਣ ਮੁਹੱਬਤ ਵਿਚ ਜਹਾਨ
ਇਹ ਦੇਸ ਕੈਨੇਡਾ ਬੜਾ ਮਹਾਨ
ਮੇਰਾ ਦੇਸ ਕੈਨੇਡਾ ਬੜਾ ਮਹਾਨ।

ਨਸਲ ਧਰਮ ਭਿੰਨ ਭੇਤ ਨਹੀਂ ਹੈ
ਉੱਚ ਨੀਚ ਉਪਦੇਸ਼ ਨਹੀਂ ਹੈ।

ਰੰਗ ਨਸਲ ਦਾ ਹਰ ਇੱਕ ਬੰਦਾ
ਸਾਰੇ ਧਰਮ ਨੇ ਇੱਕ ਸਮਾਨ।
ਇਹ ਦੇਸ ਕੈਨੇਡਾ ਬੜਾ ਮਹਾਨ
ਮੇਰਾ ਦੇਸ ਕੈਨੇਡਾ ਬੜਾ ਮਹਾਨ।

ਸੁਰਜੀਤ ਰਹੇ ਧਰਤ ਪਿਆਰੀ
ਇਕ ਹੋਂਦ ਤੇ ਦਿਖ ਨਿਆਰੀ
ਬਹੁ ਰੰਗੇ ਫੁਲਾਂ ਦੀ ਧਰਤੀ
ਮਹਿਕਾਂ ਵੰਡਦੀ ਹੈ ਮੁਸਕਾਨ
ਇਹ ਦੇਸ ਕੈਨੇਡਾ ਬੜਾ ਮਹਾਨ।
ਮੇਰਾ ਦੇਸ ਕੈਨੇਡਾ ਬੜਾ ਮਹਾਨ।

**ਸਰੀ, ਕੈਨੇਡਾ**
**+16043774171**
**surjitmadhopuri@gmail.com**

**ਪਰਵਾਸੀ ਸਾਹਿਤ ਅਧਿਐਨ ਕੇਂਦਰ**
**ਪਰਵਾਸ ਪੱਤ੍ਰਿਕਾ ਜਨਵਰੀ-ਮਾਰਚ 2023 ਅੰਕ 31**
**(ਅਮਰੀਕਾ ਵਿਸ਼ੇਸ਼ ਅੰਕ)**

ਆਪ ਜੀ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦਾ ਜਨਵਰੀ-ਮਾਰਚ ਅੰਕ 2023 ਅਮਰੀਕਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋਵੇਗਾ। ਜੇਕਰ ਆਪ ਅਮਰੀਕਾ ਦੀ ਕਿਸੇ ਸਾਹਿਤ ਸਭਾ ਨਾਲ ਜੁੜੇ ਹੋਏ ਹੋ ਤਾਂ ਉਸ ਦੀ ਜਾਣਕਾਰੀ(ਸਾਹਿਤ ਸਭਾ ਦਾ ਇਤਿਹਾਸ, ਉਦੇਸ਼, ਸਰਗਰਮੀਆਂ) ਸਾਡੇ ਨਾਲ ਲਿਖਤ ਰੂਪ ਵਿਚ ਸਾਂਝੀ ਕਰਨਾ ਜੀ ਪਰ ਜੇਕਰ ਆਪ ਕਿਸੇ ਵੀ ਸਾਹਿਤ ਸਭਾ ਨਾਲ ਨਹੀਂ ਜੁੜੇ ਹੋਏ ਪਰ ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਸਰਗਰਮੀ ਨਾਲ ਕਾਰਜਸ਼ੀਲ ਹੋ ਤਾਂ ਕਿਰਪਾ ਕਰਕੇ ਸਾਨੂੰ ਸੰਖੇਪ ਵਿਚ **ਆਪਣਾ ਜੀਵਨ ਬਿਓਰਾ, ਪ੍ਰਕਾਸ਼ਨਾਵਾਂ, ਪਾਸਪੋਰਟ ਸਾਈਜ਼ ਫੋਟੋ, ਸੰਪਰਕ ਨੰ., ਈਮੇਲ ਤੇ ਪੂਰਾ ਪਤਾ ਸਾਨੂੰ ਇਕ ਹਫ਼ਤੇ ਅੰਦਰ ਭੇਜ ਦੇਣਾ ਜੀ**। ਇਸ ਦਾ ਉਦੇਸ਼ ਵਿਸ਼ਵ ਭਰ ਵਿਚ ਵੱਸਦੇ ਪੰਜਾਬੀ ਲੇਖਕਾਂ ਦਾ ਕੋਸ਼ ਤਿਆਰ ਕਰਨਾ ਹੈ। ਸਾਨੂੰ ਆਸ ਹੈ ਕਿ ਇਸ ਪ੍ਰੋਜੈਕਟ ਨੂੰ ਨੇਪਰੇ ਚੜਾਉਣ ਵਿਚ ਆਪ ਜੀ ਸਾਨੂੰ ਭਰਵਾਂ ਸਹਿਯੋਗ ਦੇਵੋਗੇ।

ਧੰਨਵਾਦ ਸਹਿਤ

**ਡਾ. ਤੇਜਿੰਦਰ ਕੌਰ**
ਕੋਆਰਡੀਨੇਟਰ
8729080250

**ਪ੍ਰੋ. ਸ਼ਰਨਜੀਤ ਕੌਰ**
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ
9501027522

**ਈਮੇਲ: parvasggn@gmail.com**

## ਨਜ਼ਮ

ਡਾ. ਮੇਜਰ ਸਿੰਘ ਰੰਧਾਵਾ



### ਫੁੱਲ-ਪੱਤੀ

ਮੇਰੀ ਜ਼ਿੰਦਗੀ
ਇਕ ਖੁੱਲ੍ਹੀ ਕਿਤਾਬ
ਮੈਂ ਰੋਜ਼ ਉਸਨੂੰ ਫੜ੍ਹਦਾ,
ਫਰੋਲਦਾ, ਕੋਈ ਨਵਾਂ ਸਫਾ ਪੜ੍ਹਦਾ
ਫਿਰ ਖੁੱਲ੍ਹੀ ਛੱਡ
ਅਗਲੇਰੇ ਰਾਹੀਂ ਜਾ ਚੜ੍ਹਦਾ

ਅਚਾਨਕ ਇਕ ਦਿਨ
ਖੁੱਲ੍ਹੀ ਕਿਤਾਬ ਦੇ ਇਕ ਸਫੇ 'ਤੇ
ਮੈਂ ਵੇਖਿਆ ਇਕ ਫੁੱਲ-ਪੱਤੀ ਆਣ
ਡਿੱਗੀ
ਕੂਲੀ ਕਾਇਆ, ਸ਼ੌਖ, ਬਹੁਰੰਗੀ,
ਵਾਸ਼ਨਾਦਾਰ
ਫੁੱਲ ਤੋਂ ਨਿੱਖੜੀ ਭਾਵੇਂ, ਪਰ ਜਾਨਦਾਰ

....ਤੇ ਮੈਂ ਕਿਤਾਬ ਬੰਦ ਕਰ ਲਈ

ਫਿਰ ਮੈਂ ਰੋਜ਼ ਕਿਤਾਬ ਖੋਲ੍ਹਦਾ
ਉਹ ਸਫਾ ਫਰੋਲਦਾ
ਵੇਖਦਾ ਕਿ ਫੁੱਲ-ਪੱਤੀ ਉਥੇ ਹੀ ਹੈ!
ਮੈਂ ਵੇਖਦਾ
ਫੁੱਲ-ਪੱਤੀ ਦੀ ਸ਼ੋਖੀ ਘਟਦੀ ਜਾਂਦੀ
ਰੰਗੋਂ ਬੇ-ਰੰਗ ਵੱਟਦੀ ਜਾਂਦੀ
ਤੇ ਵੱਟਦਾ ਜਾਂਦਾ ਕੂਲਾਪਣ ਕਠੋਰਤਾ
ਵਿਚ

ਫਿਰ ਇਕ ਦਿਨ ਮੈਂ ਫੁੱਲ-ਪੱਤੀ ਨੂੰ
ਛੂਹਣਾ ਫੜ੍ਹਨਾ ਚਾਹਿਆ
ਮੇਰੇ ਪੋਟਿਆਂ ਵਿਚ ਬਿਖ਼ਰ ਗਈ
ਉਸਦੀ ਕੁਲ ਕਾਇਆ
ਕੀ ਮੈਂ ਮਾਨਵ
ਨਿੱਜ ਸੁਆਰਥ ਜੂਨੀ ਆਇਆ?

### 1

ਇਹ ਜ਼ਿੰਦਗੀ ਦਾ ਸਿਲਸਿਲਾ
ਜੇਕਰ ਰਵਾਂ ਹੁੰਦਾ
ਹਰੇਕ ਦਿਨ ਹੀ ਫਿਰ ਇਕ
ਉਤਸਵ ਦੀ ਤਰ੍ਹਾਂ ਹੁੰਦਾ

ਤੂੰ ਖਵਰੇ ਯਾਤਰੀ ਬਣ ਕੇ ਹੀ
ਕੁਝ ਪਲ ਕੱਟ ਗਈ ਹੁੰਦੀ
ਮੇਰਾ ਘਰ ਘਰ ਦੀ ਥਾਵੇਂ
ਜੇ ਕਿਤੇ ਕੋਈ ਸਰਾਂ ਹੁੰਦਾ

ਤੂੰ ਮੇਰਾ ਅੱਥਰਾਪਣ ਸਾਂਭ
ਸਾਬਤ ਰੱਖਿਆ ਮੈਨੂੰ
ਮੈਂ ਕਦ ਦਾ ਬਿਖਰ ਜਾਣਾ ਸੀ
ਜੇ ਤੇਰੇ ਤੋਂ ਪਰ੍ਹਾਂ ਹੁੰਦਾ

ਨਕਸ਼ ਹੋਰ ਹੁੰਦੇ ਸ਼ਾਇਦ ਫਿਰ
ਆਪਣੀ ਮੁਹੱਬਤ ਦੇ
ਜੇ ਤੇਰੇ ਸ਼ਹਿਰ ਦੇ ਲਾਗੇ ਕਿਤੇ
ਮੇਰਾ ਗਰਾਂ ਹੁੰਦਾ

ਮੈਂ ਸਾਰੇ ਧਰਤੀਆਂ ਸਾਗਰ ਬ੍ਰਹਿਮੰਡ
ਛਾਣ ਦੇਣੇ ਸੀ
ਜੇ ਮੈਨੂੰ ਜਾਪਦਾ ਮਹਿਬੂਬ
ਏਦਾ ਦੇ ਵੀ ਥਾਂ ਹੁੰਦਾ

## 2

ਉਮਰ ਢਲ ਰਹੀ ਏ ਸ਼ੌਕ ਫਿਰ ਵੀ
ਢਲਦੇ ਨਹੀਂ
ਕੋਹੇ ਅਮੋੜ ਨੇ, ਬਿਲਕੁਲ ਵੀ ਰਾਹ
ਬਦਲਦੇ ਨਹੀਂ

ਬਹੁਤ ਕੋਸ਼ਿਸ਼ ਕਰੀ, ਕਿ ਸਾਊ ਰਾਹੀਂ
ਤੋਰ ਲਵਾਂ
ਬੜੇ ਹੀ ਅਜਬ ਨੇ, ਮੇਰੇ ਮੁਤਾਬਿਕ
ਚਲਦੇ ਨਹੀਂ

ਹੁਸਨ ਮੰਡੀ 'ਚ ਨੇ, ਹਾਲੇ ਹੀ ਫੇਰੀ
ਪਾ ਆਉਂਦੇ
ਵਿੰਡੋ-ਸ਼ਾਪਿੰਗ ਤੋਂ, ਮੇਰੇ ਟਾਲਿਆਂ ਵੀ
ਟਲਦੇ ਨਹੀਂ

ਸੱਜਦੇ ਫੱਬਦੇ ਨੇ ਰੋਜ਼, ਮੋਢਿਆਂ 'ਤੇ ਨੇ
ਥੁੱਕਦੇ
ਕਰਨ ਗੁਸਤਾਖੀਆਂ ਵੀ,
'ਸਿਆਣਿਆਂ' 'ਚ ਰਲਦੇ ਨਹੀਂ

ਜਿਊਣ-ਲੋਚਾ ਹੈ ਕਿ ਜਾਂ, ਇਹ ਇਨ੍ਹਾਂ
ਦੀ ਜ਼ਿੰਦਾ-ਦਿਲੀ
ਸੁਲਗਣੋ ਹਟਦੇ ਨਹੀਂ, ਭਾਵੇਂ ਕਿ ਲਟ
ਲਟ ਬਲਦੇ ਨਹੀਂ

## 3

ਤੂੰ ਆਪਣੇ ਹੁਸਨ ਦੇ ਦੀਵੇ
ਉਚੇਰੇ ਬਾਲ ਕੇ ਰੱਖੀਂ
ਅਸਾਡਾ ਇਸ਼ਕ ਅੰਨਾ ਏ
ਮਤੇ ਕੋਈ ਹਾਦਸਾ ਹੋ ਜੇ

ਮੇਰੀ ਇਹ ਬੇਨਤੀ, ਕਿਤੇ
ਮਿਹਰ ਨਾ ਏਨੀ ਵਰ੍ਹਾ ਦੇਵੀਂ
ਕਿ ਭਰ ਦਏਂ ਝੋਲੀਆਂ
ਤੇ ਰੰਕ ਤੇਰਾ ਬਾਦਸ਼ਾਹ ਹੋ ਜੇ

ਮੇਰੇ ਵਿਚ ਬਹੁਤ ਕਮੀਆਂ ਨੇ
ਭਾਵੇਂ ਕੁਝ ਗੁਣ ਵੀ ਹੋਵਣਗੇ
ਮੈਂ ਏਸੇ ਲਈ ਅਗਾਹ ਕਰਦਾਂ
ਮਤੇ ਕੋਈ 'ਦਾਸ' ਦਾ ਹੋ ਜੇ

ਮੈਂ ਆਮ ਸਖ਼ਸ਼ ਹਾਂ ਤੇ
'ਆਮ' ਲਈ ਹੀ ਜੂਝਦਾਂ ਹਰ ਪਲ
ਮੈਂ ਖ਼ੁਦ ਨੂੰ ਵਰਜਦਾ ਰਹਿਨਾਂ
ਕਿਤੇ ਨਾ 'ਖਾਸ' ਦਾ ਹੋ ਜੇ

**ਸਰੀ, ਕੈਨੇਡਾ**
**+1 (604) 8072931**

# .ਗਜ਼ਲ

## ਬਿੱਕਰ ਸਿੰਘ ਖੋਸਾ



### .ਗਜ਼ਲ

ਬੇਗਾਨੇ ਲੋਕ ਫਿਰਦੇ ਦਿਸ ਰਹੇ ਆਪਣੇ
ਘਰਾਂ ਅੰਦਰ,
ਅਸੀਂ ਮਹਿਮਾਨ ਬੇਸੱਦੇ ਹਾਂ ਜਾਈਏ
ਕਿਸ ਤਰ੍ਹਾਂ ਅੰਦਰ।
ਜੀਅ ਕਰਦੇ ਤੇਰੀਆਂ ਯਾਦਾਂ 'ਚ
ਛੁਪਕੇ ਬੈਠ ਇੰਜ ਜਾਵਾਂ,
ਜਿਵੇਂ ਪਰਵਾਜ਼ ਛੁਪ ਬੈਠੀ ਹੈ ਪੰਛੀ ਦੇ
ਪਰਾਂ ਅੰਦਰ।
ਨਾਂ ਛੱਡੀ ਵਕਤ ਨੇ ਪਹਿਲਾਂ ਜਿਹੀ ਹੀ
ਤਾਣ ਕਦਮਾਂ ਵਿਚ,
ਨਾ ਹੀ ਪਹਿਲਾਂ ਜਿਹੀ ਛਣਕਾਰ
ਉੱਠਦੀ ਝਾਂਜਰਾਂ ਅੰਦਰ।
ਕਿਵੇਂ ਪੰਛੀ ਪਿਆਸੇ ਅੰਬਰਾਂ ਤੋਂ
ਲਹਿਣਗੇ ਥੱਲੇ,
ਜਦੋਂ ਸੀਤਲ ਜਿਹਾ ਜਲ ਹੈ ਨਹੀਂ
ਕਿਧਰੇ ਸਰਵਰਾਂ ਅੰਦਰ।
ਨਹੀਂ ਰਸਤਾ ਕਲਮ ਦਾ ਚੌਧਰਾਂ ਲਈ
ਵਾਹੁਣੀਆਂ ਲੀਕਾਂ,
ਜੋ ਅੱਜ ਮਾੜੀ ਰਵਾਇਤ ਕਰ ਗਈ
ਘਰ ਲੇਖਕਾਂ ਅੰਦਰ।
ਉਹੀ ਚੜ੍ਹਦੇ ਸਟੇਜੀ ਹੱਸਣੇ ਦੀ ਜਾਚ
ਦੱਸਦਾ ਹੈ,
ਕੈਦੀ ਮੁਸਕਾਨ ਕੀਤੀ ਕੈਦ ਜਿਸ
ਆਪਣੇ ਦਰਾਂ ਅੰਦਰ।

### .ਗਜ਼ਲ

ਕਿਸਨੇ ਸਾਡੇ ਖ਼ਾਬ ਚੁਰਾਏ, ਪੁੱਛਾਂਗੇ ?
ਕਿਸ ਲੁੱਟੇ ਮਹਿੰਗੇ ਸਰਮਾਏ ਪੁੱਛਾਂਗੇ ?
ਕੌਣ ਜਿਨ੍ਹਾਂ ਸਿਰ ਵਾਰੇ ਧਰਤੀ ਮਾਂ ਖ਼ਾਤਰ
ਤੇ ਕਿੰਨ੍ਹਾਂ ਸਿਰ ਤਾਜ ਵਿਕਾਏ ਪੁੱਛਾਂਗੇ?
ਲੋੜਾਂ ਵੇਲੇ ਜਿੰਨ੍ਹਾਂ ਹੱਸ ਹੱਸ ਹੱਥ ਫੜੇ
ਜਲਦ ਜਿੰਨ੍ਹਾਂ ਨੇ ਮੂੰਹ ਭਵਾਏ ਪੁੱਛਾਂਗੇ ?
ਫ਼ਰਜੀ ਯੋਧੇ ਕਾਬਿਜ਼ ਹੋਏ ਤਖ਼ਤਾਂ 'ਤੇ
ਮੁੱਦਿਆਂ ਪਿੱਛੇ ਬੁੱਤ ਲਗਵਾ ਕੇ ਪੁੱਛਾਂਗੇ ?
ਕਿਉਂ ਬੁੱਲ ਸੁੱਕੇ ਮਾਂ ਪੰਜਾਬਣ ਰਾਣੀ ਦੇ
ਕਿਉਂ ਸਤਲੁਜ ਬਿਆਸ ਤਰ ਗਏ
ਪੁੱਛਾਂਗੇ

### .ਗਜ਼ਲ

ਭਲਕੇ ਤੇਰੀ ਮਹਿਫ਼ਿਲ ਆ ਕੇ ਬੈਠ ਗਏ
ਖ਼ੁਦ ਆਪਣੀ ਪਹਿਚਾਣ ਗਵਾ ਕੇ ਬੈਠ
ਗਏ,
ਇਸ ਸੰਵਿਧਾਨ 'ਚ ਕਿਧਰੇ ਕੋਈ
ਕੁਤਾਹੀ ਹੈ,
ਪਿੱਛੋਂ ਆਏ ਅੱਗੇ ਜਾ ਕੇ ਬੈਠ ਗਏ।
ਪਿੰਜਰਿਆਂ ਦੀ ਦਿੱਖ ਹੀ ਕਿਹੀ
ਲੁਭਾਉਣੀ ਸੀ,
ਭਟਕੇ ਪੰਛੀ ਪਰ ਕਟਵਾ ਕੇ ਬੈਠ ਗਏ
ਉਹਨਾਂ ਨੂੰ ਕੀ ਸਾਰ ਚੁਫੇਰੇ ਵਸਦੇ ਦੀ,
ਜੋ ਕੁਰਸੀ 'ਤੇ ਰੂਪ ਸਜਾ ਕੇ ਬੈਠ ਗਏ
ਹੀਰਾਂ ਨੇ ਮਹਿਕਾਂ ਦੀ ਰੌਣਕ ਬਣਨਾ ਸੀ
ਚਾਕ ਵਿਚਾਰੇ ਕੰਨ ਪੜਵਾ ਕੇ ਬੈਠ
ਗਏ।

**ਸਰੀ, ਕੈਨੇਡਾ**
**+1(778)8786584**

## ਨਜ਼ਮ

### ਸੁਰਿੰਦਰਪਾਲ ਕੌਰ ਬਰਾੜ



### ਰਿਸ਼ਤਿਆਂ ਦੇ ਕੁਰੂਕਸ਼ੇਤਰ

ਰਿਸ਼ਤਿਆਂ ਦੇ ਕਿੰਨੇ ਹੀ ਕੁਰੂਕਸ਼ੇਤਰ
ਉਸਦੇ ਦਰਮਿਆਨ ਸਨ
ਤੇ ਇਨ੍ਹਾਂ ਦੇ ਕਿੰਨੇ ਹੀ ਜੰਗਲ
ਉਸਦੇ ਰਾਹਾਂ ਵਿਚ ਉੱਗ ਆਏ ਸਨ
ਉਹ ਤਾ-ਹਯਾਤ ਉਨ੍ਹਾਂ ਨੂੰ
ਪਾਰ ਕਰਨ ਦੀ ਕੋਸ਼ਿਸ਼ ਕਰਦੀ
ਰਹੀ...

ਭਲਾ ਜੰਗਲ ਵੀ ਪਾਰ ਹੁੰਦੇ ਨੇ?
ਭਲਾ ਕੁਰੂਕਸ਼ੇਤਰ ਵਿਚ ਹੀ
ਘਰ ਦੀ ਤਾਮੀਰ ਹੋ ਸਕਦੀ ਏ?

ਕਿੰਨੇ ਹੀ ਪ੍ਰਸ਼ਨ ਚਿੰਨ੍ਹ
ਉਸਦੇ ਚਿਹਰੇ ਨੂੰ
ਪ੍ਰਸ਼ਨ ਚਿੰਨ੍ਹ ਬਣਾ ਦਿੰਦੇ।
ਤੇ ਕਿੰਨੇ ਹੀ ਪ੍ਰਸ਼ਨਾਂ ਦੇ ਉੱਤਰ
ਉਸਦੇ ਬੁੱਲ੍ਹਾਂ 'ਤੇ ਫਰਕਦੇ ਰਹਿੰਦੇ।

ਜ਼ਿੰਦਗੀ ਬੇ-ਤਕੱਲਫ਼ ਚਲਦੀ ਰਹਿੰਦੀ
ਜਿਵੇਂ ਪਿੱਪਲ ਦੇ ਪੱਤੇ
ਹਰ ਵਾਰ ਝੜਦੇ ਤੇ ਉੱਗਦੇ ਰਹਿੰਦੇ

ਪਰ ਉਸਦਾ ਗਣਿਤ ਬਿਨਾ ਕਿਸੇ
ਮਨਫ਼ੀ ਦੇ
ਹਾਸਿਲ ਕੱਢਦਾ ਰਹਿੰਦਾ।

ਜਗ ਦੀ ਹਰ ਰਮਜ਼
ਉਸਨੂੰ ਕੋਈ ਮਸ਼ਕਰੀ ਲਗਦੀ
ਤੇ ਉਹ ਉਨ੍ਹਾਂ ਦਾ ਤਕੀਆ-ਕਲਾਮ
ਬਣਾ
ਅੱਗੇ ਹੀ ਅੱਗੇ ਤੁਰਦੀ ਰਹਿੰਦੀ
ਸ਼ਾਇਦ ਕਿਸੇ ਮੰਜ਼ਿਲ ਦੀ ਜਾਨਿਬ
ਜਾਂ ਕਿਸੇ ਅਗਲੀ ਵਾਟ ਲਈ

### ਸਾਹਿਬਾਂ ਦਾ ਹਾੜ

ਸਾਹਿਬਾਂ ਸਮੇਂ ਦੀ ਤਵਾਰੀਖ਼ ਦਾ ਉਹ
ਟੋਟਾ ਹੈ
ਜੋ ਜੁਗਾਂ ਤੋਂ ਆਪਣੇ ਕਿਰਦਾਰ ਦੀ
ਭਾਲ ਵਿੱਚ ਹੈ

ਹਰ ਸਮੇਂ ਦਾ ਆਪਣਾ ਇਖ਼ਲਾਕ ਹੁੰਦੈ,
ਤੇ ਹਰ ਸਮੇਂ ਦਾ ਆਪਣਾ ਗਣਿਤ ਵੀ..
ਪਤਾ ਨਹੀਂ ਵਕਤ ਨੇ ਸਾਹਿਬਾਂ ਨੂੰ
ਕਿਹੋ ਜਿਹੀ ਤਕਦੀਰ ਦਿੱਤੀ ਕਿ
ਉਹ ਯਾਰ ਨਾਲ ਮਰਦੀ ਵੀ ਰਹੀ
ਤੇ ਭਰਾਵਾਂ ਸੰਗ ਚਲਦੀ ਵੀ ਰਹੀ
ਪਰ ਕਿੱਸਿਆਂ ਦੀ ਬਦਨਾਮ ਸਾਹਿਬਾਂ
ਬਣਕੇ ਹੀ ਜਿਉਂਦੀ ਰਹੀ।

ਉਨ੍ਹਾਂ ਰੁੱਤਾਂ ਦੇ ਹੀ ਵਣਜਾਰੇ ਸਨ
ਜਿਹੜੇ ਹਰ ਮੌਸਮ ਦਾ ਲਿਬਾਸ ਦੇਖਣਾ
ਜਾਣਦੇ ਸਨ।
ਰੂਹਾਂ ਦੀਆਂ ਗੱਲਾਂ...
ਉਨ੍ਹਾਂ ਦੀਆਂ ਹੋਣੀਆਂ ਤੋਂ ਪਰ੍ਹੇ ਸਨ।
ਪਰ ਸਾਹਿਬਾਂ ਵਿਚਾਰੀ ਤਾਂ ਕੱਲੀ ਕਾਰੀ
ਜੰਡ ਹੇਠ ਕੂਕਦੀ ਰਹੀ

ਉਸਦੀ ਕੂਕ ਹਰ ਔਰਤ ਦਾ ਸੰਤਾਪ
ਹੈ।
ਉਸਦੀ ਦੁਚਿੱਤੀ ਹਰ ਔਰਤ ਦੀ ਹੋਣੀ
ਹੈ।
ਉਸਦੀ ਵਫ਼ਾ ਹਰ ਔਰਤ ਦਾ
ਕਿਰਦਾਰ ਹੈ।
ਤਾਂਹੀਏ ਤਾਂ ਔਰਤ ਦਾ ਕਦੀ
ਕੋਈ ਆਪਣਾ ਘਰ ਨਹੀਂ ਹੋਇਆ,
ਤਾਂਹੀਏ ਤਾਂ ਔਰਤ 'ਬਿਗਾਨੀ ਧੀ'
ਤੇ 'ਪਰਾਏ ਧਨ' ਨਾਲ ਪੁਕਾਰੀ ਜਾਂਦੀ
ਏ।

ਏਸੇ ਲਈ ਕਹਿੰਦੇ ਨੇ
ਜੰਡ ਹੇਠ ਹਾਲੇ ਵੀ ਸਾਹਿਬਾਂ ਦਾ ਹਾੜ੍ਹ
ਬੋਲਦਾ
ਕਿ ਮੈਨੂੰ ਬਿਗਾਨੀ ਧੀ ਨੂੰ ਘਰ ਚਾਹੀਦਾ
ਮੈਨੂੰ ਪਰਾਏ ਧਨ ਨੂੰ ਇਕ ਜ਼ਮੀਨ
ਚਾਹੀਦੀ ਹੈ
ਤਾਂ ਹੀ ਤਾਂ ਉਸਦਾ ਬਾਪ ਤੋਂ ਯਾਰ ਤੱਕ
ਦਾ ਸਫ਼ਰ
ਉਸਨੂੰ ਕੋਈ ਸਕੂਨ ਨਹੀਂ ਬਖ਼ਸ਼ਦਾ
ਤੇ ਉਹ ਫਿਰ ਯਾਰ ਤੋਂ ਬਾਪ ਤੱਕ ਦਾ
ਸਫ਼ਰ ਕਰਨਾ ਲੋਚਦੀ।

## ਮੌਸਮ

ਤਿੰਨ ਸੌ ਪੈਂਹਟ ਦਿਨਾਂ ਦਾ ਮੌਸਮ
ਸਾਵਾਂ ਨਹੀਂ ਹੁੰਦਾ ਦੋਸਤ।
ਜਿੰਨ੍ਹਾਂ ਦੀ ਸਾਰੀ ਹਯਾਤੀ ਪੂਜਾ ਕਰਨ
ਤੇ ਦਿਲ ਕਰਦੈ।
ਤੇ ਕੁਝ ਮੌਸਮ ਬੜੇ ਈ ਬੇ ਮੌਸਮ ਹੁੰਦੇ
ਨੇ।
ਜਿੰਨ੍ਹਾਂ ਦੇ ਛਾਲੇ ਪੈਰਾਂ ਤੇ ਨਹੀਂ
ਜ਼ਮੀਰ ਤੇ ਉਕਰੇ ਜਾਂਦੇ ਨੇ।
ਬੜੇ ਮਾਸੂਮ ਹੁੰਦੇ ਨੇ ਕੁੱਝ ਮੌਸਮ
ਜੋ ਅੱਖ ਝਪਕ ਵਿੱਚ ਗੁਜ਼ਰ ਜਾਂਦੇ ਨੇ।
ਕੁੱਝ ਮੌਸਮ ਅਸੀਂ ਕਤਲ ਕਰਦੇ ਹਾਂ।
ਤੇ ਕੁੱਝ ਮੌਸਮ ਸਾਨੂੰ ਹੀ ਕਤਲ ਕਰ
ਜਾਂਦੇ ਨੇ।
ਕੁੱਝ ਮੌਸਮ ਰੁੱਖਾਂ ਦੀ ਛਾਂ ਵਰਗੇ ਹੁੰਦੇ
ਨੇ
ਕੁੱਝ ਮੌਸਮ ਮਾਵਾਂ ਠੰਡੀਆਂ ਛਾਵਾਂ
ਵਰਗੇ।
ਤੇ ਕੁੱਝ ਮੌਸਮ ਤਾਂ ਬੜੇ ਬੇ ਲਿਹਾਜ਼ੇ
ਹੁੰਦੇ ਨੇ
ਪਰ ਕੁੱਝ ਮੌਸਮ ਤਾਂ ਗੈਰਤਮੰਦ ਵੀ
ਹੁੰਦੇ ਨੇ
ਤੇ ਕੁੱਝ ਸਾਨੂੰ ਬੇਗੈਰਤੇ ਵੀ ਕਰ ਜਾਂਦੇ
ਨੇ।
ਕੁੱਝ ਮੌਸਮ ਸਾਉਣ ਦੇ ਬੱਦਲਾਂ ਵਾਂਗਰਾਂ
ਆਪਣੇ ਆਪ ਆਉਂਦੇ ਤੇ ਚਲੇ ਜਾਂਦੇ
ਨੇ।

**ਸਰੀ, ਕੈਨੇਡਾ**
**0016047802610**

ਵੀਤ ਬਾਦਸ਼ਾਹਪੁਰੀ



## ਨਾਲ ਲੈ ਆਏ

ਨਾਲ਼ ਲੈ ਆਏ ਵੀਤ
ਢੋਲੇ, ਮਾਹੀਏ, ਘੋੜੀਆਂ, ਸੁਹਾਗ।
ਨਾਲ਼ ਲੈ ਆਏ,
ਮੱਕੀ ਦੀਆਂ ਰੋਟੀਆਂ 'ਤੇ ਸਾਗ ਨਾਲ਼
ਲੈ ਆਏ।

ਫਕੀਰਾਂ ਵਾਲੀ ਮੌਜ 'ਤੇ ਰਵਾਨੀ ਨਾਲ਼
ਲੈ ਆਏ,
ਗੁਰੂ ਘਰਾਂ ਵਿੱਚੋਂ ਬਾਬਿਆਂ ਦੀ ਬਾਣੀ
ਨਾਲ਼ ਲੈ ਆਏ।

ਲੋਰੀਆਂ, ਸਿੱਠਣੀਆਂ, ਲੋਕ-ਤੱਥ ਨਾਲ਼
ਲੈ ਆਏ,
ਸੀਪ ਦੀਆਂ ਬਾਜੀਆਂ, ਦਰਵਾਜ਼ੇ-ਸੱਥਾਂ
ਨਾਲ਼ ਲੈ ਆਏ।

ਕੁੜਤੇ-ਪਜਾਮੇ, ਸੂਟ ਸਲਵਾਰਾਂ ਨਾਲ਼
ਲੈ ਗਏ ,
ਚੁੰਨੀਆਂ ਦੁਪੱਟੇ ਦਸਤਾਰਾਂ ਨਾਲ਼ ਲੈ
ਗਏ।

ਚੂੜੀਆਂ, ਝਾਂਜਰਾਂ, ਟਿੱਕੇ, ਪਰਾਂਦੇ
ਵਾਲੀਆਂ ਵੀ ਲੈ ਗਏ,
ਮਾਮੇ, ਚਾਚੇ, ਦਾਦੀ, ਨਾਨੀ, ਭੂਆ,
ਮਾਸੀ, ਜੀਜੇ ਸਾਲੀਆਂ ਵੀ ਲੈ ਗਏ।

"ਵੀਤ" ਕੱਢੀ ਹੋਈ ਘਰ ਦੀ ਸ਼ਰਾਬ
ਨਾਲ਼ ਲੈ ਗਏ,
ਪੰਜਾਬੀ ਜਿੱਥੇ ਗਏ ਸਾਰਾ ਹੀ ਪੰਜਾਬ
ਨਾਲ਼ ਲੈ ਗਏ।

## ਜਦ ਤੁਰਨਾ ਨਹੀਂ ਸੀ ਆਉਂਦਾ

ਜਦ ਤੁਰਨਾ ਨਹੀਂ ਸੀ ਆਉਂਦਾ,
ਹਰ ਕੋਈ ਮੋਢੇ ਚੁੱਕਦਾ ਸੀ,
ਅੱਜ ਤੁਰਨਾ ਆ ਗਿਆ ਤਾਂ,
ਰਾਹਾਂ ਵਿੱਚ ਟੋਏ ਪੁੱਟਦੇ ਨੇ।

ਜਦ ਲਿਖਣਾ ਨਹੀਂ ਸੀ ਆਉਂਦਾ,
ਕੁੱਟ-ਕੁੱਟ ਆਪ ਸਿਖਾਉਂਦੇ ਸੀ,
ਅੱਜ ਚਾਰ ਅੱਖ਼ਰ ਜਦ ਲਿਖਣੇ ਆ
ਗਏ,
ਤਾਂ ਉਂਗਲਾਂ ਚੁੱਕਦੇ ਨੇ।

ਗ਼ੈਰਾਂ ਦਾ ਨਾ ਫ਼ਿਕਰ ਕਰੀਂ,

ਬਸ ਇਹਦਾ ਖ਼ਿਆਲ ਰੱਖੀਂ
ਜੋ ਹੱਸ-ਹੱਸ ਕੇ ਗਲ ਮਿਲਦੇ,
ਗਲ ਉਹੀ ਘੁੱਟਦੇ ਨੇ।

ਕੀ ਟੁੱਟਦੇ ਤੋਂ ਮੰਗਦੇ ਹੋ,
ਮੁਰਾਦ ਕਿਸੇ ਦੇ ਮਿਲਣ ਦੀ,
ਤਾਰੇ ਤਾਂ ਖੁਦ ਕਿਸੇ ਨੂੰ,
ਮਿਲਣ ਦੀ ਤਾਂਘ 'ਚ ਟੁੱਟਦੇ ਨੇ।

ਦੱਸਦੇ ਨੇ ਜੋ 'ਵੀਤ' ਇੱਥੇ,
ਸਿਰਨਾਵੇਂ 'ਮੰਜ਼ਿਲਾਂ' ਦੇ,
ਦੇਖਿਆ ਏ ਮੈਂ ਰਾਹਾਂ ਵਿੱਚ,
ਉਹ ਕੱਚ ਵੀ ਸੁੱਟਦੇ ਨੇ।

## ਕਦੇ-ਕਦੇ

ਮੁੱਦਤਾਂ ਹੋਈਆਂ ਭੁੱਲ ਗਿਆ ਤੈਨੂੰ,
ਪਰ ਚੇਤੇ ਕਰਲਾਂ, ਕਦੇ-ਕਦੇ
ਚੇਤੇ ਕਰਕੇ ਸੋਹਣਿਆ ਸੱਜਣਾ,
ਅੱਖ ਨੂੰ ਭਰ ਲਾਂ, ਕਦੇ-ਕਦੇ

ਜਿੰਨ੍ਹਾਂ 'ਤੇ ਸੀ ਸਿਰਨਾਵਾਂ ਤੇਰਾ,
ਪਰ ਨਾ ਪਹੁੰਚੇ ਤੇਰੇ ਤੀਕਰ,
ਤੈਨੂੰ ਚੜ੍ਹਦੀ ਉਮਰੇ ਲਿਖੇ ਸੀ ਜੋ,
ਖ਼ਤ ਕੱਢ ਕੇ ਪੜ੍ਹ ਲਾਂ, ਕਦੇ-ਕਦੇ

ਜਿੱਥੇ ਰੂਹ ਦੇ ਹਾਣੀ ਮਿਲੇ ਸੀ,
ਇਸ਼ਕ ਦੀ ਇੱਕ ਕਹਾਣੀ ਬਣੀ ਸੀ,
ਪਿੰਡ ਜਾਵਾਂ ਤਾਂ ਓਸ ਸਕੂਲ ਦੇ ,
ਅੱਗੇ ਖੜ੍ਹ ਜਾਂ, ਕਦੇ-ਕਦੇ

ਮੁੱਦਤਾਂ ਹੋਈਆਂ ਭੁੱਲ ਗਿਆ ਤੈਨੂੰ,
ਪਰ ਚੇਤੇ ਕਰਲਾਂ, ਕਦੇ-ਕਦੇ
ਚੇਤੇ ਕਰਕੇ ਸੋਹਣਿਆ ਸੱਜਣਾ,
ਅੱਖ ਨੂੰ ਭਰ ਲਾਂ, ਕਦੇ-ਕਦੇ

ਅਪਣਾ-ਆਪ ਹੀ ਅਪਣੇ ਵਿੱਚੋਂ,
ਕਦੇ ਤਾਂ ਮਨਫ਼ੀ ਹੋਇਆ ਲੱਗਦਾ,
ਉੱਡਦੇ ਬੱਦਲਾਂ ਦੇ ਧਰਤੀ ਤੋਂ,
ਪਰਛਾਵੇਂ ਵੀ ਫੜ ਲਾਂ, ਕਦੇ-ਕਦੇ

ਸਿੱਪੀਆਂ, ਘੋਗੇ, ਫ਼ੁੱਲ 'ਤੇ ਕਲੀਆਂ,
ਜੁਗਨੂੰ, ਚੰਨ ਸਿਤਾਰੇ ਸਾਰੇ,
ਕਾਲੀ ਤੇਰੀ ਚੁੰਨੀ ਉੱਤੇ,
ਅੱਜ ਵੀ ਜੜ੍ਹ ਲਾਂ, ਕਦੇ-ਕਦੇ

ਕਦੇ ਤਾਂ ਪਰਬਤ ਚੀਰ ਲਿਆਵਾਂ,
ਕਦੇ ਮੈਂ ਪੱਟ ਦਾ ਮਾਸ ਖੁਆਵਾਂ,
'ਵੀਤ ਪਾਗ਼ਲ' ਮੈਂ ਡਰ ਕੇ ਜੱਗ ਕੋਲੋਂ,
ਖੁਦਕੁਸ਼ੀ ਵੀ ਕਰ ਲਾਂ, ਕਦੇ-ਕਦੇ

ਮੁੱਦਤਾਂ ਹੋਈਆਂ ਭੁੱਲ ਗਿਆ ਤੈਨੂੰ,
ਪਰ ਚੇਤੇ ਕਰ ਲਾਂ, ਕਦੇ-ਕਦੇ
ਚੇਤੇ ਕਰਕੇ ਸੋਹਣਿਆ ਸੱਜਣਾ,
ਵੇ ਅੱਖ ਨੂੰ ਭਰ ਲਾਂ, ਕਦੇ-ਕਦੇ

**ਸਰੀ, ਕੈਨੇਡਾ**
**+604-653-9064**
**veetbadshahpuri@gmail.com**

## ਗ਼ਜ਼ਲ

## ਤਨਦੀਪ ਤਮੰਨਾ



### ਕਮਰੇ ਅੰਦਰਲਾ ਜੰਗਲ

ਖ਼ਿਜ਼ਾਂ ਦੇ ਮੌਸਮ ਵਿਚ
ਜਦੋਂ ਵਿਹੜੇ ਖੜ੍ਹੇ ਦਰੱਖ਼ਤਾਂ ਦੇ
ਸਾਰੇ ਪੱਤੇ..
ਇਕ-ਇਕ ਕਰਕੇ
ਝੜ ਜਾਂਦੇ ...

ਕਿਸੇ ਖ਼ਾਮੋਸ਼ ਪਲ
ਕਸਤੂਰੀ ਦੀ ਖ਼ੁਸ਼ਬੂ
ਕੰਧਾਂ 'ਚ ਵਸ ਜਾਂਦੀ ...

ਤੁਹਾਡੇ ਸਿਰਹਾਣੇ 'ਤੇ
ਪੱਤਿਆਂ ਦਾ ਢੇਰ ਲੱਗ ਜਾਂਦੈ ...

ਤੁਹਾਨੂੰ ਖਿੜਕੀ ਦੇ ਬਾਹਰ ਖੜ੍ਹੇ
ਹਿਰਨ ਦੀ ਮਾਸੂਮੀਅਤ 'ਤੇ
ਹਾਸਾ ਆਉਂਦਾ ਹੈ....

ਜਦੋਂ ਪਰਦੇ ਬੰਦ ਕਰਕੇ
ਮੋਮਬੱਤੀ ਜਗਾਉਂਦੇ ਹੋ

ਕਮਰੇ ਦੀਆਂ ਕੰਧਾਂ 'ਤੇ
ਰੁੰਡ-ਮਰੁੰਡ ਰੁੱਖਾਂ ਦੇ ਕੁੱਬੇ ਅਕਸ
ਤੇ ਉਹਨਾਂ ਦਾ ਵਿਰਲਾਪ
ਤੁਹਾਥੋਂ ਝੱਲ ਨਹੀਂ ਹੁੰਦੇ....

ਕੰਧਾਂ ਖੁਰਚ ਕੇ
ਕਸਤੂਰੀ ਨੂੰ ਸ਼ੀਸ਼ੀ 'ਚ
ਭਰਨਾ ਲੋਚਦੇ ਹੋ
ਤਾਂ ਕਮਰੇ ਵਿੱਚੋਂ
ਸ਼ਤੀਰ ਟੁੱਟਣ ਦੀ
ਆਵਾਜ਼ ਆਉਂਦੀ ਹੈ

ਖਿੜਕੀ ਖੋਲ੍ਹਦੇ ਹੋ
ਬੁੱਕਾਂ ਭਰ-ਭਰ ਪੱਤੇ
ਬਾਹਰ ਸੁੱਟ ਦਿੰਦੇ ਹੋ ....

ਤੁਹਾਡੀਆਂ ਸੋਚਾਂ ਵਿਚ
ਹਿਰਨ ਹੁੰਦਾ ਹੈ
ਤੇ ਉਸਦੇ ਮੱਥੇ 'ਚ ਉੱਭਰੀ
ਤਲਾਸ਼ ਵਿਚ ਤੁਸੀਂ.....

ਜੰਗਲ ਤੁਹਾਡੇ ਦੋਵਾਂ 'ਤੇ ਹੱਸਦਾ ਹੈ....

**ਸਰੀ, ਕੈਨੇਡਾ**

## ਨਜ਼ਮ/ਗਜ਼ਲ

ਗੁਰਮੇਲ ਬੀਰੋਕੇ



### ਕੈਨੇਡਾ ਦੀ ਪੰਜਾਬੀ ਬੋਲੀ

ਫੁੱਟਾ ਧਰਕੇ ਲਕੀਰਾਂ ਖਿੱਚੀਆਂ
ਸਿੱਧੀਆਂ ਇੰਝ ਨੇ ਸੜਕਾਂ
ਆਈ-ਫਾਈਬ 'ਤੇ ਗੱਭਰੂ ਚੱਲਦਾ
ਚੱਲਦਾ ਨਾਲ ਹੈ ਮੜਕਾਂ
ਡਾਲੇ ਕਮਾਉਣ ਦੇ ਫੱਟੇ ਚੱਕੇ
ਕੱਢੀਆਂ ਸਾਰੀਆਂ ਰੜਕਾਂ
ਟੌਰੇ ਆਲੀ ਪੱਗ ਓਸਦੀ
ਜੁੱਤੀ ਮਾਰੇ ਜਰਕਾਂ
ਨੀਂ ਸੋਹਣਾ ਮੁੰਡਾ ਦੇਖਕੇ ਮੰਮੀ
ਵੱਧੀਆਂ ਦਿਲ ਦੀਆਂ ਧੜਕਾਂ
ਵਲਵੇਂ ਜੱਟ ਦਾ ਨੀਂ
ਰੋੜ 'ਤੇ ਮਾਰੇ ਬੜਕਾਂ


### ਲੋਕਾਂ ਦਾ ਗੀਤ ਲੋਕਾਂ ਲਈ..

ਮੰਗੀਆਂ ਦੁਆਵਾਂ ਤੇਰੇ ਲਈ,
ਸੋਹਣਿਆਂ,
ਬੀਜੇ ਪਿਆਰ ਦੇ ਵੇ ਫੁੱਲ।
ਅਸੀਂ ਥੱਕੇ ਮੁਸਕਾਨਾਂ ਉਡੀਕਦੇ,
ਤੇਰੇ ਲੋਹੇ ਦੇ ਬਣਗੇ, ਹਾਏ ਸੋਹਣਿਆਂ
ਵੇ ਬੁੱਲ੍ਹ...

ਫੰਗ ਸਾਡੇ ਕਮਜ਼ੋਰੇ, ਸੋਹਣਿਆਂ,
ਭਾਰ ਨਈਂ ਸਕਦੇ ਵੇ ਤੋਲ।
ਸਾਡਾ ਤਾਂ ਸੂਰਜ ਡੁੱਬਿਆ,
ਸੁਣ ਤੇਰੇ ਜਖਮੀ, ਹਾਏ ਸੋਹਣਿਆਂ ਵੇ
ਬੋਲ...


ਹਾਸਾ ਖਿੜਾਵੇ ਫੁੱਲਾਂ ਨੂੰ, ਸੋਹਣਿਆਂ,
ਜੀਵਨ ਚਲਾਉਂਦੀ ਵੇ ਧੁੱਪ।
ਧਰਤੀ ਬੰਜਰ ਹੋ ਜਾਵੇ,
ਤੇਰੀ ਦੇਖਕੇ ਬਰਫ਼ ਵਰਗੀ, ਹਾਏ
ਸੋਹਣਿਆਂ ਵੇ ਚੁੱਪ...

ਸਰੀ, ਕੈਨੇਡਾ
+1 (604) 825-8053



# .ਗ਼ਜ਼ਲ

## ਪਾਲ ਢਿੱਲੋਂ



### .ਗ਼ਜ਼ਲ

ਆਪਣਾ ਗ਼ੁੱਸਾ ਜ਼ਾਹਰ ਕਰਨੇ ਦੀ ਵੀ
ਇੱਕ ਅਦਾ ਹੁੰਦੀ ਹੈ
ਇਕ ਦੂਜੇ ਤੋਂ ਚੁੱਪ ਵੱਟ ਲੈਣੀ ਇਹ
ਵੀ ਇੱਕ ਸਜ਼ਾ ਹੁੰਦੀ ਹੈ

ਸਾਰੇ ਕਹਿੰਦੇ ਉਹ 'ਕੱਲਾ ਹੈ ਪਰ ਮੈਨੂੰ
ਨਾ ਲਗਦਾ 'ਕੱਲਾ
ਜਦ ਵੀ ਮਿਲਿਆ ਉਹ ਮੈਨੂੰ ਹੈ ਉਸ
ਦੇ ਨਾਲ ਹਵਾ ਹੁੰਦੀ ਹੈ

ਬੀਜ ਤੋਂ ਅੰਕੁਰ, ਅੰਕੁਰ ਤੋਂ ਰੁੱਖ 'ਤੇ
ਫੁੱਲ ਖਿੜਾ ਦੇਣੇ ਦੀ
ਮਿੱਟੀ, ਪਾਣੀ, ਪੌਣ ਤੇ ਚਾਨਣ ਦੇ ਹੀ
ਕੋਲ ਕਲਾ ਹੁੰਦੀ ਹੈ

ਵਕਤ ਸੁਣੇ ਨਾ ਵਕਤ ਨਾ ਬੋਲੇ
ਆਪਣੀ ਧੁਨ ਵਿਚ ਮਸਤ ਹੈ ਰਹਿੰਦਾ
ਵਕਤ ਨੂੰ ਆਪਣਾ ਤਰਕ ਸੁਣਾਉਣਾ
ਇਹ ਵੀ ਇਕ ਖ਼ਤਾ ਹੁੰਦੀ ਹੈ

ਮਹਿਕ ਨਾ ਰਹਿੰਦੀ ਰੰਗ ਨਾ ਰਹਿੰਦੇ
ਪੱਤੀ ਪੱਤੀ ਖਿੰਡ ਜਾਂਦੀ ਹੈ
ਫੁੱਲਾਂ ਨੂੰ ਜੋ ਪੱਥਰ ਕਰਦੀ ਜੰਮਣ
ਬਾਅਦ ਕਜ਼ਾ ਹੁੰਦੀ ਹੈ

**ਆਪਣੇ** ਪਰਛਾਵੇਂ ਤੋਂ ਡਰਨਾ, ਪੌਣਾਂ ਨੂੰ
ਮੁੱਠੀ ਬੰਦਾ ਕਰਨਾ
ਹੜ੍ਹ ਦੇ ਪਾਣੀ ਅੱਗੇ ਅੜਨਾ ਇਹ ਵੀ
ਇਕ ਖ਼ਤਾ ਹੁੰਦੀ ਹੈ

ਪੱਥਰ ਨੂੰ ਕਿਉਂ ਫੁੱਲ ਉਹ ਕਹਿੰਦੇ
ਕਿਉਂ ਫੁੱਲਾਂ ਨੂੰ ਖ਼ਾਰ ਉਹ ਕਹਿੰਦੇ
ਪੁੱਛ ਕੇ ਦੇਖੋ ਦੱਸਣਗੇ ਉਹ ਉਹਨਾਂ
ਕੋਲ ਵਜ੍ਹਾ ਹੁੰਦੀ ਹੈ

ਜਿਸ ਨੂੰ ਸੋਚ ਕੇ ਲਗਦਾ ਹੋਵੇ ਕਿ ਕੁਝ
ਚੰਗਾ ਕੀਤਾ ਹੈ ਮੈਂ
ਜਾਂ ਉਹ ਹੁੰਦੀ ਲੋਕ ਭਲਾਈ ਜਾਂ ਫਿਰ
'ਪਾਲ' ਵਫ਼ਾ ਹੁੰਦੀ ਹੈ

ਸਰੀ, ਕੈਨੇਡਾ
+1 (250) 307-4948

# ਗ਼ਜ਼ਲ

## ਸ਼ਾਹਗੀਰ ਗਿੱਲ



### 1

ਲੋਕ ਵੇਖਣਗੇ ਕਦੀ
ਕੀ ਤੋਂ ਕੀ  ਹੈ ਹੋ ਗਿਆ
ਜੋ ਹੋਣ ਦਾ ਖਦਸਾ ਨਹੀਂ ਸੀ
ਉਹੀਓ ਹੀ ਕਿਉਂ ਹੋ ਗਿਆ

ਕੋਈ ਕੁੜੱਤਣ ਮੇਰੇ ਅੰਦਰ
ਘਰ ਹੀ ਬਸ ਕਰ ਗਈ
ਫਿਰ ਕਿਸੇ ਉਚੇਰੇ ਘਰ ਤੋਂ
ਬੇਘਰਾ ਮੈਂ ਹੋ ਗਿਆ

ਫਿਰ ਬੇਘਰੇ ਦੀ ਸੋਚ ਦਾ
ਬੁਖਲਾਉਣਾ ਤਾਂ ਹੈ ਕੁਦਰਤੀ
ਬੁਖਲਾ ਦਾ ਰੁਖ ਕੌਣ ਜਾਣੇ
ਕਿੱਧਰ ਤੋਂ ਕਿੱਧਰ ਹੋ ਗਿਆ

ਬ੍ਰੇਲਗਾਮ ਘੋੜੇ ਦਾ ਕੀ
ਕਿਸੇ ਦਸ਼ਾ ਨੂੰ ਲਾਵੇ ਦੁੜਕੀਆਂ
ਕੀ ਪਤਾ ਮੇਰੀਆਂ ਕੰਧਾਂ ਤੋਂ
ਕੀਕਣ ਪਾਰ ਹੋ ਗਿਆ

ਫੇਰ ਸਭ ਕੁੱਝ ਲੁੱਟ ਜਾਣ ਤੇ
ਹੋਸ਼ ਜੇਹੀ ਆਏਗੀ
ਕੀ ਸੀ ਕਰਨਾ ਤੂੰ 'ਸ਼ੀਰ'
ਤੇ ਕੀ ਸੀ ਆਪੇ ਹੋ ਗਿਆ

### 2

ਤਕੜਾ ਏਂ ਦਿਲਾ ਤੂੰ ਸਭ ਸਹਿ ਜਾਨਾਂ ਏਂ।
ਨਾ ਕਹਿਕੇ ਵੀ ਸਭ ਕੁਝ ਕਹਿ ਜਾਨਾਂ ਏਂ।

ਪਤਾ ਏ ਤੂੰ ਆਪ ਤਾਂ ਕਦੀ ਬੋਲਣਾ ਨਹੀਂ,
ਜਿਸਮ ਦੇ ਰੋਮਾਂ ਰਾਹੀਂ ਸਭ ਕਹਿ ਜਾਨਾ ਏਂ।

ਬੇਤਾਬ ਨੇ ਅੱਖਾਂ ਤੇਰੀਆਂ  ਤੇਰੇ ਹੀ ਵਾਸਤੇ,
ਹਰ ਰਮਜ਼ ਨੂੰ ਅੱਖਾਂ ਰਾਹੀਂ ਕਹਿ ਜਾਨਾਂ ਏਂ।

ਕਿੰਨੀ ਹੈ ਮਜਬੂਰ ਦਿਲਾ ਇਹ ਜ਼ੁਬਾਨ ਤੇਰੀ,
ਉਸਦੇ ਮੂੰਹੋਂ ਵੀ ਨਾਕਹਿਨੀਆਂ ਕਹਿ ਜਾਨਾਂ ਏ।

ਮੰਨਿਆਂ ਮਹਿਬੂਬ ਨੂੰ ਨਿਖੇੜਿਆ ਮਜਬੂਰੀਆਂ,
ਫ਼ਿਰਾਕ ਨੂੰ ਵੀ ਦਿਲਾ ਵਸਲ ਕਹਿ ਜਾਨਾ ਏਂ।

ਚੰਗਾ ਕਰਦਾ ਏਂ ਦੁਆਵਾਂ ਦੋਸਤਾਂ ਲਈ ਸ਼ੀਰ,
ਦਿਲ ਦੀਆਂ ਦਿਲ ਵਿਚ ਕਿਵੇਂ ਲਕੋ ਜਾਨਾਂ ਏਂ।

ਸਰੀ, ਕੈਨੇਡਾ
+1 (360) 296-2251

# ਗ਼ਜ਼ਲ

## ਪ੍ਰਿਤਪਾਲ ਗਿੱਲ



### ਅਮਨ

ਅਮਨ ਦੀ ਘੁੱਗੀ ਜ਼ਖ਼ਮੀ ਹੋਈ।
ਇਹਦੀ ਸਾਰ ਲਵੋ ਹੁਣ ਹੋਈ।

ਅੱਤਵਾਦ ਦਾ ਕਹਿਰ ਹੈ ਚੜ੍ਹਿਆ,
ਮਾਨਵ, ਮਾਨਵ ਤੋਂ ਹੈ ਡਰਿਆ।

ਬੰਬ ਧਮਾਕੇ, ਧੂੰਆਂ ਚੜ੍ਹਿਆ,
ਧਰਤੀ ਦਾ ਕੋਨਾ ਕੋਨਾ ਸੜਿਆ।

ਹਵਾ ਵੀ ਦੂਸ਼ਿਤ ਹੋਈ,
ਜ਼ਹਿਰ ਪਾਣੀ ਦੇ ਵਿੱਚ ਘੁਲਿਆ।

ਸੂਰਜ-ਗ੍ਰਹਿਣ ਹੋ ਲੱਗਿਆ,
ਬੋਦੀ ਵਾਲਾ ਤਾਰਾ ਚੜ੍ਹਿਆ।

ਏਸ ਘੁੱਪ ਹਨੇਰੇ ਵਿੱਚ,
ਹਰ ਕੋਈ ਡਰਿਆ ਡਰਿਆ।

ਅੱਜ ਕੰਪਿਊਟਰ ਯੁੱਗ ਵਿੱਚ,
ਹਰ ਬੰਦਾ ਬੇਚੈਨ ਹੈ ਹੋਇਆ।

ਅਮਨ ਦੇ ਰਾਖੇ ਚੁੱਪ ਕਿਉਂ ਨੇ,
ਸਾਡੇ ਸਾਹਵੇਂ ਪ੍ਰਸ਼ਨ ਖੜ੍ਹਿਆ।

ਕੀ ਸੋਚਦੇ ਕਲਮਾਂ ਵਾਲੇ,
ਪੁੱਛ ਪੜ੍ਹਿਆ ਤੇ ਅਨਪੜ੍ਹਿਆ।

ਅਮਨ ਦੀ ਘੁੱਗੀ ਜ਼ਖ਼ਮੀ ਹੋਈ,
ਇਹਦੀ ਸਾਰ ਲਵੋ ਹੁਣ ਕੋਈ।

### ਰੱਬ ਦਾ ਰੂਪ

ਉਹ ਸਮੁੰਦਰ ਕਿਨਾਰੇ ਬੈਠੀ ਹੈ
ਸ਼ਾਂਤ ਅਤੇ ਅਡੋਲ
ਕੁਦਰਤ ਅਤੇ ਸੁੰਦਰਤਾ ਦਾ ਹੁਸੀਨ
ਸੰਗਮ

ਟਿਕੀ ਰਾਤ ਵਿਚ ਨੀਲੇ ਅਸਮਾਨ ਤੇ
ਤਰਦੇ ਚੰਦ ਵਰਗੀ
ਪਾਣੀ ਵਿਚ ਕੰਬਦੇ ਪਰਛਾਵੇਂ ਵਰਗੀ
ਕਿਸੇ ਸ਼ਾਇਰ ਦੇ ਖਿਆਲ ਦੀ ਉਡਾਰੀ
ਵਰਗੀ

ਅਜੰਤਾ ਅਤੇ ਅਲੋਰਾ ਦੀ ਮੂਰਤ
ਪ੍ਰਭ ਕੈ ਸਿਮਰਨ ਕਰਦੀ ਕਰਦੀ
ਦੂਰ ਬਹੁਤ ਦੂਰ ਦੁਮੇਲ ਤੋਂ ਪਰ੍ਹੇ
ਰੱਬ ਦੀ ਹੋਂਦ ਬਾਰੇ ਸੋਚਣ ਲੱਗੀ

ਸ਼ੂਨਯ ਤੋਂ ਬ੍ਰਹਿਮੰਡ ਤੱਕ ਦਾ ਸਫ਼ਰ
ਮੱਥੇ 'ਚ ਗਿਆਨ ਦਾ ਦੀਵਾ ਬਲਿਆ
ਤੇ ਮੁਸਕਰਾਈ
ਮੈਂ ਹੀ ਰੱਬ ਦਾ ਰੂਪ ਹਾਂ।

ਸਰੀ, ਕੈਨੇਡਾ
+1 (604) 726-8410

# ਗੀਤ/ਗ਼ਜ਼ਲ

## ਲਖਵਿੰਦਰ ਗਿੱਲ



### 1

ਅੰਬਰਾਂ ਨੂੰ ਟਾਕੀ ਲਾਉਂਦਾ ਮੈਂ
ਉਂਗਲ ਤੇ ਦੂਨੀ ਘੁਮਾਉਂਦਾ ਮੈਂ
ਪੱਥਰਾਂ ਤੇ ਨਾਮ ਲਿਖਾਉਂਦਾ ਮੈਂ
ਪਰ ਪੱਥਰਾਂ ਆਖਰ ਖਿੰਡ ਜਾਣਾ
ਖ਼ੁਦ ਨੂੰ ਸਮਝਾਉਣਾ ਭੁੱਲ ਜਾਨਾ
ਮੈਂ ਸ਼ੁਕਰ ਮਨਾਉਣਾ ਭੁੱਲ ਜਾਨਾ

ਮੇਰੀ ਚੁਸਤ ਚਲਾਕੀ ਚੱਲ ਜਾਂਦੀ
ਮੇਰੀ ਆਉਂਦੀ ਬਿਪਤਾ ਟਲ ਜਾਂਦੀ
ਮੇਰੀ ਮੈਂ ਵੀ ਚੜ੍ਹਦੇ ਵੱਲ ਜਾਂਦੀ
ਮੈਂ ਰੁੜਦੇ ਜਾਂਦੇ ਬੇਵੱਸ ਨੂੰ
ਫੜ੍ਹ ਹੱਥ ਬਚਾਉਣਾ ਭੁੱਲ ਜਾਨਾ
ਮੈਂ ਸ਼ੁਕਰ ਮਨਾਉਣਾ ਭੁੱਲ ਜਾਨਾ

ਕਈ ਸੌਂਦੇ ਨੇ ਪਰ ਉੱਠਦੇ ਨਹੀਂ
ਕਈਆਂ ਦੇ ਹਾਉਕੇ ਮੁੱਕਦੇ ਨਹੀਂ
ਦੁੱਖ ਬੰਨ ਲਾਇਆਂ ਵੀ ਰੁਕਦੇ ਨਹੀਂ
ਮੈਂ ਰੋਜ਼ ਸਵੇਰੇ ਉੱਠ ਬਹਿਨਾ
ਪਰ ਜਸ਼ਨ ਮਨਾਉਣਾ ਭੁੱਲ ਜਾਨਾ
ਮੈਂ ਸ਼ੁਕਰ ਮਨਾਉਣਾ ਭੁੱਲ ਜਾਨਾ

ਇਹ ਮੌਸਮ ਮੁੜ੍ਹ ਮੁੜ੍ਹ ਆਉਣਾ ਨਹੀਂ
ਕੋਇਲਾਂ ਨੇ ਮੁੜ੍ਹ ਮੁੜ੍ਹ ਗਾਉਣਾ ਨਹੀਂ
ਕਿਣਮਿਣ ਵਿੱਚ ਚਿੜੀਆਂ ਨਾਹੁਣਾ
ਨਹੀਂ
ਹਰ ਦਿਨ ਦੀਵਾਲੀ ਵਰਗਾ ਹੈ
ਮੈਂ ਦੀਪ ਜਗਾਉਣਾ ਭੁੱਲ ਜਾਨਾ
ਮੈਂ ਸ਼ੁਕਰ ਮਨਾਉਣਾ ਭੁੱਲ ਜਾਨਾ

ਮੈਂ ਬਾਗੀਂ ਗੇੜਾ ਲਾ ਆਉਂਨਾ
ਬੁਲਬੁਲ ਦੇ ਵਿਹੜੇ ਜਾ ਆਉਂਨਾ
ਫੁੱਲਾਂ ਨੂੰ ਬਾਤ ਸੁਣਾ ਆਉਂਨਾ
ਮੈਂ ਰੰਗ ਬਰੰਗੇ ਫੁੱਲਾਂ ਲਈ
ਕੁੱਝ ਕਲਮਾਂ ਲਾਉਣਾ ਭੁੱਲ ਜਾਨਾ
ਮੈਂ ਸ਼ੁਕਰ ਮਨਾਉਣਾ ਭੁੱਲ ਜਾਨਾ

ਇਹ ਜ਼ਿੰਦਗੀ ਤੁਰਦੀ ਜਾਣੀ ਏਂ
ਇਹ ਹਰ ਦਿਨ ਭੁਰਦੀ ਜਾਣੀ ਏਂ
ਇਹ ਹਰ ਪਲ ਖੁਰਦੀ ਜਾਣੀ ਏਂ
ਮੈਂ ਯਾਰਾਂ ਦੀ ਹਰ ਮਹਿਫਲ ਵਿੱਚ
ਤਸਵੀਰ ਖਿਚਾਉਣਾ ਭੁੱਲ ਜਾਨਾ
ਮੈਂ ਸ਼ੁਕਰ ਮਨਾਉਣਾ ਭੁੱਲ ਜਾਨਾ

### 2

ਹਵਾ ਕਿੱਦਾਂ ਦੀ ਚੱਲ ਪਈ ਸ਼ਹਿਰ ਮੇਰੇ
ਪਈਦੇ ਚੋਰਾਂ ਨੂੰ ਫੁੱਲਾਂ ਦੇ ਹਾਰ ਵੇਖੇ

ਵੇਖੇ ਵਿਦਿਆ ਨੂੰ ਚੌਂਕ 'ਚ ਕੁੱਟ
ਪਈਂਦੀ
ਅਨਪੜ੍ਹ, ਪੜ੍ਹਿਆਂ ਨੂੰ ਦੇਵੇ ਰੁਜ਼ਗਾਰ
ਵੇਖੋ

ਮਾਲਾ ਫਿਰਦੀ ਏ ਰਫ਼ਲਾਂ ਦੀ ਛਾਂ ਹੇਠਾਂ
ਮਾਇਆ ਭੰਡਦੇ ਸੰਤਾਂ ਦੀ ਕਾਰ ਵੇਖੋ

ਵਰ੍ਹਾ ਸੌ ਨਹੀਂ ਹੋਇਆ ਆਜ਼ਾਦ
ਹੋਇਆਂ
ਅਜੇ ਤੇਲ ਵੇਖੋ ਤੇਲ ਦੀ ਧਾਰ ਵੇਖੋ

## 3

ਪੰਛੀ ਨੱਚਦੇ ਟੱਪਦੇ ਫਿਰਦੇ
ਬੰਦਿਆਂ ਉਤੇ ਹੱਸਦੇ ਫਿਰਦੇ...

ਅੰਦਰ ਬੰਨ ਬਿਠਾਇਆ ਬੰਦਾ
ਵੇਖੋ ਪੜ੍ਹਨੇ ਪਾਇਆ ਬੰਦਾ !!

ਬੰਦੇ ਕਈ ਹਥਿਆਰ ਬਣਾਏ
ਕਾਇਨਾਤ ਨਾਲ ਆਹਡੇ ਲਾਏ
ਜੰਗਲ਼ ਵੱਢ ਵਢਾਈ ਜਾਂਦਾ
ਪਾਣੀ ਰੋੜ੍ਹ ਮੁਕਾਈ ਜਾਂਦਾ
ਕੁਦਰਤ ਦਾ ਸੀ ਮੂੰਹ ਚਿੜਾਉਂਦਾ
ਖ਼ੁਦ ਨੂੰ ਸੀ ਸਮਰਾਟ ਕਹਾਉਂਦਾ
ਹਵਾ ਨਾਲ ਸੀ ਗੱਲਾਂ ਕਰਦਾ,
ਉੱਡਦਾ ਭੁੰਜੇ ਲਾਹਿਆ ਬੰਦਾ
ਵੇਖੋ ਪੜ੍ਹਨੇ ਪਾਇਆ ਬੰਦਾ !

ਬੰਦਾ ਸੀ ਖੂੰਖਾਰ ਹੋ ਗਿਆ
ਆਪਣੇ ਵਿੱਤੋਂ ਬਾਹਰ ਹੋ ਗਿਆ
ਸਭ ਨੂੰ ਹਿੱਕ ਦਾ ਜ਼ੋਰ ਵਿਖਾਉਂਦਾ
ਜਿਹੜਾ ਅੜ੍ਹਦਾ ਮਾਰ ਮੁਕਾਉਂਦਾ
ਖੱਬੀ ਖਾਨ ਕਹਾਉਂਦਾ ਸੀ ਉਹ
ਅੰਬਰੀਂ ਟਾਕੀ ਲਾਉਂਦਾ ਸੀ ਉਹ
ਦੁਨੀਆਂ ਸਿਰ ਤੇ ਚੁੱਕੀ ਫਿਰਦਾ
ਵੱਟੇ-ਵੱਟ ਭਜਾਇਆ ਬੰਦਾ...
ਵੇਖੋ ਪੜ੍ਹਨੇ ਪਾਇਆ ਬੰਦਾ !!

ਕੁੰਡੀ ਲਾ ਕੇ ਬਹਿ ਗਿਐ ਅੰਦਰ
ਕੱਲਮ-ਕੱਲਾ ਰਹਿ ਗਿਐ ਅੰਦਰ
ਉਹਨੂੰ ਜਾਪੇ ਕਿਲਾ ਢਹਿ ਗਿਐ
ਹੋ ਕੇ ਹੱਕਾਬੱਕਾ ਰਹਿ ਗਿਐ
ਬਿਟ-ਬਿਟ ਅੰਦਰੋਂ ਵੇਂਹਦਾ ਏ ਹੁਣ
ਸਹਿਮਿਆਂ ਵੌੜਾਂ ਲਈਂਦਾ ਏ ਹੁਣ
ਹੁਣ ਜਾਵੇ ਤੇ ਜਾਵੇ ਕਿੱਥੇ,
ਵਿੱਚ ਕੜਿੱਕੀ ਆਇਆ ਬੰਦਾ...
ਵੇਖੋ ਪੜ੍ਹਨੇ ਪਾਇਆ ਬੰਦਾ !

ਚਿੜੀਆਂ ਮੁੜ ਬਨੇਰੀਂ ਚੂਕਣ
ਬਾਗ਼ਾਂ ਦੇ ਵਿੱਚ ਕੋਇਲਾਂ ਕੂਕਣ
ਪੰਛੀ ਨੱਚਦੇ-ਟੱਪਦੇ ਫਿਰਦੇ
ਬੰਦਿਆਂ ਉਤੇ ਹੱਸਦੇ ਫਿਰਦੇ
ਮੇਰੇ ਵਿਹੜੇ ਬੁਲਬੁਲ ਬੋਲੀ
ਮੈਥੋਂ ਉਹ ਤਾਂ ਰਹੀ ਅਣਗੌਲੀ
ਕਹਿੰਦੀ "ਤੈਨੂੰ ਮਾਣ ਬੜਾ ਸੀ,
ਤਾਂਹੀਉਂ ਨੁੱਕਰੇ ਲਾਇਆ ਬੰਦਾ"
ਵੇਖੋ ਪੜ੍ਹਨੇ ਪਾਇਆ ਬੰਦਾ !!

ਸ਼ਾਲਾ ! ਕੋਈ ਕ੍ਰਾਂਤੀ ਆਏ
ਬੰਦੇ ਨੂੰ ਹੁਣ ਸ਼ਾਂਤੀ ਆਏ
ਉਹਨੂੰ ਕੋਈ ਆ ਸਮਝਾਵੇ
ਕੁਦਰਤ ਨਾਲ ਨਾ ਆਹਡਾ ਲਾਵੇ
ਕੁਦਰਤ ਕਾਦਰ ਦਾ ਸਰਮਾਇਆ
ਇਹਦਾ ਅੰਤ ਕਿਸੇ ਨਾ ਪਾਇਆ
'ਅੰਦਰ ਮਾਣਸ, ਬਾਹਰ ਪਰਿੰਦੇ'
ਕੁਦਰਤ ਇੰਜ ਸਮਝਾਇਆ ਬੰਦਾ!
ਵੇਖੋ ਪੜ੍ਹਨੇ ਪਾਇਆ ਬੰਦਾ...

**ਸਰੀ, ਕੈਨੇਡਾ**
**+1 (778) 323-0105**

## ਮਿੰਨੀ ਕਹਾਣੀ

# ਮੇਰਾ ਉਜੜਦਾ ਦੇਸ

### ਡਾ. ਬਲਦੇਵ ਸਿੰਘ ਖਹਿਰਾ



ਵਰਿੰਦਰਪਾਲ ਨੇ ਬੈੱਡ 'ਤੇ ਬੈਠਦਿਆਂ ਬੇਸਮੈਂਟ ਦੀ ਦਿੱਖ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦਾ ਜ਼ਾਇਜ਼ਾ ਲੈਂਦਿਆਂ ਸੋਚਿਆ ਕਿ ਅਜਮੇਰ ਪਹੁੰਚਣ ਵਾਲ਼ਾ ਹੀ ਹੋਣੈ। ਤਦੇ ਹਲਕੀ ਜਿਹੀ ਦਸਤਕ ਹੋਈ ਤੇ ਉਹਨੇ ਤੁਰੰਤ ਬੂਹਾ ਖੋਲ੍ਹ ਕੇ ਆਪਣੇ ਬਚਪਨ ਦੇ ਯਾਰ ਤੇ ਸਹਿਪਾਠੀ ਨੂੰ ਬਾਹਾਂ ਖੋਲ੍ਹ ਕੇ ਜੱਫ਼ੀ ਵਿੱਚ ਘੁੱਟ ਲਿਆ। ਕਿੰਨੇ ਚਿਰ ਬਾਅਦ ਉਸਦੇ ਮੂੰਹੋਂ ਨਿੱਕਲਿਆ,

"ਸ਼ੁਕਰ ਐ ਰੱਬਾ! ਏਸ ਕੈਨੇਡਾ ਦੀ ਧਰਤੀ 'ਤੇ ਮੈਨੂੰ ਮੇਰਾ ਵਿਛੜਿਆ ਯਾਰ ਮਿਲਾ'ਤਾ"

ਅਜਮੇਰ ਵੀ ਡਾਢਾ ਖੁਸ਼ ਸੀ, ਉਹਨੂੰ ਬੈੱਡ ਉੱਤੇ ਬਿਠਾਉਂਦਿਆਂ ਵਰਿੰਦਰ ਬੋਲਿਆ,

"ਸਫਰ 'ਚ ਥੱਕ ਗਿਆ ਹੋਵੇਂਗਾ,ਪਹਿਲਾਂ ਦੱਸ ਜੂਸ ਜਾਂ ਚਾਹ ਕੀ ਪੀਏਂਗਾ ?"

"ਥਕਾਵਟ ਤਾਂ ਮਿੱਤਰਾ! ਤੈਨੂੰ ਦੇਖ ਕੇ ਈ ਲੱਥ ਗਈ, ਬਸ ਪਾਣੀ ਦਾ ਗਲਾਸ..."

ਪਾਣੀ ਦੇਖਦਿਆਂ ਹੀ ਉਹਦੀਆਂ ਅੱਖਾਂ ਵਿੱਚ ਚਮਕ ਆ ਗਈ, "ਆ ਹਾ ਪਾਣੀ.." ਕਹਿਕੇ ਇਕੋ ਡੀਕ ਨਾਲ਼ ਗਲਾਸ ਖ਼ਾਲੀ ਕਰਦਾ ਬੋਲਿਆ," ਇਹ ਪਾਣੀ ਤਾਂ ਸਾਡੇ ਲਈ ਵਡਮੁੱਲੀ ਦਾਤ ਬਣ ਗਈ ਐ, ਲਿਆ ਯਾਰ, ਹੋਰ ਲਿਆ..."

"ਤਿਹਾਏ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫਰਿਆ...।" ਵਰਿੰਦਰ ਚਹਿਚਹਾਇਆ ਤੇ ਦੋਵੇਂ ਖਿੜਖਿੜਾ ਕੇ ਹੱਸ ਪਏ।

ਅਗਲੇ ਹੀ ਪਲ ਅਜਮੇਰ ਸੰਜੀਦਾ ਹੋ ਗਿਆ, "ਕਾਫੀ ਚਿਰ ਪਹਿਲਾਂ ਕਿਸੇ ਸਾਇੰਸਦਾਨ ਨੇ ਭਵਿੱਖਬਾਣੀ ਕੀਤੀ ਸੀ ਕਿ ਪੰਜਾਬ ਮਾਰੂਥਲ ਬਣ ਜਾਏਗਾ, ਹੁਣ ਤਾਂ ਪਰਤੱਖ ਦਿਸਣ ਲੱਗ ਪਿਐ"

"ਮਾਰੂਥਲ ? ਤੇ ਉਹ ਵੀ ਪੰਜਾਬ? ਪੰਜਾਂ ਦਰਿਆਵਾਂ ਦੀ ਧਰਤੀ? ਇਹ ਕਿਵੇਂ ਹੋ ਸਕਦੈ"

"ਏਹੋ ਤਾਂ ਦੁੱਖ ਭਰੀ ਦਾਸਤਾਂ ਹੈ ਅਜਮੇਰ! ਤੈਨੂੰ ਕਿਹੜਾ ਪਤਾ ਨਹੀਂ? ਸਰਕਾਰਾਂ ਦੀਆਂ ਕੋਝੀਆਂ ਚਾਲਾਂ, ਪਹਿਲਾਂ ਪੰਜਾਬ ਦੇ ਦਰਿਆਵਾਂ ਦੇ ਪਾਣੀ ਵੱਡੀਆਂ ਨਹਿਰਾਂ ਰਾਹੀਂ ਰਾਜਸਥਾਨ ਤੇ ਹਰਿਆਣੇ ਨੂੰ ਦੇ ਦਿੱਤੇ, ਫਿਰ ਹਰੀ ਕਰਾਂਤੀ ਦੇ ਨਾਂ 'ਤੇ ਦੇਸ਼ ਦਾ ਢਿੱਡ ਭਰਨ ਲਈ ਪੰਜਾਬੀਆਂ ਨੂੰ ਉਹ ਫ਼ਸਲਾਂ ਬੀਜਣ 'ਤੇ ਲਾ ਦਿੱਤਾ ਜਿਹੜੀਆਂ

## ਮਿੰਨੀ ਕਹਾਣੀ: ਮੇਰਾ ਉਜੜਦਾ ਦੇਸ

ਅਸੀਂ ਬਹੁਤਾ ਕਰ ਕੇ ਖਾਂਦੇ ਵੀ ਨਹੀਂ, ਉਹਨਾਂ ਲਈ ਮਹਿੰਗੀਆਂ ਖਾਦਾਂ,ਕੀਟਨਾਸ਼ਕ ਦਵਾਈਆਂ ਆਗੀਆਂ,"

"ਹਾਂ ਇਹ ਸਭ ਤਾਂ ਮੈਂ ਵੀ ਦੇਖਿਆ,ਪਰ ਸਮਝ ਹੁਣ ਆ ਰਹੀ ਐ।" ਵਰਿੰਦਰਪਾਲ ਨੇ ਹੁੰਗਾਰਾ ਭਰਿਆ।

"ਬਸ ਯਾਰਾ! ਇਸ ਵਰਤਾਰੇ ਨਾਲ਼ ਖੇਤੀ ਦੇ ਖਰਚੇ ਬਹੁਤ ਵਧ ਗਏ,ਫ਼ਸਲਾਂ ਵੇਚਣ ਦਾ ਮੁੱਲ ਉਨਾ ਮਿਲ਼ਿਆ ਕੋਈ ਨਾ,ਕਰਜ਼ਾਈ ਹੋਗੇ ਕਿਸਾਨ,ਧਾਨ ਨੂੰ ਪਾਣੀ ਦੇਣ ਲਈ ਦੂਹੋ ਦੂਹ ਚਲਦੀਆਂ ਮੋਟਰਾਂ, ਧਰਤੀ ਹੇਠਲਾ ਪਾਣੀ ਮੁੱਕਣ ਲੱਗਿਆ,ਹੁਣ ਤਾਂ ਦੂਜੇ ਪੱਤਣ ਦਾ ਪਾਣੀ ਵੀ ਮੁੱਕਣ ਵਾਲੈ"

ਵਰਿੰਦਰ ਸੁਣ ਕੇ ਸਕਤੇ ਵਿੱਚ ਆ ਗਿਆ।ਅਜਮੇਰ ਜਿਵੇਂ ਨੱਕੋ ਨੱਕ ਭਰਿਆ ਪਿਆ ਸੀ,

"ਉੱਤੋਂ ਦਰਖ਼ਤ ਵੱਢ ਵੱਢ ਮੁਕਾ 'ਤੇ, ਫੈਕਟਰੀਆਂ ਦਾ ਗੰਦਾ ਪਾਣੀ,ਖੇਹ ਸੁਆਹ ਸਭ ਨਦੀਆਂ ਨਾਲ਼ਿਆਂ 'ਚ.. ਪੀਣ ਵਾਲ਼ਾ ਪਾਣੀ ਦੂਸ਼ਿਤ ਹੋ ਗਿਆ,ਕੈਂਸਰ ਫੈਲ ਗਿਆ,ਨਿੱਤ ਕੋਈ ਨਵੀਂ ਖ਼ਬਰ, ਮਾੜੀ ਤੋਂ ਮਾੜੀ.. ਮੌਤਾਂ.. ਖ਼ੁਦਕੁਸ਼ੀਆਂ..।" ਅਜਮੇਰ ਦਾ ਹਉਕਾ ਨਿਕਲ ਗਿਆ।

ਵਰਿੰਦਰਪਾਲ ਉਹਦੇ ਮੋਢੇ 'ਤੇ ਹੱਥ ਧਰਦਾ ਬੋਲਿਆ, "ਸੋਚਿਆ ਨਹੀਂ ਸੀ ਕਿ ਹਾਲਾਤ ਇਉਂ ਬਦ ਤੋਂ ਬਦਤਰ ਹੋ ਜਾਣਗੇ, ਚਲ ਛੱਡ, ਪਰਿਵਾਰ ਦੀ ਸੁਖ-ਸਾਂਦ ਸੁਣਾ"

"ਪਰਿਵਾਰ ਦੀ ਕੀ ਸੁਣਾਵਾਂ? ਪਿੰਡ 'ਚ ਪੀਣ ਦਾ ਪਾਣੀ ਨਹੀਂ ਰਿਹਾ, ਲੋਕੀ ਚਾਰ ਪੰਜ ਕਿਲੋਮੀਟਰ 'ਤੇ ਨਹਿਰ ਕੋਲ਼ ਲੱਗੇ ਹੈਡਪੰਪ ਤੋਂ ਪਾਣੀ ਲਿਆਉਂਦੇ ਐ ਜਾਂ ਰੇੜ੍ਹੀ ਵਾਲ਼ਿਆਂ ਤੋਂ ਮੁੱਲ ਲੈਂਦੇ ਐ, ਮੇਰੀ ਮਾਂ ਮੇਰੇ ਦੋਵੇਂ ਭਤੀਜਿਆਂ ਨੂੰ ਲੈ ਕੇ ਦੁਰੇਡੇ ਜ਼ਿਲ੍ਹੇ 'ਚ ਪੈਂਦੇ ਆਵਦੇ ਪੇਕੇ ਚਲੀ ਗਈ, ਪਿੰਡ ਸਿਰਫ਼ ਬਾਪੂ ਤੇ ਮੇਰਾ ਛੋਟਾ ਭਰਾ ਭਰਜਾਈ ਰਹਿ ਗਏ, ਤੇ ਮੈਂ ਏਥੇ, ਵਰਿੰਦਰ! ਬਸ ਏਸੇ ਨੂੰ ਪਰਵਾਸ ਕਹਿੰਦੇ ਨੇ, ਮੇਰਾ ਦੇਸ ਉੱਜੜ ਰਿਹੈ।" ਅਜਮੇਰ ਤੋਂ ਆਪਣਾ ਰੋਣਾ ਰੋਕਿਆ ਨਹੀਂ ਜਾ ਰਿਹਾ ਸੀ।

**ਸਰੀ, ਕੈਨੇਡਾ**
**+1 236 518 5952**
**drbaldevkhaira@gmail.com**

# ਸਰੀ ਦੇ ਪ੍ਰਮੁੱਖ ਸਾਹਿਤਕ ਕੇਂਦਰ

## ਵੀਰ ਪੂਰਨਦਾਦ ਲਾਇਬ੍ਰੇਰੀ



ਕੈਨੇਡਾ ਆਪਣੇ ਆਪ ਵਿਚ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਹੈ। ਇਹ ਸਰਗਰਮੀਆਂ ਮੂਲ ਤੌਰ ਤੇ ਪੰਜਾਬੀਆਂ ਅਤੇ ਸਿੱਖਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਇਸੇ ਆਧਾਰ ਤੇ ਸਰੀ ਵਿੱਚ ਇਸ ਸਮੇਂ ਕਈ ਅਦਾਰੇ ਕਾਰਜਸ਼ੀਲ ਹਨ ਪਰ ਆਮ ਲੋਕ ਉਨ੍ਹਾਂ ਦੇ ਵੱਡਮੁਲੇ ਯਤਨਾਂ ਤੋਂ ਅਣਜਾਣ ਹਨ। ਅਜਿਹਾ ਹੀ ਇਕ ਅਦਾਰਾ ਵੀਰ ਪੂਰਨਦਾਦ ਲਾਇਬ੍ਰੇਰੀ ਹੈ ਜੋ 12989 80 Ave, Surrey, BC V3W 3B1, Canada (Mobile:+16045517947) ਵਿਖੇ ਸਥਾਪਿਤ ਹੈ। ਵੀਰ ਪੂਰਨਦਾਦ ਲਾਇਬ੍ਰੇਰੀ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਡਾ. ਸੀ. ਖ਼ੁਦਾਦਾਦ ਨੂੰ ਸਮਰਪਿਤ ਹੈ। ਡਾ. ਸੀ. ਖ਼ੁਦਾਦਾਦ ਰਸਾਇਣ ਵਿਗਿਆਨੀ ਸਨ ਜਿਹੜੇ ਕਿ ਪ੍ਰੋ. ਪੂਰਨ ਸਿੰਘ ਦੀਆਂ ਵਿਗਿਆਨੀ ਅਤੇ ਸਾਹਿਤਕ ਸਰਗਰਮੀਆਂ ਦੇ ਵੀ ਹਿੱਸੇਦਾਰ ਸਨ। ਮੂਲ ਤੌਰ ਤੇ ਇਹ ਲਾਇਬ੍ਰੇਰੀ ਪ੍ਰੋ. ਪੂਰਨ ਸਿੰਘ ਤੇ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਨੂੰ ਸਮਰਪਿਤ ਹੈ। ਜਿਵੇਂ ਭਾਈ ਵੀਰ ਸਿੰਘ ਲਿਖਦੇ ਹਨ: ਮੇਰੀ ਛਿੱਪੇ ਰਹਿਣ ਦੀ ਚਾਹ ਤੇ ਛਿੱਪੇ ਤੁਰ ਜਾਣ ਦੀ ਪੂਰੀ ਹੁੰਦੀ ਨਾ ਮੈਂ ਤਰਲੇ ਲੈ ਰਿਹਾ....। ਇਸ ਸੰਸਥਾ ਦੇ ਨੌਜਵਾਨ ਪ੍ਰਬੰਧਕ ਜਿੱਥੇ ਪ੍ਰਤੀਬੱਧ ਹੋ ਕੇ ਦੁਨੀਆ ਭਰ ਵਿਚ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਬੜੀ ਨਿਸ਼ਠਾ ਨਾਲ ਕੰਮ ਕਰ ਰਹੇ ਹਨ। ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਉਨ੍ਹਾਂ ਦੀਆਂ ਮੁਫ਼ਤ ਕਲਾਸਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਪੁਸਤਕਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਪੁਸਤਕਾਂ ਨੂੰ ਆਪਣੇ ਡਾਕ ਖ਼ਰਚ ਤੇ ਪਾਠਕਾਂ ਤੱਕ ਪੁਜਦਾ ਵੀ ਕੀਤਾ ਜਾਂਦਾ ਹੈ। ਮੈਂਨੂੰ ਇਹ ਲਾਇਬ੍ਰੇਰੀ ਦੇਖਣ ਦਾ ਮੌਕਾ ਮਿਲਿਆ ਹੈ ਅਤੇ ਬਹੁਤ ਹੀ ਸੁਚੱਜੇ ਢੰਗ ਨਾਲ ਇਸ ਲਾਇਬ੍ਰੇਰੀ ਵਿਚ ਪੁਸਤਕਾਂ ਨੂੰ ਸਾਂਭ-ਸੰਭਾਲ ਨਾਲ ਰੱਖਿਆ

ਗਿਆ ਹੈ ਅਤੇ ਦੁਨੀਆ ਦੇ 35 ਦੇਸ਼ਾਂ ਤੱਕ ਕਿਤਾਬਾਂ ਨੂੰ ਪੁਜਦਾ ਕੀਤਾ ਜਾਂਦਾ ਹੈ। ਮੈਂ ਇਸ ਨੂੰ ਇਨ੍ਹਾਂ ਦੀ ਵੱਡੀ ਪ੍ਰਾਪਤੀ ਵਜੋਂ ਦੇਖਦਾ ਹਾਂ, ਜੋ ਸਾਹਿਤ ਦੇ ਖੇਤਰ ਵਿਚ ਨਿਸ਼ਕਾਮ ਸੇਵਾ ਕਰ ਰਹੇ ਹਨ। ਹੁਣ ਤੱਕ ਇਸ ਅਦਾਰੇ ਨੇ ਪੰਜਾਬੀ ਅਤੇ ਅੰਗਰੇਜ਼ੀ ਦੀਆਂ 100 ਦੇ ਲਗਭਗ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ ਜਿਨ੍ਹਾਂ ਵਿਚ ਮੁੱਖ ਤੌਰ ਤੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਤੇ ਹੋਰ ਲੇਖਕਾਂ ਦੀਆਂ ਸਾਹਿਤਕ ਤੇ ਧਾਰਮਿਕ ਪੁਸਤਕਾਂ ਦੇ ਨਾਲ ਨਾਲ ਪ੍ਰਸਿੱਧ ਰਾਗੀ ਸਾਹਿਬਾਨ ਦੀਆਂ ਸੰਗੀਤਮਈ ਸ਼ਬਦ ਗਾਇਨ ਵੀ ਇਕਤੱਰ ਕਰਕੇ ਪ੍ਰਸਾਰਨ ਦਾ ਯਤਨ ਵੀ ਕੀਤਾ ਹੈ। ਇਸ ਲਾਇਬ੍ਰੇਰੀ ਦੇ ਪਿੱਛੇ ਮੂਲ ਭਾਵਨਾ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਨੂੰ ਸ਼ਰਧਾ ਪੂਰਵਕ ਢੰਗ ਨਾਲ ਆਮ ਲੋਕਾਂ ਤੱਕ ਪਹੁੰਚਾਉਣਾ ਹੈ।

ਨਿਰਸੰਦੇਹ ਭਾਈ ਵੀਰ ਸਿੰਘ 20ਵੀਂ ਸਦੀ ਦੇ ਸਿੱਖ ਸਾਹਿਤ ਵਿਚ ਵੱਡਾ ਸਥਾਨ ਰੱਖਦੇ ਹਨ ਪਰ ਭਾਈ ਵੀਰ ਸਿੰਘ ਜੀ ਦੀ ਸਿੱਖ ਭਾਵਨਾ ਨੂੰ ਕਈ ਇਕ ਧਿਰਾਂ ਨਕਾਰਾਤਮਕ ਰੂਪ ਵਿਚ ਦੇਖਦੀਆਂ ਸਨ ਜਿਸ ਕਾਰਨ ਭਾਈ ਵੀਰ ਸਿੰਘ ਨੂੰ ਵੱਡੀ ਪ੍ਰਾਪਤੀ ਦੇ ਬਾਵਜੂਦ ਵੀ ਅਣਗੋਲਿਆ ਹੀ ਜਾਂਦਾ ਰਿਹਾ ਹੈ ਇਸ ਤਰ੍ਹਾਂ ਲਗਦਾ ਹੈ ਇਸ ਸਥਿਤੀ ਦੇ ਪ੍ਰਤਿਕਰਮ ਵਜੋਂ ਹੀ ਨੌਜਵਾਨਾਂ ਨੇ ਇਕ ਨਿਵੇਕਲੇ ਢੰਗ ਵਜੋਂ ਇਹ ਅਦਾਰਾ ਸਥਾਪਿਤ ਕੀਤਾ ਹੈ ਜੋ ਆਪਣੇ ਸਥਾਪਨਾ ਉਦੇਸ਼ਾਂ ਵਿਚ ਕਾਫੀ ਹੱਦ ਤੱਕ ਸਫ਼ਲ ਮੰਨਿਆ ਜਾ ਸਕਦਾ ਹੈ। ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਪੰਜਾਬ ਵਿਚ ਭਾਈ ਵੀਰ ਸਿੰਘ ਨਾਂ ਦੀ ਸੰਸਥਾ ਹੋਣ ਬਾਵਜੂਦ ਵੀ ਅਸੀਂ ਅਜਿਹਾ ਸਾਹਿਤਕ ਕਾਰਜ ਨਹੀਂ ਕਰ ਸਕੇ ਜੋ ਸਰੀ ਵਿਚ ਵੀਰ ਪੂਰਨਦਾਦ ਲਾਇਬ੍ਰੇਰੀ ਕਰ ਰਹੀ ਹੈ।

**ਡਾ. ਸ. ਪ. ਸਿੰਘ**

ਵੀਰਪੂਰਨਦਾਦ ਲਾਇਬ੍ਰੇਰੀ ਵਲੋਂ ਪ੍ਰਕਾਸ਼ਿਤ ਕੁੱਝ ਪ੍ਰਮੁੱਖ ਪੁਸਤਕਾਂ



# ਢਾਹਾਂ ਪੁਰਸਕਾਰ


ਬੁੱਧ ਸਿੰਘ ਢਾਹਾਂ

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਢਾਹਾਂ ਸਾਹਿਤ ਪੁਰਸਕਾਰ ਅੰਤਰਰਾਸ਼ਟਰੀ ਪੱਧਰ ‘ਤੇ ਇੱਕ ਅਜਿਹਾ ਸਾਹਿਤਕ ਇਨਾਮ ਹੈ, ਜਿਸਨੇ ਚੁੱਪ ਕਲਮਾਂ ਨੂੰ ਲਿਖਣ ਲਈ ਤੇ ਲਿਖਦੀਆਂ ਕਲਮਾਂ ਨੂੰ ਵਧੀਆ ਪੈੜ੍ਹਾਂ ਪਾਉਣ ਲਈ ਉੱਚ ਦਰਜੇ ਦਾ ਲਿਖਣ ਲਈ ਪ੍ਰੇਰਿਆ ਹੈ ਅਤੇ ਕੈਨੇਡਾ ਦੇ ਬੱਚਿਆਂ ਵਿੱਚ ਪੰਜਾਬੀ ਬੋਲਣ, ਪੜ੍ਹਨ, ਲਿਖਣ ਤੇ ਸਿੱਖਣ ਦੀ ਰੁਚੀ ਨੂੰ ਪੈਦਾ ਕੀਤਾ ਹੈ ਅਤੇ ਆਪਣੀਆਂ ਜੜ੍ਹਾਂ ਨੂੰ ਮਜਬੂਤੀ ਨਾਲ ਪੱਕਿਆਂ ਕਰਨ ਲਈ ਯੋਗਦਾਨ ਪਾ ਰਿਹਾ ਹੈ। ਢਾਹਾਂ ਇੰਟਰਨੈਸ਼ਨਲ ਪੰਜਾਬੀ ਸਾਹਿਤ ਇਨਾਮ 2013 ਵਿੱਚ ਸਥਾਪਤ ਕੀਤਾ ਗਿਆ ਪੰਜਾਬੀ ਗਲਪਕਾਰਾਂ ਲਈ ਇੱਕ ਸਾਹਿਤਕ ਇਨਾਮ ਹੈ। ਇਸ ਦੀ ਸਥਾਪਨਾ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਨੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਕੀਤੀ ਗਈ ਸੀ। 2014 ਤੋਂ ਲੈ ਕੇ ਹੁਣ ਤੱਕ ਇਹ ਇਨਾਮ ਹਰ ਸਾਲ ਦਿੱਤਾ ਜਾ ਰਿਹਾ ਹੈ। ਵਿਸ਼ੇਸ਼ ਜ਼ਿਕਰਯੋਗ ਹੈ ਕਿ ਵੈਨਕੂਵਰ ਕੈਨੇਡਾ ਵਿੱਚ ਸ੍ਰੀ ਬਰਜਿੰਦਰ ਸਿੰਘ ਢਾਹਾਂ ਅਤੇ ਉਹਨਾਂ ਦੀ ਧਰਮਪਤਨੀ ਬੀਬੀ ਰੀਟਾ ਢਾਹਾਂ ਵੱਲੋਂ ਸਥਾਪਤ ਕੀਤਾ ਗਿਆ ਇਹ ਪੁਰਸਕਾਰ ਪੰਜਾਬੀ ਦੀਆਂ ਗੁਰਮੁਖੀ ਜਾਂ


ਬਰਜਿੰਦਰ ਸਿੰਘ ਢਾਹਾਂ

ਸ਼ਾਹਮੁਖੀ ਲਿੱਪੀ ਵਿਚ ਲਿਖੀਆਂ ਗਈਆਂ ਤਿੰਨ ਸਰਵੋਤਮ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਢਾਹਾਂ ਪੁਰਸਕਾਰ ਦਾ ਉਦੇਸ਼ ਸਰਹੱਦਾਂ ਤੋਂ ਪਾਰ ਪੰਜਾਬੀ ਸਾਹਿਤ ਦੀ ਸਿਰਜਣਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ ਹੈ। ਬਰਜਿੰਦਰ ਸਿੰਘ ਢਾਹਾਂ ਦੇ ਪਿਤਾ ਬਾਬਾ ਬੁੱਧ ਸਿੰਘ ਢਾਹਾਂ ਸੇਵਾ, ਸਿਮਰਨ, ਸਾਧਨਾ, ਸਮਰਪਣ ਅਤੇ ਸੁਕਿਰਤ ਦੀ ਸਾਕਾਰ ਮੂਰਤ ਸਨ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਸੇਵਾ ਨੂੰ ਸਮਰਪਿਤ ਕੀਤੀ। ਉਹਨਾਂ ਦਾ ਪਰਿਵਾਰ ਗ਼ਦਰੀ ਬਾਬਿਆਂ ਤੇ ਦੇਸ਼ ਭਗਤਾਂ ਨਾਲ ਸਬੰਧਤ ਸੀ। ਉਹ ਸਮੁੱਚੇ ਪੰਜਾਬ ਦੇ ਧਾਰਮਿਕ ਤੇ ਰਾਜਨੀਤਕ

ਮਸਲਿਆਂ 'ਚ ਆਪਣਾ ਯੋਗਦਾਨ ਪਾਉਂਦੇ ਰਹੇ। ਰਾਜਨੀਤਕ ਖੇਤਰ ਵਿਚ ਇਸ ਸ਼ਖ਼ਸੀਅਤ ਨੇ ਖ਼ੂਬ ਮੱਲਾਂ ਮਾਰੀਆਂ। ਪੰਜਾਬੀ ਸੂਬੇ ਸਮੇਤ ਹੋਰ ਅਕਾਲੀ ਮੋਰਚਿਆਂ 'ਚ ਉਹ ਕਈ ਵਾਰ ਜੇਲ੍ਹ ਵੀ ਗਏ। ਆਪਣੀ ਉੱਚ ਵਿੱਦਿਆ ਦੀ ਘਾਟ ਉਨ੍ਹਾਂ ਨੂੰ ਹਮੇਸ਼ਾ ਰੜਕਦੀ ਸੀ ਤੇ ਇਹ ਘਾਟ ਉਹ ਆਪਣੇ ਬੱਚਿਆਂ ਰਾਹੀਂ ਪੂਰੀ ਕਰਨਾ ਚਾਹੁੰਦੇ ਸਨ। ਸੰਨ 1960 'ਚ ਬਾਬਾ ਬੁੱਧ ਸਿੰਘ ਕੈਨੇਡਾ ਜਾ ਵਸੇ, ਜਿੱਥੇ 18-18 ਘੰਟੇ ਹੱਡ ਭੰਨਵੀਂ ਮਿਹਨਤ ਕਰ ਕੇ ਜਿੱਥੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸੰਭਾਲਿਆ ਉੱਥੇ ਆਪਣੇ ਬੱਚਿਆਂ ਨੂੰ ਉੱਚ ਪੱਧਰ ਦੀ ਵਿੱਦਿਆ ਦਿਵਾਈ। ਪੰਜਾਬੀ ਭਾਸ਼ਾ ਦੇ ਸਕੂਲ ਖੋਲੇ ਤੇ ਪੰਜਾਬੀ ਦਾ ਪਹਿਲਾ ਮੈਗਜ਼ੀਨ 'ਦਿ ਸਿੱਖ ਸਮਾਚਾਰ' ਕੱਢਿਆ। ਬਾਬਾ ਬੁੱਧ ਸਿੰਘ ਲੰਬਾ ਸਮਾਂ ਕੈਨੇਡਾ ਵਿਚ ਰਹੇ। ਉੱਥੇ ਰਹਿੰਦਿਆਂ ਵੀ ਆਪਣੇ ਵਤਨ, ਆਪਣੀ ਕੌਮ ਦੀ ਤੜਫ਼ ਹਮੇਸ਼ਾ ਉਨ੍ਹਾਂ ਦੇ ਅੰਦਰ ਰਹੀ। ਉਨ੍ਹਾਂ ਨੇ ਪੰਜਾਬ ਵਿੱਚ ਸਕੂਲਾਂ ਅਤੇ ਹਸਪਤਾਲਾਂ ਦੀ ਸਥਾਪਤੀ ਲਈ, ਹਰ ਕੁਦਰਤੀ ਆਫ਼ਤ ਸਮੇਂ ਅਤੇ ਵਿਦੇਸ਼ੀ ਹਮਲਿਆਂ ਵੇਲੇ ਲੱਖਾਂ ਰੁਪਇਆ ਕੈਨੇਡਾ ਦੀਆਂ ਸੰਗਤਾਂ ਤੋਂ ਆਪਣੇ ਪ੍ਰਭਾਵ ਨਾਲ ਇਕੱਠਾ ਕਰਕੇ ਭਾਰਤ ਨੂੰ ਮਦਦ ਲਈ ਭੇਜਿਆ। ਆਪਣੇ ਪਰਿਵਾਰਕ ਫ਼ਰਜ਼ ਨਿਬੇੜਦਿਆਂ ਤੇ ਆਪਣਾ ਕਾਰੋਬਾਰ ਸਮੇਟਦਿਆਂ ਬਾਬਾ ਜੀ ਨੇ 1979 ਵਿਚ ਆਪਣੇ ਪਿੰਡ ਢਾਹਾਂ ਆਣ ਡੇਰੇ ਲਾਏ, ਜਿੱਥੇ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਦ੍ਰਿੜ੍ਹਤਾ ਨਾਲ ਕਾਰਜ ਕੀਤੇ। ਉਨ੍ਹਾਂ ਨੇ ਪਿੰਡ ਢਾਹਾਂ ਵਿੱਚ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰੱਸਟ ਰਜਿ. ਕਰਵਾਇਆ। ਸੇਵਾ ਦੀ ਮੂਰਤ ਭਗਤ ਪੂਰਨ ਸਿੰਘ ਜੀ ਤੋਂ ਇਸ ਹਸਪਤਾਲ ਦਾ ਨੀਂਹ ਪੱਥਰ ਰਖਵਾਇਆ। ਬਾਬਾ ਜੀ ਨੇ ਸਮੁੱਚੇ ਟਰੱਸਟ ਮੈਂਬਰਾਂ ਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀਆਂ ਸੇਵਾਵਾਂ ਸਦਕਾ ਮਲਟੀ ਸਪੈਸ਼ਲਿਟੀ ਹਸਪਤਾਲ, ਨਰਸਿੰਗ ਸਕੂਲ, ਨਰਸਿੰਗ ਕਾਲਜ, ਪਬਲਿਕ ਸਕੂਲ ਅਤੇ ਡੀ-ਐਡਿਕਸ਼ਨ ਸੈਂਟਰ ਸਥਾਪਤ ਕੀਤੇ ਜੋ ਵੱਡੇ ਪੱਧਰ 'ਤੇ ਚੱਲ ਰਹੇ ਹਨ। ਸਮਾਜ ਦੇ ਭਲੇ ਲਈ ਸੁਪਨੇ ਲੈਣੇ ਤੇ ਫਿਰ ਲੱਖਾਂ ਮੁਸੀਬਤਾਂ ਦੇ ਬਾਵਜੂਦ ਉਨ੍ਹਾਂ ਨੂੰ ਪੂਰਿਆਂ ਕਰਨਾ ਇਹ ਬਾਬਾ ਬੁੱਧ ਸਿੰਘ ਦਾ ਹੀ ਕੰਮ ਸੀ। ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਸਮੁੱਚੇ ਸਿੱਖ ਤੇ ਪੰਜਾਬੀ ਜਗਤ ਨੇ ਉਨ੍ਹਾਂ ਦਾ ਸਾਥ ਦਿੱਤਾ। ਉਨ੍ਹਾਂ ਦੇ ਨਕਸ਼ੇ ਕਦਮਾਂ ਚਲਦਿਆਂ ਉਨ੍ਹਾਂ ਦੇ ਸਪੁੱਤਰ ਬਰਜਿੰਦਰ ਸਿੰਘ ਢਾਹਾਂ ਵੀ ਸਾਹਿਤ ਅਤੇ ਸਮਾਜ ਸੇਵਾ ਨੂੰ ਸਮਰਪਿਤ ਹਨ।

**ਡਾ. ਸ. ਪ. ਸਿੰਘ**

## ਢਾਹਾਂ ਪੁਰਸਕਾਰ ਪ੍ਰਾਪਤ ਹੁਣ ਤੱਕ ਦੇ ਲੇਖਕ ਅਤੇ ਉਨ੍ਹਾਂ ਦੀਆਂ ਪੁਸਤਕਾਂ

### 2014

ਅਵਤਾਰ ਸਿੰਘ ਬਿਲਿੰਗ "ਖਲੀ ਖੂਹਾਂ ਦੀ ਕਥਾ" ਨਾਵਲ ਲਈ

ਜਸਬੀਰ ਭੁੱਲਰ "ਇਕ ਰਾਤ ਦਾ ਸਮੁੰਦਰ" ਲਈ

ਜ਼ੁਬੈਰ ਅਹਿਮਦ "ਕਬੂਤਰ, ਬਨੇਰੇ ਤੇ ਗਲੀਆਂ" ਲਈ (ਸ਼ਾਹਮੁਖੀ)

### 2015

ਦਰਸ਼ਨ ਸਿੰਘ "ਲੋਟਾ" ਨਾਵਲ ਲਈ

ਹਰਜੀਤ ਅਟਵਾਲ "ਮੋਰ ਉਡਾਰੀ" ਨਾਵਲ ਲਈ

ਨੈਨ ਸੁਖ ਮਾਧੋ ਲਾਲ ਹੁਸੈਨ - ਲਾਹੌਰ ਦੀ ਵੇਲ ਨਾਵਲ ਲਈ (ਸ਼ਾਹਮੁਖੀ)

### 2016

ਜਰਨੈਲ ਸਿੰਘ ਕਾਲੇ ਵਰਕੇ (ਕਹਾਣੀ ਸੰਗ੍ਰਹਿ) ਲਈ

ਜ਼ਾਹਿਦ ਹਸਨ ਤੱਸੀ ਧਰਤੀ (ਕਹਾਣੀ ਸੰਗ੍ਰਹਿ) ਲਈ (ਸ਼ਾਹਮੁਖੀ)

ਸਿਮਰਨ ਧਾਲੀਵਾਲ ਉਸ ਪਲ (ਕਹਾਣੀ ਸੰਗ੍ਰਹਿ) ਲਈ

### 2017

ਪਰਗਟ ਸਿੰਘ ਸਤੌਜ ਖਬਰ ਇਕ ਪਿੰਡ ਦੀ ਨਾਵਲ ਲਈ

ਅਲੀ ਅਨਵਰ ਅਹਿਮਦ ਤੰਦ ਤੰਦ ਮੈਲੀ ਚਾਦਰ ਕਹਾਣੀ ਸੰਗ੍ਰਹਿ ਲਈ (ਸ਼ਾਹਮੁਖੀ)

ਨਛੱਤਰ ਸਿੰਘ ਬਰਾੜ ਪੇਪਰ ਮੈਰਿਜ ਨਾਵਲ ਲਈ

### 2018

ਬਲਦੇਵ ਸਿੰਘ ਸੜਕਨਾਮਾ "ਸੂਰਜ ਦੀ ਅੱਖ" ਨਾਵਲ ਲਈ

ਹਰਪ੍ਰੀਤ ਸੇਖਾ "ਪ੍ਰਿਜ਼ਮ" ਕਹਾਣੀ ਸੰਗ੍ਰਹਿ ਲਈ

ਨਾਸਿਰ ਅੱਬਾਸ ਬਲੋਚ ਝੂਠਾ ਸੱਚਾ ਕੋਈ ਨਾ ਨਾਵਲ ਲਈ (ਸ਼ਾਹਮੁਖੀ)

### 2019

ਜਤਿੰਦਰ ਸਿੰਘ ਹਾਂਸ ਜਿਉਣਾ ਸੱਚ ਬਾਕੀ ਝੂਠ ਕਹਾਣੀ ਸੰਗ੍ਰਹਿ ਲਈ

ਗੁਰਦੇਵ ਸਿੰਘ ਰੁਪਾਣਾ ਆਮ ਖਾਸ ਕਹਾਣੀ ਸੰਗ੍ਰਹਿ ਲਈ

ਮੁਦੱਸਰ ਬਸ਼ੀਰ ਕੌਣ ਨਾਵਲਿਟ ਲਈ (ਸ਼ਾਹਮੁਖੀ)

### 2020

ਕੇਸਰਾ ਰਾਮ ਜ਼ਨਾਨੀ ਪੌਦ ਲਈ

ਹਰਕੀਰਤ ਕੌਰ ਚਾਹਲ ਆਦਿਮ ਗ੍ਰਹਿਣ (ਨਾਵਲ) ਲਈ

ਜ਼ੁਬੈਰ ਅਹਿਮਦ ਪਾਣੀ ਦੀ ਕੰਧ ਲਈ (ਸ਼ਾਹਮੁਖੀ)

### 2021

ਨੈਨ ਸੁਖ ਜੋਗੀ, ਸਪ, ਤ੍ਰਾਹ ਕਹਾਣੀ ਸੰਗ੍ਰਹਿ ਲਈ (ਸ਼ਾਹਮੁਖੀ)

ਬਲਬੀਰ ਮਾਧੋਪੁਰੀ ਮਿੱਟੀ ਬੋਲ ਪਈ (ਨਾਵਲ) ਲਈ

ਸਰਘੀ ਜੰਮੂ ਆਪਣੇ-ਆਪਣੇ ਮਰਸੀਏ ਕਹਾਣੀ ਸੰਗ੍ਰਹਿ ਲਈ

## ਸਰੀ ਦੇ ਪੰਜਾਬੀ ਮੀਡੀਆ ਕਰਮੀ (ਬਿਜਲਈ)




ਸਰੀ ਦੇ ਪ੍ਰਮੁੱਖ ਮੀਡੀਆ ਕੇਦਰਾਂ ਵਿਚੋਂ ਪ੍ਰਾਈਮ ਏਸ਼ੀਆ ਟੀ. ਵੀ. ਹੈ, ਜਿਸਦੀ ਸ਼ੁਰੂਆਤ 2016 ਵਿਚ ਹੋਈ। ਆਰੰਭ ਵਿਚ ਇਸ ਦੇ ਦੋ ਸਟੂਡੀਓ ਵੈਨਕੂਵਰ ਅਤੇ ਟੋਰੰਟੋ ਖੋਲੇ ਗਏ ਬਾਅਦ ਵਿਚ ਜਲੰਧਰ ਅਤੇ ਕੈਲੇਗਰੀ ਵਿਚ ਵੀ ਇਸਦੇ ਸਟੂਡੀਓ ਆਰੰਭ ਹੋਏ। ਇਸ ਚੈਨਲ ਨੂੰ ਆਰੰਭ ਕਰਨ ਵਾਲੇ ਅਤੇ ਇਸ ਦੇ C.E.O. ਵਜੋਂ ਕਾਰਜਸ਼ੀਲ ਅਮਨ ਖਟਕੜ ਨਿਰੰਤਰ ਇਸਨੂੰ ਆਪਣੀ ਮਿਹਨਤ ਨਾਲ ਸਿੰਜ ਰਿਹਾ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨਾ ਇਸ ਚੈਨਲ ਦਾ ਉਦੇਸ਼ ਹੈ। ਇਹ ਚੈਨਲ ਨਿਰਪੱਖ ਪੱਤਰਕਾਰੀ ਦੇ ਲਈ ਵੀ ਜਾਣਿਆ ਜਾਂਦਾ ਹੈ। ਇਸ ਚੈਨਲ ਦੇ ਪ੍ਰਮੁੱਖ ਐਂਕਰ/ਵਿਚਾਰਕ ਜਤਿੰਦਰ ਪੰਨੂ ਸਵਰਨ ਟਹਿਣਾ, ਹਰਮਨ ਥਿੰਦ, ਗੁਰਪ੍ਰੀਤ ਸੰਧਾਵਾਲੀਆ, ਪਰਮਵੀਰ ਬਾਠ ਨੇ ਆਪਣੀ ਠੇਠ ਪੰਜਾਬੀ ਅਤੇ ਨਿਰਪੱਖ ਵਿਚਾਰ ਚਰਚਾ ਨਾਲ ਆਪਣੀ ਪਛਾਣ ਕਾਇਮ ਕੀਤੀ ਹੈ। ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਸਾਲ 2020 ਵਿਚ ਕਰਵਾਈ ਗਈ ਅੰਤਰਰਾਸ਼ਟਰੀ ਕਾਨਫ਼ਰੰਸ ਵਿਚ ਅਮਨ ਖੱਟਕੜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਉਨ੍ਹਾਂ ਨੇ ਆਪਣੇ

ਜੀਵਨ ਤਜ਼ਰਬੇ ਅਤੇ ਪਰਵਾਸੀ ਮੁਲਕਾਂ ਵਿਚ ਪੰਜਾਬੀ ਵਿਦਿਆਰਥੀਆਂ ਦੇ ਭਵਿੱਖ ਨੂੰ ਲੈ ਕੇ ਗਲਬਾਤ ਕੀਤੀ। ਪ੍ਰਾਈਮ ਏਸ਼ੀਆ ਦੇ ਪ੍ਰਤੀਨਿਧ ਵਜੋਂ ਦੇਵਿੰਦਰ ਸਿੰਘ ਬੈਨੀਪਾਲ ਅਤੇ ਮਨਮੋਹਨ ਸਿੰਘ ਸਮਰਾ ਨੇ ਪੰਜਾਬ, ਪੰਜਾਬੀਅਤ ਤੇ ਸਿੱਖ ਸਭਿਆਚਾਰ ਸੰਬੰਧੀ ਵਿਸਤ੍ਰਿਤ ਚਰਚਾ ਕੀਤੀ।

ਸਰੀ ਸਥਿਤ ਸਾਂਝਾ ਟੀ. ਵੀ. ਬਿੱਲ ਸੰਧੂ ਤੇ ਭਾਰਤ ਸਥਿਤ ਤ੍ਰਿਰਛੀ ਨਜ਼ਰ ਬਲਜੀਤ ਬੱਲੀ ਨੇ ਪੰਜਾਬ, ਪੰਜਾਬੀਅਤ ਤੇ ਸਿੱਖ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਇਕ ਸਾਂਝਾ ਉੱਧਮ ਕੀਤਾ ਹੈ ਜਿਸ ਵਿਚ ਦੋਵੇਂ ਮੀਡੀਆ ਕੇਂਦਰ ਸਾਂਝੇ ਯਤਨਾਂ ਨਾਲ ਸੂਚਨਾ ਇਕਤ੍ਰਿਤ ਕਰਕੇ ਪੰਜਾਬੀਆਂ ਲਈ ਇਕ ਪ੍ਰਭਾਵਸ਼ਾਲੀ ਸਾਂਝੇ ਕੇਂਦਰ ਵਜੋਂ ਉਭਰ ਰਹੇ ਹਨ। ਬਿੱਲ ਸੰਧੂ, ਸੁਖੀ ਬਾਠ ਤੇ ਬਲਜੀਤ ਬੱਲੀ ਦੇ ਇਨ੍ਹਾਂ ਯਤਨਾਂ ਨੂੰ ਪੰਜਾਬੀ ਮੀਡੀਆ ਦੇ ਖੇਤਰ ਵਿਚ ਸ਼ੁਭ ਸ਼ਗਨ ਵਜੋਂ ਪ੍ਰਵਾਨ ਕਰਨਾ ਉਚਿਤ ਹੈ।

ਪ੍ਰਾਈਮ ਏਸ਼ੀਆ ਤੋਂ ਇਲਾਵਾ ਚੈਨਲ ਪੰਜਾਬੀ ਵਿਚ ਜਸਕਰਨ ਸਹੋਤਾ, ਮੋਹਨ ਗਿੱਲ, ਜਗਤਾਰ ਸਿੱਧੂ ਆਪਣੀ ਪ੍ਰਭਾਵਸ਼ਾਲੀ ਭੂਮਿਕਾ ਨਿਭਾਅ ਰਹੇ ਹਨ। ਸਾਂਝਾ ਟੀ.ਵੀ. ਚੈਨਲ ਵਿਚ ਬਿੱਲ ਸੰਧੂ ਦੀ ਅਗੁਵਾਈ ਵਿਚ ਕੁਲਦੀਪ ਸਿੰਘ ਪੱਤਰਕਾਰ ਸੰਤੁਲਿਤ ਚਰਚਾ ਦਾ ਆਧਾਰ ਬਣਦੇ ਹਨ, ਓਮਨੀ ਟੀ. ਵੀ., ਚੜ੍ਹਦੀ ਕਲਾ ਤੋਂ ਸਰੀ ਦੇ ਹਰਪ੍ਰੀਤ ਸਿੰਘ ਦਰਦੀ, ਡੀ. ਬੀ. ਚੈਨਲ ਜੋ ਦੇਵਿੰਦਰ ਬੈਨੀਪਾਲ ਜੋ ਪਹਿਲਾਂ ਪ੍ਰਾਈਮ ਏਸ਼ੀਆ ਵਿਚ ਹੁੰਦੇ ਸਨ ਸਵੰਤਤਰ ਤੌਰ ਤੇ ਆਪਣਾ ਚੈਨਲ ਆਰੰਭ ਕਰਕੇ ਦੇਵਿੰਦਰ ਬੈਨੀਪਾਲ ਸ਼ੌਅ ਨਾਲ ਪਰਵਾਸੀ ਤੇ ਭਾਰਤੀ ਪੰਜਾਬੀਆਂ ਦੇ ਮਸਲੇ ਨੂੰ ਵਿਸਤ੍ਰਿਤ ਤੇ ਵਿਸ਼ਲੇਸ਼ਣਾਤਮਕ ਚਰਚਾ ਦਾ ਆਧਾਰ ਬਣਾਉਂਦੇ ਹਨ।

ਵਿਸ਼ੇਸ਼ ਤੌਰ ਤੇ ਇਹ ਸਾਰੇ ਚੈਨਲ ਸਰੀ ਤੇ ਕੇਂਦਰਿਤ ਹੁੰਦੇ ਹੋਏ ਭਾਰਤੀ ਰਾਜਨੀਤੀ, ਪੰਜਾਬ ਦੇ ਵੱਖ-ਵੱਖ ਮਸਲਿਆਂ ਅਤੇ ਵਿਸ਼ੇਸ਼ ਤੌਰ ਤੇ ਪਰਵਾਸੀਆਂ ਦੇ ਨਾਲ ਸੰਬੰਧਿਤ ਵਿਭਿੰਨ ਵਿਸ਼ਿਆਂ ਤੇ ਚਰਚਾ ਦਾ ਆਧਾਰ ਬਣਾਉਂਦੇ ਹੋਏ ਪੰਜਾਬ, ਪੰਜਾਬੀ ਤੇ ਪਰਵਾਸੀਆਂ ਨਾਲ ਇਕ ਸੰਪਰਕ ਕਾਇਮ ਕਰਦੇ ਹਨ ਜਿਸ ਨਾਲ ਵਿਦੇਸ਼ਾਂ ਵਿਚ ਰਹਿੰਦੇ ਹੋਏ ਪੰਜਾਬੀ ਪੰਜਾਬ ਤੇ ਭਾਰਤ ਨਾਲ ਜੁੜਦੇ ਹਨ ਅਤੇ ਪੰਜਾਬ ਤੇ ਭਾਰਤ ਵਿਚ ਰਹਿੰਦੇ ਹੋਏ ਲੋਕ ਕੈਨੇਡਾ ਦੀ ਧਰਤੀ ਨਾਲ ਜੁੜਦੇ ਹਨ। ਇਸ ਤਰ੍ਹਾਂ ਵਿਸ਼ਵ ਭਰ ਵਿਚ ਸਰੀ ਦੇ ਇਹ ਮੀਡੀਆ ਕੇਂਦਰ ਪੰਜਾਬ, ਪੰਜਾਬੀ, ਪੰਜਾਬੀਅਤ ਤੇ ਸਿੱਖ ਸਭਿਆਚਾਰ ਦਾ ਝੰਡਾ ਬੁਲੰਦ ਕਰਦੇ ਹੋਏ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

**ਡਾ. ਸ. ਪ. ਸਿੰਘ**

ਲੇਖ

# ਪੰਜਾਬ ਭਵਨ ਸਰੀ (ਕੈਨੇਡਾ)

## ਡਾ. ਤੇਜਿੰਦਰ ਕੌਰ



ਤੇਜਿੰਦਰ ਕੌਰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪੰਜਾਬੀ ਵਿਭਾਗ ਵਿੱਚ ਅਸਿਸਟੈਂਟ ਪ੍ਰੋਫ਼ੈਸਰ ਵਜੋਂ ਕਾਰਜਸ਼ੀਲ ਹੈ। 2017 ਤੋਂ ਉਹ ਕਾਲਜ ਵਿਚ ਸਥਾਪਿਤ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਕੋਆਰਡੀਨੇਟਰ ਅਤੇ 'ਪਰਵਾਸ' ਮੈਗਜ਼ੀਨ ਦੇ ਸੰਪਾਦਕ ਵਜੋਂ ਵੀ ਸੇਵਾਵਾਂ ਨਿਭਾਅ ਰਹੀ ਹੈ। ਉਸ ਦੀਆਂ ਪਰਵਾਸੀ ਪੰਜਾਬੀ ਸਾਹਿਤ ਬਾਰੇ 2 ਆਲੋਚਨਾਤਮਕ ਪੁਸਤਕਾਂ 'ਦਰਸ਼ਨ ਗਿੱਲ: ਕਾਵਿ ਮੂਲ ਸਰੋਕਾਰ', 'ਪਰਵਾਸੀ ਪੰਜਾਬੀ ਸਾਹਿਤ ਦੇ ਵਿਭਿੰਨ ਸਰੋਕਾਰ' ਅਤੇ ਦੋ ਸੰਪਾਦਿਤ ਪੁਸਤਕਾਂ 'ਪਰਵਾਸੀ ਪੰਜਾਬੀ ਗਲਪ ਸਾਹਿਤ' ਅਤੇ 'ਪਰਵਾਸੀ ਪੰਜਾਬੀ ਕਹਾਣੀ: ਦਸ਼ਾ ਤੇ ਦਿਸ਼ਾ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। 30 ਤੋਂ ਵਧੇਰੇ ਖੋਜ ਪੱਤਰ ਪ੍ਰਕਾਸ਼ਿਤ ਹੋ ਚੁੱਕੇ ਹਨ। ਤੇਜਿੰਦਰ ਕੌਰ ਨੂੰ ਉੱਘੇ ਪਰਵਾਸੀ ਆਲੋਚਕ ਡਾ. ਹਰਚੰਦ ਸਿੰਘ ਬੇਦੀ ਦੀ ਵਿਦਿਆਰਥਣ ਹੋਣ ਦਾ ਮਾਣ ਪ੍ਰਾਪਤ ਹੈ।



**ਸ੍ਰੀ ਸੁੱਖੀ ਬਾਠ**
ਸੰਸਥਾਪਕ
ਪੰਜਾਬ ਭਵਨ, ਸਰੀ

ਪਰਵਾਸ ਅਤੇ ਪੰਜਾਬੀ ਦੋਨੋਂ ਹੀ ਸ਼ਬਦ ਆਪਸ ਵਿਚ ਇਕ ਸਿੱਕੇ ਦੇ ਦੋ ਪਾਸੇ ਦੀ ਤਰ੍ਹਾਂ ਬਣ ਚੁੱਕੇ ਹਨ ਅਤੇ ਇੰਨੇ ਘੁਲ ਮਿਲ ਚੁੱਕੇ ਹਨ ਕਿ ਜਦੋਂ ਵੀ ਅਸੀਂ ਭਾਰਤੀ ਪਰਵਾਸ ਦੇ ਇਤਿਹਾਸ ਤੇ ਝਾਤੀ ਮਾਰਦੇ ਹਾਂ ਜਾਂ ਅਜੋਕੇ ਪਰਵਾਸ ਦੇ ਰੁਝਾਨ ਦੀ ਗੱਲ ਹੋਵੇ ਤਾਂ ਪੰਜਾਬੀਆਂ ਦਾ ਨਾਮ ਮੂਹਰੇ ਆਉਂਦਾ ਹੈ। ਵਿਸ਼ਵ ਭਰ ਵਿੱਚ ਜਿੱਥੇ ਜਿੱਥੇ ਵੀ ਪੰਜਾਬੀਆਂ ਦਾ ਵਾਸਾ ਹੈ ਉਨ੍ਹਾਂ ਨੇ ਉੱਥੇ ਆਪਣੀ ਆਰਥਿਕ ਸਮ੍ਰਿਧੀ ਨੂੰ ਤਾਂ ਮਜ਼ਬੂਤ ਕੀਤਾ ਹੀ ਹੈ ਇਸ ਦੇ ਨਾਲ ਨਾਲ ਆਪਣੇ ਪਰਿਵੇਸ਼ ਵਾਲੇ ਖਿੱਤੇ ਵਿਚ ਰਾਜਨੀਤਕ, ਸਮਾਜਿਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿਚ ਆਪਣੀ ਸਨਮਾਨਯੋਗ ਪਛਾਣ ਕਾਇਮ ਕੀਤੀ ਹੈ। ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲਿਆਂ ਨੇ ਵਿਦੇਸ਼ਾਂ ਵਿਚ ਜਾ ਕੇ ਵੀ ਪੰਜਾਬੀ ਭਾਸ਼ਾ, ਸਾਹਿਤ ਦੇ ਪ੍ਰਚਾਰ, ਪ੍ਰਸਾਰ ਲਈ ਹਰ ਬਣਦਾ ਯਤਨ ਵੀ ਕੀਤਾ। ਅਜਿਹਾ ਹੀ ਇੱਕ ਨਿਵੇਕਲਾ

## ਲੇਖ: ਪੰਜਾਬ ਭਵਨ ਸਰੀ (ਕੈਨੇਡਾ)

ਯਤਨ ਕੈਨੇਡਾ ਦੇ ਸ਼ਹਿਰ ਸਰੀ ਵਿਚ ਵੱਸਦੇ ਉੱਘੇ, ਸਫਲ ਕਾਰੋਬਾਰੀ, ਸਾਹਿਤ ਪ੍ਰੇਮੀ ਸ੍ਰੀ ਸੁੱਖੀ ਬਾਠ ਵੱਲੋਂ **'ਪੰਜਾਬ ਭਵਨ'** ਦੀ ਸਥਾਪਨਾ ਕਰਕੇ ਕੀਤਾ ਗਿਆ ਹੈ। ਸਾਹਿਤ ਪ੍ਰੇਮੀਆਂ ਲਈ ਇਹ ਪੰਜਾਬ ਭਵਨ ਸਾਹਿਤਕ ਮੱਕੇ ਦੀ ਨਿਆਈਂ ਹੈ। ਇਹ ਉਹ ਮੁਕੱਦਸ ਜਗ੍ਹਾ ਹੈ ਜਿੱਥੇ ਕੈਨੇਡਾ ਹੀ ਨਹੀਂ ਦੁਨੀਆ ਭਰ ਦੇ ਕਲਮਕਾਰ, ਪਾਠਕ, ਆਲੋਚਕ ਮਿਲ ਬੈਠਣ ਵਿਚ ਮਾਣ ਮਹਿਸੂਸ ਕਰਦੇ ਹਨ। ਜਿੱਥੇ ਮਹੀਨੇ ਦੇ ਵੀਹ ਪੱਚੀ ਦਿਨ ਸਾਹਿਤਕ ਮਹਿਫ਼ਲਾਂ, ਗੰਭੀਰ ਵਿਚਾਰ ਚਰਚਾ, ਪੁਸਤਕ ਲੋਕ-ਅਰਪਣ ਸਮਾਗਮ, ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਹੈ। ਹਰ ਉਮਰ, ਹਰ ਵਰਗ, ਹਰ ਖਿੱਤੇ, ਕੌਮ ਦੇ ਲੋਕ ਪੰਜਾਬ ਭਵਨ ਵਿੱਚ ਸ਼ਿਰਕਤ ਕਰਦੇ ਹਨ। ਸੁੱਖੀ



ਬਾਠ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਪਿੰਡ ਹਰਦੋਫਰੋਲਾ ਵਿੱਚ ਇੱਕ ਸਾਧਾਰਨ ਕਿਸਾਨ ਪਰਿਵਾਰ ਦੇ ਘਰ ਹੋਇਆ। 1978 ਵਿਚ ਹੋਰਨਾਂ ਪੰਜਾਬੀਆਂ ਦੀ ਤਰ੍ਹਾਂ ਉਨ੍ਹਾਂ ਦਾ ਪਰਵਾਸ ਵੀ ਚੰਗੀ ਆਰਥਿਕਤਾ ਦੀ ਤਲਾਸ਼ ਵਿੱਚੋਂ ਉਪਜਿਆ। ਕੈਨੇਡਾ ਵਿੱਚ ਜਾ ਕੇ ਸਖ਼ਤ ਮਿਹਨਤ ਕਰ ਕੇ ਉਹ ਸਫ਼ਲ ਕਾਰੋਬਾਰੀ ਦੇ ਰੂਪ ਵਿੱਚ ਸਥਾਪਤ ਹੋਏ। ਮਨੁੱਖਤਾ ਲਈ ਦਿਲ ਅੰਦਰ ਸਮੋਏ ਦਰਦ ਨੇ ਉਨਾਂ ਨੂੰ ਸਮਾਜ-ਸੇਵੀ ਦੇ ਰੂਪ ਵਿਚ ਤਬਦੀਲ ਕਰ ਦਿੱਤਾ। ਪੰਜਾਬ ਭਵਨ ਦੀ ਸਥਾਪਤੀ ਦੇ ਨਾਲ ਹੀ ਸੁੱਖੀ ਬਾਠ ਸਾਹਿਤਕ ਜਗਤ ਦੀ ਹਰਮਨ ਪਿਆਰੀ ਤੇ ਸਤਿਕਾਰੀ ਸਖਸ਼ੀਅਤ ਬਣ ਗਏ। **'ਪੰਜਾਬ ਭਵਨ'** ਸੁੱਖੀ ਬਾਠ ਦੀ ਆਪਣੇ ਪਿਤਾ ਸਰਦਾਰ ਅਰਜਨ ਸਿੰਘ ਬਾਠ ਦੀ

ਯਾਦ ਵਿੱਚ ਬਣਾਈ ਗਈ ਸੰਸਥਾ ਹੈ। ਸੁੱਖੀ ਬਾਠ ਦਾ ਕਹਿਣਾ ਹੈ ਕਿ ਬੇਸ਼ੱਕ ਉਹ ਆਪ ਇੰਨੇ ਵੱਡੇ ਸਾਹਿਤਕਾਰ ਨਹੀਂ ਪਰ ਸਾਹਿਤ ਨੂੰ ਪੜ੍ਹਨ ਅਤੇ ਸੁਣਨ ਦਾ ਉਨ੍ਹਾਂ ਨੂੰ ਬਚਪਨ ਤੋਂ ਹੀ ਸ਼ੌਂਕ ਰਿਹਾ ਹੈ।ਉਨਾਂ ਦੇ ਮਨ ਵਿਚ ਬਹੁਤ ਚਿਰਾਂ ਤੋਂ ਇਹ ਖਾਹਿਸ਼ ਸੀ ਕਿ ਉਹ ਆਪਣੀ ਮਾਂ-ਬੋਲੀ ਲਈ ਕੋਈ ਸਾਰਥਕ ਉਪਰਾਲਾ ਕਰਨ ਅਤੇ 2016 ਵਿਚ ਪੰਜਾਬ ਭਵਨ ਦੀ ਸਥਾਪਤੀ ਨਾਲ ਉਨ੍ਹਾਂ ਦਾ ਇਹ ਸੁਪਨਾ ਸਾਕਾਰ ਹੋਇਆ ਇਸ ਸੰਸਥਾ ਦਾ ਨਾਂ 'ਪੰਜਾਬ ਭਵਨ' ਪ੍ਰੋ. ਗੁਰਭਜਨ ਗਿੱਲ ਵੱਲੋਂ ਸੁਝਾਇਆ ਗਿਆ ਸੀ। ਪੰਜਾਬ ਭਵਨ ਇਕ ਧਰਮ ਨਿਰਪੱਖ ਤੇ ਨਿਰੋਲ ਸਾਹਿਤ-ਸਮਾਜਿਕ ਸੰਸਥਾ ਹੈ ਜੋ ਆਪਣੀ ਮਾਂ ਬੋਲੀ ਪੰਜਾਬੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਦੇ ਪ੍ਰਚਾਰ ਲਈ ਵੀ ਯਤਨਸ਼ੀਲ ਹੈ। ਸੁੱਖੀ ਬਾਠ ਦਾ ਇਹ ਕਹਿਣਾ ਹੈ ਕਿ ਪੰਜਾਬੀਆਂ ਕੋਲ ਸਾਹਿਤ ਦਾ ਵਡਮੁੱਲਾ ਖ਼ਜ਼ਾਨਾ ਹੈ ਪਰ ਅਸੀਂ ਆਪਣੇ ਇਸ ਵਡਮੁੱਲੇ ਖ਼ਜ਼ਾਨੇ ਅਤੇ ਸਾਹਿਤਕਾਰਾਂ ਨੂੰ ਹੁਣ ਤੱਕ ਵਿਸ਼ਵ ਭਰ ਵਿੱਚ ਜਾਣੂ ਕਰਵਾਉਣ ਤੋਂ ਨਾਕਾਮਯਾਬ ਰਹੇ ਹਾਂ। ਉਹ ਸਮੇਂ ਸਮੇਂ ਤੇ ਇਹ ਵੀ ਉਪਰਾਲਾ ਕਰਦੇ ਰਹਿੰਦੇ ਹਨ ਕਿ ਅਜੋਕੇ ਸਾਹਿਤਕਾਰ ਆਪਣੇ ਆਪ ਨੂੰ ਆਧੁਨਿਕ ਯੁੱਗ ਦੇ ਹਾਣੀ ਬਣਾਉਣ ਅਤੇ ਨਵੀਂਆਂ ਤਕਨੀਕਾਂ ਤੋਂ ਜਾਣੂ ਹੋਣ ਤਾਂ ਜੋ ਆਪਣੀਆਂ ਕਿਰਤਾਂ ਨੂੰ ਸਹਿਜੇ ਹੀ ਪਾਠਕਾਂ ਅਤੇ ਦੁਨੀਆ ਦੇ ਹਰ ਕੋਨੇ ਤਕ ਪੁੱਜਦਾ ਕਰ ਸਕਣ।

ਕੈਨੇਡਾ ਵਿੱਚ ਇਸ ਸਮੇਂ ਪੰਜਾਬੀਆਂ ਦੇ ਨਾਲ ਨਾਲ ਪੰਜਾਬੀ ਸਾਹਿਤਕਾਰਾਂ ਦੀ ਵੀ ਚੋਖੀ ਗਿਣਤੀ ਹੈ। ਸੁੱਖੀ ਬਾਠ ਨੇ ਪੰਜਾਬ ਭਵਨ ਦੀ ਸਥਾਪਨਾ ਕਰਕੇ ਉਨ੍ਹਾਂ ਨੂੰ ਇੱਕ ਮੰਚ ਪ੍ਰਦਾਨ ਕੀਤਾ ਹੈ ਇਸ ਵੇਲੇ ਪੰਜਾਬ ਭਵਨ ਦੀ ਜ਼ਮੀਨ ਦੀ ਦੱਸ ਮਿਲੀਅਨ ਡਾਲਰ ਕੀਮਤ ਹੈ ਅਤੇ ਇਸ ਨੂੰ ਚਲਾਉਣ ਦੀ ਔਸਤ ਲਾਗਤ ਜਿਸ ਦੇ ਵਿੱਚ ਸਾਰੇ ਖਰਚੇ ਪਾ ਕੇ ਬਾਰਾਂ ਤੋਂ ਚੌਦਾਂ ਹਜ਼ਾਰ ਡਾਲਰ ਹਰ ਮਹੀਨੇ ਮਤਲਬ ਛੇ ਤੋਂ ਸੱਤ ਲੱਖ ਰੁਪਏ ਦੀ ਰਕਮ ਬਣਦੀ ਹੈ।ਪੰਜਾਬ ਭਵਨ ਵਿੱਚ ਉਨ੍ਹਾਂ ਪੰਜਾਬੀ ਸਾਹਿਤਕਾਰਾਂ ਦੀ ਇੱਕ ਗੈਲਰੀ ਸਥਾਪਤ ਕੀਤੀ ਗਈ ਹੈ ਜਿਹੜੇ ਸਾਡੇ ਤੋਂ ਸਰੀਰਕ ਰੂਪ ਵਿਚ ਵਿੱਛੜ ਚੁੱਕੇ ਹਨ। ਪੰਜਾਬ ਭਵਨ ਵੱਲੋਂ ਲਗਪਗ ਤਿੰਨ ਸਾਲ ਸਾਹਿਤਕ ਮੈਗਜ਼ੀਨ 'ਪੰਖੜੀਆਂ' ਵੀ ਪ੍ਰਕਾਸ਼ਿਤ ਕੀਤਾ ਜਾਂਦਾ ਰਿਹਾ ਹੈ। ਪੰਜਾਬ ਭਵਨ ਵੱਲੋਂ ਪੁਸਤਕਾਂ ਨੂੰ ਪ੍ਰਕਾਸ਼ਿਤ ਕਰਨ ਅਤੇ ਜੇਕਰ ਕੋਈ ਸਾਹਿਤਕਾਰ ਪੁਸਤਕ ਪ੍ਰਕਾਸ਼ਿਤ ਕਰਨ ਦਾ ਖਰਚਾ ਵੀ ਨਹੀਂ ਕਰ ਸਕਦਾ ਤਾਂ ਉਸ ਦੀ ਪੁਸਤਕ ਵੀ ਪੰਜਾਬ ਭਵਨ ਵੱਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਉਸ ਨੂੰ ਐਮਾਜ਼ੋਨ ਤੇ ਵੀ ਪਾਇਆ ਜਾਂਦਾ ਹੈ ਪੁਸਤਕ ਦੇ ਪ੍ਰਚਾਰ ਪ੍ਰਸਾਰ ਲਈ

ਵੀ ਬਣਦੇ ਯਤਨ ਕੀਤੇ ਜਾਂਦੇ ਹਨ।ਇੱਥੇ ਹੁੰਦੇ ਸਾਹਿਤਕ ਅਤੇ ਸਮਾਜਿਕ ਪ੍ਰੋਗਰਾਮਾਂ ਲਈ ਕਿਸੇ ਵੀ ਆਯੋਜਕ ਕੋਲੋਂ ਕੋਈ ਵੀ ਖਰਚਾ ਨਹੀਂ ਲਿਆ ਜਾਂਦਾ। ਵੀਡੀਓਗ੍ਰਾਫੀ ਤੋਂ ਲੈ ਕੇ ਸਾਊਂਡ ਸਿਸਟਮ, ਚਾਹ-ਪਾਣੀ, ਸਾਫ ਸਫਾਈ ਅਤੇ ਬਿਜਲੀ ਦਾ ਖਰਚ ਪੰਜਾਬ ਭਵਨ ਸਰੀ ਅਦਾ ਕਰਦਾ ਹੈ। ਸਮਾਜ ਵਿਚ ਫੈਲੀਆਂ ਹੋਈਆਂ ਕੁਰੀਤੀਆਂ ਦੇ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਨੇਡਾ ਦੀ ਪੁਲਸ ਫੋਰਸ ਨੇ ਵੀ ਪੰਜਾਬ ਭਵਨ ਵਿੱਚ ਵਰਕਸ਼ਾਪ ਦਾ ਆਯੋਜਨ ਕੀਤਾ ਹੈ।



7 ਸਤੰਬਰ 2017 ਨੂੰ ਪੰਜਾਬ ਭਵਨ ਸਰੀ ਵੱਲੋਂ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਨਾਲ ਇਕ M.O.U ਸਾਈਨ ਕੀਤਾ ਗਿਆ। ਜਿਸ ਦੇ ਤਹਿਤ ਇਹ ਦੋਵੇਂ ਹੀ ਸੰਸਥਾਵਾਂ ਦੋਹਾਂ ਧਰਾਤਲਾਂ 'ਤੇ ਪਰਵਾਸੀ ਪੰਜਾਬੀ ਸਾਹਿਤ ਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਲਈ ਯਤਨਸ਼ੀਲ ਹੋਣਗੀਆਂ ਅਤੇ ਸਾਹਿਤਕ ਸੰਵਾਦ ਕਰਨ ਕਰਵਾਉਣ ਲਈ ਵਚਨਬੱਧ ਹੋਣਗੀਆਂ। ਪਰਵਾਸੀ ਪੰਜਾਬੀ ਸਾਹਿਤ ਨਾਲ ਸਬੰਧਤ ਹੋ ਰਹੇ ਸਾਹਿਤਕ ਖੋਜ ਦਾ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਕਰਨ ਅਤੇ ਵਿਸ਼ਵ ਪੱਧਰ ਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਦਰਪੇਸ਼ ਚੁਣੌਤੀਆਂ ਤੇ ਨਵੀਆਂ ਸੰਭਾਵਨਾਵਾਂ ਨੂੰ ਵੀ ਉਭਾਰਿਆ ਜਾਵੇਗਾ। ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਕਰਵਾਈ ਗਈ 2018-19 ਦੀ ਅੰਤਰਰਾਸ਼ਟਰੀ ਪੱਧਰ ਦੀ ਕਾਨਫਰੰਸ ਵਿੱਚ ਸੁੱਖੀ ਬਾਠ ਅਤੇ ਪੰਜਾਬ ਭਵਨ ਸਰੀ ਨਾਲ ਜੁੜੇ ਅਨੇਕਾਂ ਲੇਖਕਾਂ ਨੇ ਸ਼ਿਰਕਤ ਕੀਤੀ। 2020 ਦੀ ਕਾਨਫਰੰਸ ਵਿੱਚ ਸ੍ਰੀ ਸੁੱਖੀ ਬਾਠ ਵੱਲੋਂ ਆਪਣੇ ਪਿਤਾ ਸਰਦਾਰ ਅਰਜਨ ਸਿੰਘ ਬਾਠ ਦੀ ਯਾਦ ਵਿੱਚ 'ਉੱਘੇ

ਪਰਵਾਸੀ ਪੰਜਾਬੀ ਸਾਹਿਤਕਾਰ' ਨਾਂ ਦਾ ਐਵਾਰਡ ਸ੍ਰੀ ਸੁਖਵਿੰਦਰ ਕੰਬੋਜ ਅਮਰੀਕਾ ਨੂੰ ਪ੍ਰਦਾਨ ਕੀਤਾ ਗਿਆ। ਜਿਸ ਵਿੱਚ ਪੰਜਾਹ ਹਜ਼ਾਰ ਰੁਪਏ ਦੀ ਨਕਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਸ਼ਾਮਲ ਸਨ। ਉਨ੍ਹਾਂ ਨੇ ਕਿਹਾ ਕਿ ਹਰ ਵਰ੍ਹੇ ਹੀ ਇਹ ਸਨਮਾਨ ਉਹ ਕਿਸੇ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੀ ਸ਼ਖ਼ਸੀਅਤ ਨੂੰ ਦਿਆ ਕਰਨਗੇ। ਪੰਜਾਬ ਭਵਨ ਸਰੀ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਹੁਣ ਤਕ ਅਨੇਕਾਂ ਸਾਂਝੇ ਰੂਪ ਵਿਚ ਪ੍ਰੋਗਰਾਮਾ ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ। ਪੰਜਾਬ ਭਵਨ ਸਰੀ ਵੱਲੋਂ ਹਰ ਸਾਲ ਅੰਤਰਰਾਸ਼ਟਰੀ ਪੱਧਰ ਦੀ ਸਾਲਾਨਾ ਕਾਨਫਰੰਸ ਦਾ ਆਯੋਜਨ ਕੀਤਾ ਜਾਂਦਾ ਹੈ। ਜਿਸ ਵਿੱਚ ਵੱਖ ਵੱਖ ਮੁਲਕਾਂ ਦੇ ਸਾਹਿਤਕਾਰ ਤੇ ਸਾਹਿਤ ਪ੍ਰੇਮੀ ਇਕੱਤਰ ਹੁੰਦੇ ਹਨ। ਸਾਹਿਤ ਅਤੇ ਸਮਾਜ ਦੇ ਗੰਭੀਰ ਮਸਲੇ ਇਸ ਵਿਚ ਵਿਚਾਰੇ ਜਾਂਦੇ ਹਨ। ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਹੈ। ਕਾਵਿ-ਮਹਿਫਲਾਂ ਸਜਦੀਆਂ ਹਨ। ਇਨ੍ਹਾਂ ਕਾਨਫ਼ਰੰਸਾਂ ਵਿੱਚ ਹਰ ਵਰ੍ਹੇ ਦੋ ਨਾਮੀ ਸਾਹਿਤਕਾਰਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ। 01-02 ਅਕਤੂਬਰ 2022 ਨੂੰ ਹੋਣ ਜਾ ਰਹੀ ਚੌਥੀ ਸਾਲਾਨਾ ਕਾਨਫਰੰਸ ਵਿਚ ਇਹ ਐਵਾਰਡ ਸਵਰਾਜ ਕੌਰ ਅਮਰੀਕਾ ਅਤੇ ਡਾ. ਸਾਧੂ ਸਿੰਘ ਕੈਨੇਡਾ ਨੂੰ ਦਿੱਤਾ ਜਾਵੇਗਾ।

ਪਰਵਾਸੀ ਸਾਹਿਤ ਅਧਿਐਨ ਕੇਂਦਰ ਤੋਂ ਇਲਾਵਾ ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਵੱਖ ਵੱਖ ਮੁਲਕਾਂ ਦੀਆਂ ਅਨੇਕਾਂ ਸੰਸਥਾਵਾਂ ਦੇ ਨਾਲ ਮਿਲ ਕੇ ਪੰਜਾਬ ਭਵਨ ਸਰੀ ਅਨੇਕਾਂ ਹੀ ਸਾਹਿਤਕ ਅਤੇ ਅਕਾਦਮਿਕ ਪ੍ਰੋਗਰਾਮ ਕਰਵਾਉਂਦਾ ਹੈ। ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ ਕਰਵਾਈ ਗਈ ਪਹਿਲੀ ਕਾਨਫ਼ਰੰਸ ਅਤੇ



## ਲੇਖ: ਪੰਜਾਬ ਭਵਨ ਸਰੀ (ਕੈਨੇਡਾ)

ਇਕ-ਦੋ ਅਕਤੂਬਰ 2022 ਨੂੰ ਹੋਣ ਜਾ ਰਹੀ ਦੂਸਰੀ ਯੂਰਪੀ ਪੰਜਾਬੀ ਕਾਨਫਰੰਸ ਵਿਚ ਵੀ ਪੰਜਾਬ ਭਵਨ ਸਰੀ ਸਹਿਯੋਗੀ ਧਿਰ ਵਜੋਂ ਸ਼ਾਮਿਲ ਹੋ ਰਿਹਾ ਹੈ। ਪੰਜਾਬ ਭਵਨ ਸਰੀ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਵੀ ਹੈ ਕਿ ਉਹ ਛੋਟੇ ਛੋਟੇ ਮੁਲਕ ਜਿਨ੍ਹਾਂ ਵਿੱਚ ਪੰਜਾਬੀਆਂ ਦੀ ਵੱਸੋਂ ਹਾਲੇ ਘੱਟ ਹੈ, ਉਥੇ ਬਣੀਆਂ ਸਾਹਿਤ ਸਭਾਵਾਂ ਨੂੰ ਪੰਜਾਬ ਭਵਨ ਸਰੀ ਆਰਥਿਕ ਪੱਖੋਂ  ਹਰ ਤਰ੍ਹਾਂ ਦਾ ਸਹਿਯੋਗ ਦਿੰਦਾ ਹੈ ਤਾਂ ਜੋ ਉਹ ਆਪਣੀਆਂ ਸਾਹਿਤਕ ਗਤੀਵਿਧੀਆਂ ਨੂੰ ਚਲਦਾ ਰੱਖਣ।

ਕੈਨੇਡਾ ਦੇ ਜੰਮਪਲ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨ  ਅਤੇ ਸਾਹਿਤ ਪ੍ਰੇਮੀ ਬਣਾਉਣ ਲਈ ਆਨਲਾਈਨ ਤੇ ਆਫਲਾਈਨ ਕਲਾਸਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਬੱਚਿਆਂ ਨੂੰ ਮੁਫ਼ਤ ਸਿਖਲਾਈ ਤੇ ਪੁਸਤਕਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਲਈ ਵਧੀਆ ਅਧਿਆਪਕ ਦਾ ਪ੍ਰਬੰਧ ਕੀਤਾ ਜਾਂਦਾ ਹੈ ਤੇ ਬੱਚਿਆਂ ਦੇ ਇਮਤਿਹਾਨ ਵੀ ਲਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੇ ਲਈ ਸਰਟੀਫਿਕੇਟ ਅਤੇ ਇਨਾਮ ਵੀ ਦਿੱਤੇ ਜਾਂਦੇ ਹਨ। ਨਰੋਏ ਅਤੇ ਚੰਗੇ ਸਮਾਜ ਦੀ ਸਿਰਜਣਾ ਦੇ ਲਈ ਬੱਚੇ ਅਤੇ ਨੌਜਵਾਨ ਕਿਸੇ ਵੀ ਸਮਾਜ ਦਾ ਆਧਾਰ ਹੁੰਦੇ ਹਨ। ਉਨ੍ਹਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਦੂਰ ਰੱਖਣ ਦੇ ਲਈ ਪੰਜਾਬ ਭਵਨ ਨੇ ਸਰੀ ਸਕੂਲ ਬੋਰਡ ਨਾਲ ਵੀ ਮੀਟਿੰਗ ਕੀਤੀਆਂ ਤਾਂ ਜੋ ਉਨ੍ਹਾਂ ਸਕੂਲਾਂ ਦੇ ਵਿਦਿਆਰਥੀ ਪੰਜਾਬ ਭਵਨ ਵਿੱਚ ਕਰਵਾਈਆਂ ਜਾਂਦੀਆਂ ਗਤੀਵਿਧੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ। ਨਸ਼ਿਆਂ ਦੀ ਦਲਦਲ ਵਿੱਚੋਂ ਵੀ ਬੱਚਿਆਂ ਨੂੰ ਕੱਢਣ ਦੇ ਲਈ ਬੱਚਿਆਂ ਦੇ ਮਾਹਿਰਾਂ ਵੱਲੋਂ ਕੌਂਸਲਿੰਗ ਕਰਵਾਈ ਜਾਂਦੀ ਹੈ। ਬੱਚਿਆਂ ਦੇ ਵਿਚਾਰ ਵੀ ਸੁਣੇ ਜਾਂਦੇ ਹਨ, ਮਾਪਿਆਂ ਨੂੰ ਵੀ ਬੁਲਾਇਆ ਜਾਂਦਾ ਹੈ।

ਪੰਜਾਬ ਭਵਨ ਦਾ ਪੰਜਾਬ ਜਲੰਧਰ ਵਿਚ ਉਪ ਦਫ਼ਤਰ ਹੈ। ਜਿੱਥੇ 'ਕਾਵਿ ਗੁਲਦਸਤਾ' ਅਤੇ 'ਕਲਮਾਂ ਬੋਲਦੀਆਂ' ਦੋ ਹਫ਼ਤਾਵਾਰੀ ਮੈਗਜ਼ੀਨ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਅਤੇ ਪੰਜਾਬ ਭਵਨ ਦੀ ਤਰਜ਼ ਤੇ ਹੀ ਅਨੇਕਾਂ ਪ੍ਰੋਗਰਾਮ ਕਰਵਾਏ ਜਾਂਦੇ ਹਨ।

**ਡਾ. ਤੇਜਿੰਦਰ ਕੌਰ**
**ਕੋਆਰਡੀਨੇਟਰ**
**ਪਰਵਾਸੀ ਸਾਹਿਤ ਅਧਿਐਨ ਕੇਂਦਰ**

# ਸਰੀ ਦੇ ਪੰਜਾਬੀ ਮੀਡੀਆ ਕਰਮੀ (ਰੇਡੀਉ)




ਸਰੀ ਵਿੱਚ ਰੇਡੀਉ ਪ੍ਰਸਾਰਨ ਦਾ ਆਰੰਭ ਬਿੰਦੂ ਸੁਸ਼ਮਾ ਦੱਤ ਜੀ ਨੇ ਕੀਤਾ, ਲਗਪਗ ਚਾਲੀ ਸਾਲ ਪਹਿਲਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਵਿੱਚ ਰੇਡੀਉ ਪ੍ਰਸਾਰਨ ਦਾ ਆਰੰਭ ਪਿਛਲੀ ਸਦੀ ਦੇ ਅਠਵੇਂ ਦਹਾਕੇ 'ਚ ਕੀਤਾ। ਉਨ੍ਹਾਂ ਕੋਲ ਕਿਸੇ ਰੇਡੀਉ ਚੈਨਲ ਵਿੱਚੋਂ ਖ਼ਰੀਦਿਆ ਕੁਝ ਸਮਾਂ ਹੀ ਹੁੰਦਾ ਸੀ। ਉਸ ਵਿੱਚ, ਪੰਜਾਬ ਤੋਂ ਗਏ ਮਹੱਤਵਪੂਰਨ ਲੋਕਾਂ ਦੀਆਂ ਮੁਲਾਕਾਤਾਂ ਹੁੰਦੀਆਂ ਪਰ ਬਹੁਤਾ ਹਿੱਸਾ ਹਿੰਦੀ ਗੀਤਾਂ ਦਾ ਪ੍ਰਸਾਰਨ ਹੁੰਦਾ। ਉਨ੍ਹਾਂ ਦੀ ਆਵਾਜ਼ ਵਿੱਚ ਕਸ਼ਿਸ਼ ਸੀ। ਹੁਣ ਵੀ ਉਹ ਰੇਡੀਉ ਸਪਾਈਸ ਦੇ ਸੰਚਾਲਕ ਹਨ ਜਿਥੇ ਹਿੰਦੀ ਤੇ ਪੰਜਾਬੀ ਵਿੱਚ ਪ੍ਰੋਗਰਾਮ ਚੱਲਦੇ ਹਨ। ਸਭ ਤੋਂ ਪਹਿਲਾਂ ਨਿਰੋਲ ਪੰਜਾਬੀ ਰੇਡੀਉ ਸਥਾਪਤ ਕਰਨ ਵਾਲੇ ਸ. ਸੁਖਦੇਵ ਸਿੰਘ ਢਿੱਲੋਂ ਹਨ ਜਿੰਨ੍ਹਾਂ ਨੇ ਪਹਿਲਾਂ 'ਰੇਡੀਉ ਪੰਜਾਬ' ਤੇ ਮਗਰੋਂ 'ਰੇਡੀਉ ਸ਼ੇਰੇ ਪੰਜਾਬ' ਸ਼ੁਰੂ ਕੀਤਾ। ਰੇਡੀਉ ਸ਼ੇਰੇ ਪੰਜਾਬ ਨੂੰ ਹੁਣ ਸ. ਅਜੀਤ ਸਿੰਘ ਚਲਾਉਂਦੇ ਹਨ। ਉਨ੍ਹਾਂ ਦੀ ਟੀਮ ਵਿੱਚ ਸ. ਕੁਲਦੀਪ ਸਿੰਘ, ਗੁਰਵਿੰਦਰ ਸਿੰਘ ਧਾਲੀਵਾਲ, ਰਾਮਿੰਦਰਪਾਲ ਸਿੰਘ ਕੰਗ ਕੰਮ ਕਰਦੇ ਰਹੇ ਹਨ। ਹੁਣ ਡਾ. ਜਸਬੀਰ ਸਿੰਘ ਰੋਮਾਣਾ, ਗੁਰਬਾਜ ਸਿੰਘ ਬਰਾੜ, ਹਰਜੀਤ ਸਿੰਘ ਗਿੱਲ, ਵਰਗੇ ਨਾਮਵਰ ਸੱਜਣ ਪ੍ਰੋਗਰਾਮ ਪੇਸ਼ ਕਰਦੇ

ਹਨ।2006 ਵਿੱਚ ਸੱਰੀ ਵਿੱਚ ਸ. ਕੁਲਵਿੰਦਰ ਸਿੰਘ ਸੰਘੇੜਾ ਨੇ ਰੈੱਡ ਐੱਫ. ਐੱਮ. ਮਲਟੀਕਲਚਰਲ ਕਾਰਪੋਰੇਸ਼ਨ ਬਣਾ ਕੇ ਰੇਡੀਉ ਰੈੱਡ ਐੱਫ ਐੱਮ ਸ਼ੁਰੂ ਕੀਤਾ ਜੋ ਹੁਣ ਕੈਲਗਰੀ ਤੇ ਟੋਰੰਟੋ ਤੇ ਵੀ ਪੰਖ ਪਸਾਰ ਚੁੱਕਾ ਹੈ।

ਸਰੀ ਵਿੱਚ ਇਸ ਸਟੇਸ਼ਨ ਦੇ ਸਭ ਤੋਂ ਪਹਿਲੇ ਪੇਸ਼ਕਾਰ ਹਰਜਿੰਦਰ ਥਿੰਦ ਸਨ ਜੋ ਪੰਜਾਬ ਰਹਿੰਦਿਆਂ ਬਲਵੰਤ ਗਾਰਗੀ ਦੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ 'ਚ ਵਿਦਿਆਰਥੀ ਰਹੇ ਸਨ। ਅੰਮ੍ਰਿਤਾ ਪ੍ਰੀਤਮ ਵੱਲੋਂ ਨਸ਼ਿਆਂ ਖ਼ਿਲਾਫ਼ ਬਣਾਈ ਫਿਲਮ ਕਾਲ਼ਾ ਸੂਰਜ ਦੇ ਹੀਰੋ ਵੀ ਉਹੀ ਸਨ। ਅੱਜ ਤੀਕ ਉਨ੍ਹਾਂ ਦੀ ਇਸ ਖੇਤਰ ਵਿੱਚ ਹਸਤੀ ਬੁਲੰਦ ਹੈ। ਇਥੇ ਲੰਮਾ ਸਮਾਂ ਕੰਮ ਕਰਕੇ ਕੈਲਗਰੀ ਵਿੱਚ ਰੇਡੀਉ ਰੈੱਡ ਐੱਫ. ਐੱਮ. ਦੇ ਇੰਚਾਰਜ ਰਿਸ਼ੀ ਨਾਗਰ ਦੀ ਪੇਸ਼ਕਾਰੀ ਵੀ ਸਰੋਤਿਆਂ ਨੂੰ ਕੀਲਦੀ ਹੈ। ਰੇਡੀਉ ਜਗਤ ਦੇ ਡਾ. ਜਸਬੀਰ ਸਿੰਘ ਰੋਮਾਣਾ, ਗੁਰਬਾਜ਼ ਸਿੰਘ ਬਰਾੜ ਤੇ ਹਰਜੀਤ ਸਿੰਘ ਗਿੱਲ ਆਪੋ ਆਪਣੇ ਅੰਦਾਜ਼ ਦੇ ਸਿਰਮੌਰ ਪਛਾਣ ਚਿੰਨ੍ਹ ਹਨ। ਮਨਿੰਦਰ ਗਿੱਲ ਦਾ ਰੇਡੀਉ ਇੰਡੀਆ ਕਿਸੇ ਵਖ਼ਤ ਸਰਵੋਤਮ ਸੀ। ਉਸ ਦੇ ਪੇਸ਼ਕਾਰਾਂ ਦੀ ਵਿਸ਼ਲੇਸ਼ਣੀ ਪਹੁੰਚ ਮਿਸਾਲੀ ਸੀ। ਮਿਸਾਲ ਵਜੋਂ ਆਸ਼ਿਆਨਾ ਦੇ ਉਰਦੂ ਸ਼ਿਅਰਾਂ ਨਾਲ ਲਬਰੇਜ਼ ਸ਼ੈਲੀ ਨੂੰ ਸਰੋਤੇ ਹੁਣ ਵੀ ਚੇਤੇ ਕਰਦੇ ਨੇ। ਸਵਰਗੀ ਸੁਖਮਿੰਦਰ ਸਿੰਘ ਚੀਮਾ, ਗੁਰਪ੍ਰੀਤ ਸਿੰਘ ਦੇਵਿੰਦਰ ਸਿੰਘ ਬੈਨੀਪਾਲ ਤੇ ਕੁਝ ਹੋਰ ਪੇਸ਼ਕਾਰ ਨਿਵੇਕਲੀ ਸ਼ੈਲੀ ਵਾਲੇ ਸਨ। ਹੁਣ ਦੋਬਾਰਾ ਸਟੇਸ਼ਨ ਚਾਲੂ ਹੋਇਆ ਹੈ। ਬਲਦੇਵ ਸਿੰਘ ਭੰਮ ਵਰਗੇ ਸੁਜਿੰਦ ਪੱਤਰਕਾਰ ਨਿੱਤ ਨਵੇ ਮਸਲੇ ਪੇਸ਼ ਕਰਦੇ ਹਨ। ਆਸ਼ਿਆਨਾ ਦੀ ਅਗਵਾਈ ਹੇਠ ਰੇਡੀਉ 'ਮੀਡੀਆ ਵੇਵਜ਼' ਸ਼ੁਰੂ ਹੋਇਆ ਹੈ ਜਿੱਥੇ ਕੁਲਜੀਤ ਕੌਰ ਵੀ ਸਮਰੱਥ ਪੇਸ਼ਕਾਰ ਵਜੋਂ ਪ੍ਰੋਗਰਾਮ ਕਰਦੇ ਹਨ। ਕੁਝ ਸਮਾਂ ਡਾ. ਲਖਵਿੰਦਰ ਸਿੰਘ ਗਿੱਲ ਨੇ ਵੀ ਇਥੇ ਸੇਵਾ ਨਿਭਾਈ ਹੈ। ਸ. ਸੁਖਦੇਵ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ 107.9 FM ਰੇਡੀਉ ਸਟੇਸ਼ਨ ਖ਼ਰੀਦ ਲਿਆ ਹੈ ਵੈਨਕੁਵਰ ਟਾਪੂ ਤੇ ਲੋਅਰ ਮੇਨਲੈਂਡ ਵਿੱਚ ਇਹ ਰੇਡੀਉ ਚੱਲਦਾ ਹੈ। ਸ. ਢਿੱਲੋਂ ਦੀ ਸਤਿਨਾਮ ਮੀਡੀਆ ਗਰੁੱਪ ਕੰਪਨੀ ਨੇ ਸਾਲਟ ਸਪਰਿੰਗ ਆਈਲੈਂਡ ਕਾਰਪੋਰੇਸ਼ਨ ਦੇ ਸਥਾਨਕ ਮਾਲਕ ਗੈਰੀ ਬਰੁੱਕਸ ਤੋਂ ਪ੍ਰਸਾਰਣ ਦੇ ਅਧਿਕਾਰ ਹਾਸਲ ਕਰ ਲਏ ਹਨ ਤੇ ਇਹ ਰੇਡੀਓ ਹੁਣ ਐਲਬਰਟਾ ਤੇ ਲੋਅਰ ਮੇਨਲੈਂਡ ਤੱਕ ਸੁਣਾਈ ਦਿੰਦਾ ਹੈ।

**ਰਿਸ਼ੀ ਨਾਗਰ**

ਲੇਖ

# ਕੈਨੇਡਾ ’ਚ ਪੰਜਾਬੀ ਪੱਤਰਕਾਰੀ ਦਾ ਸਦੀ ਦਾ ਸਫ਼ਰ

ਡਾ. ਗੁਰਵਿੰਦਰ ਸਿੰਘ



ਕੈਨੇਡਾ ਦੀ ਪੱਤਰਕਾਰੀ ਵਿਚ ਪੰਜਾਬੀ ਪੱਤਰਕਾਰੀ ਦਾ ਵਿਸ਼ੇਸ਼ ਸਥਾਨ ਹੈ ਇਸ ਵਿੱਚ ਭਾਰਤ ਨਾਲ ਸਬੰਧਤ ਸਮਾਚਾਰ ਸਥਾਨਕ ਕੈਨੇਡਾ ਦੇ ਧਾਰਮਿਕ, ਸਮਾਜਿਕ, ਰਾਜਨੀਤਕ, ਸਮਾਚਾਰ ਪ੍ਰਕਾਸ਼ਿਤ ਹੁੰਦੇ ਸਨ ਸਭ ਤੋਂ ਮਹੱਤਵਪੂਰਨ ਗ਼ਦਰ ਲਹਿਰ ਨਾਲ ਜੁੜਿਆ ਸਾਹਿਤ ਹੈ ਜੋ ਪ੍ਰਕਾਸ਼ਿਤ ਹੋਇਆ ਅਤੇ ਵਤਨੋਂ ਦੂਰ ਸਭ ਤੋਂ ਪਹਿਲਾ ਸਾਹਿਤਕ ਪੱਤਰ ਆਰੰਭ ਹੋਇਆ ਜਿਸ ਨੂੰ ਬਾਅਦ ਵਿੱਚ ਵਤਨ ਦਾ ਨਾਂ ਦਿੱਤਾ ਗਿਆ ਇਸ ਦੇ ਪ੍ਰਬੰਧਕਾਂ ਵਿੱਚ ਸਾਧੂ ਬਿਨਿੰਗ ਸੁਖਵੰਤ ਹੁੰਦਲ ਅਮਨਪਾਲ ਸਾਰਾ ਅਤੇ ਹੋਰ ਸਾਹਿਤਕ ਲੋਕ ਸ਼ਾਮਿਲ ਸਨ। ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦਾ ਮੂਲ ਕੇਂਦਰ ਸਰੀ ਤੇ ਵੈਨਕੂਵਰ ਸੀ ਪਰ ਵੱਖ ਵੱਖ ਥਾਂਵਾਂ ਤੋਂ ਇਕੋ ਸਮੇਂ ਪ੍ਰਕਾਸ਼ਿਤ ਹੋਣ ਕਰਕੇ ਇਨ੍ਹਾਂ ਰਲਗੱਡ ਹੋ ਗਿਆ ਹੈ ਕਿ ਇਸ ਨੂੰ ਕਿਸੇ ਇਕ ਸ਼ਹਿਰ ਤੱਕ ਸੀਮਤ ਕਰਨਾ ਮੁਮਕਿਨ ਨਹੀਂ ਸੀ ਇਸੇ ਕਰਕੇ ਡਾ. ਗੁਰਵਿੰਦਰ ਧਾਲੀਵਾਲ ਨੂੰ ਜਦੋਂ ਸਰੀ ਦੀ ਪੱਤਰਕਾਰੀ ਬਾਰੇ ਲੇਖ ਲਿਖਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਆਪਣੇ ਲੇਖ ਵਿੱਚ ਕੈਨੇਡਾ ਦੀ ਸਮੁੱਚੀ ਪੱਤਰਕਾਰੀ ਬਾਰੇ ਗੱਲਬਾਤ ਕੀਤੀ ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਰੀ ਦੀ ਪੱਤਰਕਾਰੀ ਦੇ ਨਾਲ ਨਾਲ ਵੱਖ ਵੱਖ ਸ਼ਹਿਰਾਂ ਦੀ ਪੱਤਰਕਾਰੀ ਦੇ ਇਤਿਹਾਸ ਨੂੰ ਸਾਡੇ ਤਕ ਪਹੁੰਚਾਉਣ ਦਾ ਯਤਨ ਕੀਤਾ ਹੈ ਡਾ. ਗੁਰਵਿੰਦਰ ਧਾਲੀਵਾਲ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ  ਡਾ. ਅੰਮ੍ਰਿਤਪਾਲ ਕੌਰ ਦੀ ਨਿਗਰਾਨੀ ਵਿੱਚ ਪਰਵਾਸੀ ਪੱਤਰਕਾਰੀ ਵਿਸ਼ੇ ਤੇ ਪੀਐਚ. ਡੀ. ਕੀਤੀ ਹੈ ਕੈਨੇਡਾ ਵਿੱਚ ਰਹਿੰਦੇ ਹੋਏ ਪੱਤਰਕਾਰੀ ਨੂੰ ਉਨ੍ਹਾਂ ਨੇ ਆਰੰਭਲੇ ਪਧੱਰ ਤੇ ਅਪਣਾਇਆ।

ਪੰਜਾਬੀ ਪੱਤਰਕਾਰੀ ਦਾ ਪਾਸਾਰ ਪੰਜਾਬ ਤੱਕ ਸੀਮਤ ਨਾ ਰਹਿ ਕੇ, ਸੰਸਾਰ ਪੱਧਰ ’ਤੇ ਫੈਲਿਆ ਹੋਇਆ ਹੈ। 19ਵੀਂ ਸਦੀ ਦੇ ਦੂਸਰੇ ਅੱਧ ’ਚ ਪੰਜਾਬ ਵਿਚ ਪੰਜਾਬੀ ਪੱਤਰਕਾਰੀ ਦਾ ਮੁੱਢ ਬੱਝਿਆ, ਜਦਕਿ 20ਵੀਂ ਸਦੀ ਦੇ ਆਰੰਭ ’ਚ ਦੁਨੀਆਂ ਦੇ ਹੋਰਨਾਂ ਮੁਲਕਾਂ ’ਚ ਵਸਦੇ ਪੰਜਾਬੀਆਂ ਨੇ ਪੱਤਰਕਾਰੀ ਦੇ ਖੇਤਰ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਵਿਦੇਸ਼ਾਂ ’ਚ ਪੰਜਾਬੀ ਪੱਤਰਕਾਰੀ ਦੇ ਮੁੱਢਲੇ ਦੌਰ ’ਚ ਕੈਨੇਡਾ ਦੇ ਪੰਜਾਬੀ ਮੀਡੀਏ ਦਾ ਜ਼ਿਕਰ ਸਭ ਤੋਂ ਪਹਿਲਾਂ ਆਉਂਦਾ ਹੈ। ਉਨ੍ਹੀਵੀਂ ਸਦੀ ਦੇ ਆਖਰੀ ਦਹਾਕੇ ਅਤੇ ਵੀਹਵੀਂ ਸਦੀ ਦੇ ਮੁੱਢ ’ਚ ਪੰਜਾਬੀ, ਬ੍ਰਿਟਸ਼ ਸਾਮਰਾਜ ਦੀ

ਬਸਤੀ ‘ਕੈਨੇਡਾ’ ਵਿਚ ਵੱਸਣੇ ਸ਼ੁਰੂ ਹੋ ਚੁੱਕੇ ਸਨ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹੀ ਉਨ੍ਹਾਂ ਸਾਂਝੀ ਧਾਰਮਕਿ ਸੰਸਥਾ ‘ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ’ ਗਠਿਤ ਕਰ ਲਈ ਸੀ। ਇਸ ਦੌਰਾਨ ਕੈਨੇਡਾ ਦੀ ਧਰਤੀ ’ਤੇ ਪੰਜਾਬੀਆਂ ਨੇ ਨਸਲਵਾਦੀ ਵਰਤਾਰੇ, ਮਨੁੱਖੀ ਹੱਕਾਂ ਦੇ ਸ਼ੋਸ਼ਣ, ਸਮਾਜਿਕ ਤੇ ਧਾਰਮਿਕ ਵਿਤਕਰੇ ਅਤੇ ਆਰਥਕਿ ਲੁੱਟ-ਖਸੁੱਟ ਖਿਲਾਫ਼, ਸੰਗਠਤ ਹੋਣ ਦਾ ਤਹੱਈਆ ਕਰ ਲਿਆ ਸੀ।

ਆਜ਼ਾਦੀ ਦੀ ਲੋਚਾ ਨੇ ਪਰਵਾਸੀ ਪੰਜਾਬੀਆਂ ਦੀਆਂ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਸਾਹਿਤਿਕ ਲਹਿਰਾਂ ਨੂੰ ਜਨਮ ਦਿੱਤਾ, ਜਿਹਨਾਂ ਸਦਕਾ ਕੈਨੇਡਾ ’ਚ ਪੰਜਾਬੀ ਪੱਤਰਕਾਰੀ ਹੋਂਦ ’ਚ ਆਈ। ਵਰਤਮਾਨ ਸਮੇਂ ਕੈਨੇਡਾ ’ਚ ਪੰਜਾਬੀ ਮੀਡੀਆ ਇੱਕ ਸਦੀ ਤੋਂ ਵਧੇਰਾ ਸਫਰ ਤੈਅ ਕਰ ਚੁੱਕਿਆ ਹੈ। ਇਸ ਸੰਦਰਭ ’ਚ ਆਲੋਚਨਾਤਮਕ ਅਧਿਐਨ ਸਮੇਂ ਦੀ ਅਹਿਮ ਲੋੜ ਹੈ, ਤਾਂ ਕਿ ਕੈਨੇਡਾ ਵਿਚ ਪੰਜਾਬੀ ਮੀਡੀਏ ਦੇ ਆਰੰਭ ਅਤੇ ਵਿਕਾਸ ਸਬੰਧੀ ਡੂੰਘੀ ਵਿਚਾਰ ਕੀਤੀ ਜਾ ਸਕੇ ਅਤੇ ਕੈਨੇਡੀਅਨ ਪੰਜਾਬੀ ਮੀਡੀਏ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਜਾ ਸਕੇ। ਇਸ ਲੇਖ ਦਾ ਵਿਸ਼ਾ-ਵਸਤੂ ਕੈਨੇਡਾ ’ਚ ਪੰਜਾਬੀ ਪ੍ਰਿੰਟ ਮੀਡੀਏ ਤੱਕ ਸੀਮਤ ਰੱਖਿਆ ਗਿਆ ਹੈ, ਹਾਲਾਂ-ਕਿ ਮੌਜੂਦਾ ਸਮੇਂ ਇੱਥੇ ਰੇਡੀਓ ਮਾਧਿਅਮ ਵੀ ਕਾਫੀ ਗਤੀਸ਼ੀਲ ਹੈ।

ਕੈਨੇਡਾ ’ਚ ਪੰਜਾਬੀ ਪੱਤਰਕਾਰੀ ਦਾ ਪਹਿਲਾ ਅਖ਼ਬਾਰ ‘ਸੁਦੇਸ਼ ਸੇਵਕ’ ਮੰਨਿਆ ਜਾਂਦਾ ਹੈ, ਜਿਸਦਾ ਪਹਿਲਾ ਅੰਕ 10 ਜਨਵਰੀ 1910 ਈ. ਨੂੰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ, ਵੈਨਕੂਵਰ ਦੀ ਜਗ੍ਹਾ 1632-2 ਐਵੀਨਿਊ ਤੋਂ ਪ੍ਰਕਾਸ਼ਤ ਹੋਇਆ। ਮਹਾਨ ਆਜ਼ਾਦੀ ਘੁਲਾਟੀਏ ਬਾਬੂ ਹਰਨਾਮ ਸਿੰਘ ‘ਕਾਹਰੀ ਸਾਹਰੀ’ ਇਸ ਦੇ ਮੋਢੀ ਸੰਪਾਦਕ ਸਨ, ਜੋ ਪੰਜਾਬ ਦੇ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਸਾਹਰੀ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਨਾਲ ਗੁਰਾਂਦਿੱਤਾ ਕੁਮਾਰ ਅਖ਼ਬਾਰ ਦੇ ਅੰਗਰੇਜ਼ੀ ਹਿੱਸੇ ਦੇ ਸੰਪਾਦਕ ਵਜੋਂ ਸ਼ਾਮਲ ਸਨ। ਕੈਨੇਡਾ ਦੀ ਧਰਤੀ ’ਤੇ ਪੰਜਾਬੀ ਪੱਤਰਕਾਰੀ ਦਾ ਪਹਿਲਾ ਅਖ਼ਬਾਰ ਸੁਦੇਸ਼ ਸੇਵਕ ‘ਹੱਥ ਲਿਖਤ ਪਰਚਾ’ ਸੀ, ਜਿਸ ਵਿਚ ਕੈਨੇਡਾ ਦੇ ਉਸ ਵੇਲੇ ਦੇ ਕਾਲੇ ਕਾਨੂੰਨਾਂ, ਤਨਖਾਹਾਂ ’ਚ ਹੁੰਦੇ ਵਿਤਕਰਿਆਂ ਅਤੇ ਬਰਤਾਨਵੀ ਸਾਮਰਾਜ ਦੀਆਂ ਧੱਕੇਸ਼ਾਹੀਆਂ ਦੀ ਦਾਸਤਾਨ ਮੁੱਖ ਵਿਸ਼ਾ ਕਹੀ ਜਾ ਸਕਦੀ ਹੈ। ‘ਸੁਦੇਸ਼ ਸੇਵਕ’ ਦੇ ਮੁੱਖ ਪੰਨੇ ’ਤੇ ਗੁਰਮੁਖੀ ਲਿਪੀ ਵਿੱਚ ਉਰਦੂ-ਨੁਮਾ ਸ਼ੇਅਰ ਲਿਖਿਆ ਹੁੰਦਾ ਸੀ :

“ਮਰਨਾ ਭਲਾ ਹੈ ਉਸਕਾ ਜੋ ਅਪਨੇ ਲੀਏ ਜੀਏ।
ਜੀਤਾ ਹੈ ਵੋਹ ਜੋ ਮਰ ਚੁੱਕਾ ਹੈ ਇਨਸਾਨ ਕੇ ਲੀਏ।”

ਸਮਾਚਾਰ ਪੱਤਰ ਸੁਦੇਸ਼ ਸੇਵਕ ਦੇ ਮੁੱਖ ਪੰਨੇ ’ਤੇ ਉਪਰ ਜਾ ਕੇ ਗੁਰਬਾਣੀ ਵਿੱਚੋਂ ਇਸ ਤਰ੍ਹਾਂ ਲਿਖਿਆ ਹੁੰਦਾ ਸੀ: ੧ੳ ਸਤਿਗੁਰ ਸਹਾਇ॥ ਪਹਿਲੇ ਸਫ਼ੇ ਉੱਤੇ ਹੀ ਸਮਾਚਾਰ ਪੱਤਰ ਦਾ ਮੁੱਖ ਮਨੋਰਥ ਲਿਖਿਆ ਮਿਲਦਾ ਹੈ: ‘ਇਸ ਦੇਸ਼ ਸੇਵਕ ਪਰਚੇ

ਕੀ ਮਾਰਫਤ ਅਸੀਂ ਆਪਣੇ ਦੇਸ਼ ਭਾਈਆਂ ਕੀ ਸੇਵਾ ਕਰਨੀ ਚਾਹਤੇ ਹੈਂ।' 'ਸੁਦੇਸ਼ ਸੇਵਕ' ਦੀ ਭਾਸ਼ਾ ਚਾਹੇ ਪੰਜਾਬੀ ਸੀ, ਪ੍ਰੰਤੂ ਉਸ 'ਤੇ ਉਰਦੂ ਦਾ ਅਸਰ ਨਜ਼ਰ ਆਉਂਦਾ ਸੀ। ਵਾਰਤਕ ਦੇ ਨਾਲ-ਨਾਲ ਵੀਰ-ਰਸੀ ਤੇ ਇਨਕਲਾਬੀ ਕਵਿਤਾਵਾਂ ਵੀ ਅਖ਼ਬਾਰ ਨੂੰ ਪ੍ਰੰਪਰਾਗਤ ਪੰਜਾਬੀ ਪੱਤਰਕਾਰੀ ਵਜੋਂ ਉਜਾਗਰ ਕਰਦੀਆਂ ਸਨ। 'ਸੁਦੇਸ਼ ਸੇਵਕ' ਦੀ ਇਨਕਲਾਬੀ ਸੁਰ ਅਤੇ ਨਸਲਵਾਦੀ ਸਰਕਾਰ ਦੀ ਅਲੋਚਨਾ ਦੇ ਸਿੱਟੇ ਵਜੋਂ, ਮੋਢੀ ਪੰਜਾਬੀ ਪੱਤਰਕਾਰ ਹਰਨਾਮ ਸਿੰਘ 'ਕਾਹਰੀ ਸਾਹਰੀ' ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਉਹ ਦੁਬਾਰਾ ਕੈਨੇਡਾ ਨਾ ਆ ਸਕੇ ਅਤੇ ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ ਸਮੇਂ ਉਹਨਾਂ ਹੋਰਨਾਂ ਗਦਰੀ ਬਾਬਿਆਂ ਸਮੇਤ ਭਾਰਤ ਨੂੰ ਚਾਲੇ ਪਾ ਦਿੱਤੇ। ਇਸ ਦੌਰਾਨ ਬਰਮਾ 'ਚ ਉਹਨਾਂ ਨੂੰ ਸਾਥੀ ਦੇਸ਼ ਭਗਤਾਂ ਸਣੇ ਗ੍ਰਿਫਤਾਰ ਕਰਕੇ, ਮਾਂਡਲੇ ਜੇਲ੍ਹ ਭੇਜ ਦਿੱਤਾ ਗਿਆ। ਮਗਰੋਂ ਲਾਹੌਰ ਸਾਜ਼ਿਸ਼ ਕੇਸ ਅਧੀਨ ਸੰਨ 1916 ਵਿਚ ਫਾਂਸੀ ਦੇ ਦਿੱਤੀ ਗਈ। ਸ਼ਹੀਦ ਹਰਨਾਮ ਸਿੰਘ ਕਾਹਰੀ ਸਾਹਰੀ ਕੈਨੇਡਾ ਦੇ ਮੋਢੀ ਪੱਤਰਕਾਰ ਅਤੇ 'ਪਹਿਲੇ ਪੱਤਰਕਾਰ ਸ਼ਹੀਦ' ਕਹੇ ਜਾ ਸਕਦੇ ਹਨ। 'ਸੁਦੇਸ਼ ਸੇਵਕ' ਅਖ਼ਬਾਰ ਵੈਨਕੂਵਰ 'ਚ ਪਾਬੰਦੀ ਲੱਗਣ ਮਗਰੋਂ ਕੁਝ ਸਮਾਂ ਸਿਆਟਲ ਤੋਂ ਵੀ ਪ੍ਰਕਾਸ਼ਤ ਹੋਇਆ, ਪਰ ਆਖਰ ਨੂੰ 1912 ਈ। ਵਿਚ ਸਰਕਾਰੀ ਤਸ਼ੱਦਦ ਅਤੇ ਝੋਲੀਚੁੱਕਾਂ ਦੀ ਜਾਸੂਸੀ ਕਾਰਨ ਆਏ ਸੰਕਟਾਂ ਦੇ ਨਤੀਜੇ ਵਜੋਂ ਪ੍ਰਕਾਸ਼ਤ ਹੋਣਾ ਬੰਦ ਹੋ ਗਿਆ।

ਕੈਨੇਡਾ ਦੇ ਪਹਿਲੇ ਪੰਜਾਬੀ ਅਖਬਾਰ ਸੁਦੇਸ਼ ਸੇਵਕ ਮਗਰੋਂ ਇਤਿਹਾਸਕ ਕ੍ਰਮ ਅਨੁਸਾਰ ਦੂਜਾ ਅਖਬਾਰ 'ਸੰਸਾਰ' ਛਪਣਾ ਸ਼ੁਰੂ ਹੋਇਆ, ਜੋ ਬ੍ਰਿਟਿਸ਼ ਕੋਲੰਬੀਆ ਦੀ ਮੌਜੂਦਾ ਰਾਜਧਾਨੀ ਵਿਕਟੋਰੀਆ ਤੋਂ ਗਿਆਨੀ ਕਰਤਾਰ ਸਿੰਘ ਹੁੰਦਲ, ਮਾਲਪੁਰ ਵਲੋਂ ਪੰਜਾਬੀ ਅੱਖਰਾਂ ਦੀ 'ਕੰਪੋਜ਼ਿੰਗ' ਰਾਹੀਂ ਤਿਆਰ ਕੀਤਾ ਗਿਆ। 'ਸੰਸਾਰ' ਦੇ ਮੁੱਖ ਪੰਨੇ 'ਤੇ ਗੁਰਬਾਣੀ ਦੀ ਪੰਕਤੀ ਲਿਖੀ ਮਿਲਦੀ ਹੈ : 'ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ੧ੴ ਸਤਿਗੁਰ ਪ੍ਰਸਾਦਿ॥' 'ਸੰਸਾਰ' ਦੀ ਪ੍ਰਕਾਸ਼ਨਾ ਸੰਨ 1912 ਈ। ਵਿਚ ਸ਼ੁਰੂ ਹੋਈ ਤੇ ਮਹੀਨੇ 'ਚ ਦੋ ਵਾਰ ਛਾਪਿਆ ਜਾਣ ਲੱਗਿਆ, ਪਰ ਜਲਦੀ ਹੀ ਆਪਸੀ ਖਿੱਚੋਤਾਣ, ਸਰਕਾਰੀ ਦਬਾਓ ਅਤੇ ਬ੍ਰਿਟਸ਼ ਸਾਮਰਾਜ ਦੀਆਂ ਫੁੱਟਪਾਊ ਨੀਤੀਆਂ ਦੀ ਭੇਟ ਚੜ੍ਹਨ ਕਾਰਨ 'ਸੰਸਾਰ' ਅਖ਼ਬਾਰ ਸੰਨ 1914 ਵਿਚ ਛਪਣਾ ਬੰਦ ਹੋ ਗਿਆ। 'ਸੰਸਾਰ' ਦੀਆਂ ਖ਼ਬਰਾਂ ਉੱਤਰੀ ਅਮਰੀਕਾ ਤੋਂ ਇਲਾਵਾ ਹੋਰਨਾਂ ਮੁਲਕਾਂ 'ਚ ਵੱਸਦੇ ਪੰਜਾਬੀਆਂ ਦੇ ਵਿਸ਼ਾਲ ਘੇਰੇ ਨੂੰ ਵੀ ਬਿਆਨ ਕਰਦੀਆਂ ਸਨ। ਭਾਸ਼ਾ ਪੱਖੋਂ ਪੰਦਰਾਂ-ਰੋਜ਼ਾ ਪੰਜਾਬੀ ਅਖ਼ਬਾਰ ਪੇਂਡੂ ਮੁਹਾਵਰੇ ਵਾਲਾ ਕਿਹਾ ਜਾ ਸਕਦਾ ਹੈ, ਹਾਲਾਂ ਕਿ ਇਸ ਦੀ ਵਾਰਤਕ 'ਤੇ ਉਰਦੂ ਦਾ ਪ੍ਰਭਾਵ ਘੱਟ ਸੀ।

'ਸੰਸਾਰ' ਦੇ ਬੰਦ ਹੋਣ ਮਗਰੋਂ ਇਸ ਦੇ ਸੰਪਾਦਕ ਕਰਤਾਰ ਸਿੰਘ ਹੁੰਦਲ ਨੇ ਸੰਨ 1929 ਵਿਚ 'ਇੰਡੀਆ ਐਂਡ ਕੈਨੇਡਾ' ਅਖ਼ਬਾਰ ਵੈਨਕੂਵਰ ਤੋਂ ਛਾਪਣਾ ਸ਼ੁਰੂ

ਕੀਤਾ। ਇਸ ਦੀ ਦਿੱਖ ਵੀ 'ਸੰਸਾਰ' ਵਰਗੀ ਹੀ ਸੀ, ਜਿਸ ਦੇ ਪਹਿਲੇ ਸਫੇ ਉਪਰ ਗੁਰਬਾਣੀ ਮੁੱਖਵਾਕ 'ਸਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥' ਲਿਖਿਆ ਮਿਲਦਾ ਹੈ। ਇਹ ਪ੍ਰਕਾਸ਼ਨਾ ਗ਼ਦਰੀ ਯੋਧਿਆਂ ਦੇ ਉੱਤਰੀ ਅਮਰੀਕਾ ਤੋਂ ਚਲੇ ਜਾਣ ਮਗਰੋਂ ਸ਼ੁਰੂ ਹੋਈ। ਇਹ ਅਖ਼ਬਾਰ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਤ ਹੁੰਦਾ ਸੀ ਅਤੇ ਇਸਦੇ ਅੰਕ ਇਤਿਹਾਸਕ ਦਸਤਾਵੇਜ਼ ਕਹੇ ਜਾ ਸਕਦੇ ਹਨ। 'ਇੰਡੀਆ ਐਂਡ ਕੈਨੇਡਾ' ਸੰਨ 1936 ਤੱਕ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਇਸ ਨੇ ਕੈਨੇਡਾ ਵਿਚ ਗੁਰਮੁਖੀ ਪੜ੍ਹਨ ਲਈ ਉਤਸ਼ਾਹ ਪੈਦਾ ਕਰਨ 'ਚ ਵੱਡੀ ਭੂਮਿਕਾ ਨਿਭਾਈ।

ਗ਼ਦਰ ਲਹਿਰ ਦੇ ਮੋਢੀਆਂ ਵਲੋਂ 1 ਨਵੰਬਰ 1913 ਵਿਚ ਸਾਨਫਰਾਂਸਸਿਕੋ ਤੋਂ 'ਗ਼ਦਰ' ਅਖ਼ਬਾਰ ਉਰਦੂ ਵਿਚ ਛਾਪਿਆ ਗਿਆ, ਜਦ ਕਿ ਦਸੰਬਰ 1913 ਈ. ਵਿਚ 'ਗ਼ਦਰ' ਦਾ ਪਹਿਲਾ ਪੰਜਾਬੀ ਅੰਕ ਪ੍ਰਕਾਸ਼ਤ ਹੋਇਆ। ਸ਼ਹੀਦ ਕਰਤਾਰ ਸਿੰਘ ਸਰਾਭਾ ਪੰਜਾਬੀ ਭਾਗ ਦੇ ਸੰਪਾਦਕ ਸਨ ਅਤੇ ਲਾਲਾ ਹਰਦਿਆਲ ਅੰਗਰੇਜ਼ੀ ਹਿੱਸੇ ਦੇ। 'ਗ਼ਦਰ' ਦੇ ਸੰਪਾਦਕ ਕਰਤਾਰ ਸਿੰਘ ਸਰਾਭਾ ਮਗਰੋਂ ਭਾਰਤ ਜਾ ਕੇ 1915 ਈ. ਵਿਚ ਕੌਮੀ ਆਜ਼ਾਦੀ ਦੇ ਸੰਘਰਸ਼ 'ਚ ਸ਼ਹੀਦੀ ਪਾ ਗਏ। ਪੰਜਾਬੀ ਹਫ਼ਤਾਵਾਰੀ 'ਗ਼ਦਰ' ਦੇ ਮੁੱਢਲੇ ਅੰਕਾਂ ਵਿੱਚ ਗੁਰਬਾਣੀ ਦੀ ਪੰਕਤੀ 'ਜੇ ਚਿੱਤ ਪ੍ਰੇਮ ਖੇਲਣ ਕਾ ਚਾਓ॥ ਸਿਰ ਧਰ ਤਲੀ ਗਲੀ ਮੇਰੀ ਆਓ॥' ਲਿਖੀ ਮਿਲਦੀ ਹੈ। ਤੁਕ ਵਿਚ ਅੱਖ਼ਰੀ ਗ਼ਲਤੀਆਂ ਹੋਣ ਦੇ ਬਾਵਜੂਦ, ਭਗਤ ਕਬੀਰ ਜੀ ਦੇ ਦੋਹਿਰੇ ਦੀ ਸੋਚ 'ਗ਼ਦਰ' ਅਖ਼ਬਾਰ ਵਿੱਚ ਸਪੱਸ਼ਟ ਨਜ਼ਰ ਆਉਂਦੀ ਹੈ। ਗ਼ਦਰ ਅਖ਼ਬਾਰ ਦੀ ਲੋਕਪ੍ਰਿਅਤਾ ਦਾ ਸਬੂਤ ਇਸ ਤੱਥ ਤੋਂ ਮਿਲਦਾ ਹੈ ਕਿ ਇਹ ਅੱਠ ਵੱਖ-ਵੱਖ ਭਾਸ਼ਾਵਾਂ ਰਾਹੀਂ, ਅਮਰੀਕਾ-ਕੈਨੇਡਾ ਤੋਂ ਲੈ ਕੇ ਫਰਾਂਸ, ਰੂਸ, ਚੀਨ, ਸਿੰਗਾਪੁਰ ਤੇ ਫਿਲਪਾਈਨ ਤੱਕ ਪੜ੍ਹਿਆ ਜਾਂਦਾ ਸੀ। ਸੰਨ 1916 ਤੱਕ ਹਫਤਾਵਰੀ ਗ਼ਦਰ ਦੀ ਪ੍ਰਕਾਸ਼ਨਾ 8 ਲੱਖ ਤੱਕ ਪੁੱਜੀ ਦੱਸੀ ਜਾਂਦੀ ਹੈ। ਇਸ ਦੌਰਾਨ ਗ਼ਦਰੀ ਯੋਧਿਆਂ ਦੇ ਪਹਿਲੇ ਸੰਸਾਰ ਯੁੱਧ ਦੌਰਾਨ, ਭਾਰਤ ਜਾ ਕੇ ਆਜ਼ਾਦੀ ਦੀ ਜੰਗ 'ਚ ਕੁੱਦਣ ਮਗਰੋਂ, ਗ਼ਦਰ ਅਖ਼ਬਾਰ ਗੰਭੀਰ ਚੁਣੌਤੀਆਂ ਦਾ ਸ਼ਿਕਾਰ ਹੋਣ ਕਾਰਨ ਸੰਨ 1918 ਈ. ਵਿਚ ਛਪਣਾ ਬੰਦ ਹੋ ਗਿਆ, ਭਾਵੇਂ ਮਾਰਚ 1929 ਈ. ਵਿਚ 'ਹਿੰਦੁਸਤਾਨੀ ਗ਼ਦਰ' ਦੇ ਨਾਂ ਹੇਠ ਇਸ ਨੂੰ ਮੁੜ ਪ੍ਰਕਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਹੁਣ ਤੱਕ 'ਗ਼ਦਰ' ਦੇ ਮਿਲਦੇ ਅੰਕਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਦਾ ਪ੍ਰਕਾਸ਼ਨ ਕਾਲ 1913 ਤੋਂ ਲੈ ਕੇ 1934 ਤਕ ਸਮੇਂ-ਸਮੇਂ ਜਾਰੀ ਰਿਹਾ।

ਗ਼ਦਰੀ ਬਾਬਿਆਂ ਨੇ ਆਪਣੇ ਇਤਿਹਾਸ ਤੋਂ ਸੇਧ ਲੈਂਦਿਆਂ, ਗ਼ਦਰ ਅਖ਼ਬਾਰ ਰਾਹੀਂ ਪੱਤਰਕਾਰੀ ਨੂੰ ਆਜ਼ਾਦੀ ਪ੍ਰਾਪਤੀ ਲਈ ਵਸੀਲਾ ਬਣਾਇਆ। ਇੱਥੇ ਜ਼ਿਕਰਯੋਗ ਗੱਲ ਇਹ ਹੈ ਕਿ ਕੈਨੇਡਾ ਵਿੱਚ ਗ਼ਦਰ ਅਖ਼ਬਾਰ ਨੂੰ ਥਾਂ-ਥਾਂ ਪਹੁੰਚਾਉਣ ਵਿਚ ਭਾਈ ਕਰਮ ਸਿੰਘ ਬੱਬਰ ਅਕਾਲੀ ਦੀ ਵਿਸ਼ੇਸ਼ ਭੂਮਿਕਾ ਸੀ, ਜਿਨ੍ਹਾਂ ਮਗਰੋਂ ਪੰਜਾਬ ਜਾ ਕੇ

## ਲੇਖ: ਕੈਨੇਡਾ ’ਚ ਪੰਜਾਬੀ ਪੱਤਰਕਾਰੀ ਦਾ ਸਦੀ ਦਾ ਸਫ਼ਰ

ਅੱਜ ਤੋਂ ਸੌ ਸਾਲ ਪਹਿਲਾਂ ਅਗਸਤ 1922 ਨੂੰ ‘ਗ਼ਦਰ ਅਕਾਲੀ ਦੋਆਬਾ’ ਅਖ਼ਬਾਰ ਸ਼ੁਰੂ ਕੀਤਾ, ਜਿਸ ਤੋਂ ਸੇਧ ਲੈਂਦਿਆਂ ਚੱਕਰਵਰਤੀ ਜਥੇ ਦੇ ਆਗੂਆਂ ਨੇ ਜਥੇਬੰਦੀ ਦਾ ਨਾਂ ‘ਬੱਬਰ ਅਕਾਲੀ’ ਰੱਖਿਆ। ਕੈਨੇਡਾ ਤੋਂ ਗਏ ਕਰਮ ਸਿੰਘ ਬੱਬਰ 1 ਸਤੰਬਰ 1923 ਨੂੰ ਪੰਜਾਬ ਵਿਚ ਸ਼ਹੀਦ ਹੋ ਗਏ। ਇਉਂ ਇਹ ਮਹਾਨ ਯੋਧਾ ਕੈਨੇਡਾ ਦੀ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦਾ ਸ਼ਹੀਦ ਪੱਤਰਕਾਰ ਹੈ।

ਕੈਨੇਡਾ ’ਚ ਪੰਜਾਬੀ ਮਾਧਿਅਮ ’ਚ ਵੱਖ-ਵੱਖ ਸੰਸਥਾਵਾਂ ਵਲੋਂ ਵੀ ਸਮਾਚਾਰ ਪੱਤਰ ਛਾਪਣੇ ਸ਼ੁਰੂ ਕੀਤੇ ਗਏ, ਜਿਹਨਾਂ ਦਾ ਵਿਸ਼ਾ ਖੇਤਰ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸੀ। ਸੰਨ 1942 ਈ। ਵਿਚ ਖਾਲਸਾ ਦੀਵਾਨ ਸੁਸਾਇਟੀ ਵਲੋਂ ਛਪਣ ਵਾਲਾ ਸਮਾਚਾਰ ‘ਸੋਸ਼ਲ ਸੁਧਾਰ’ ਅਜਿਹਾ ਹੀ ਇੱਕ ਯਤਨ ਕਿਹਾ ਜਾ ਸਕਦਾ ਹੈ। ਇਸ ਵਿਚ ਭਾਰਤੀ ਲੋਕਾਂ ਲਈ ਵੋਟ ਪਾਉਣ ਦੇ ਹੱਕ, ਧਾਰਮਕਿ ਚੇਤਨਾ ਲਈ ਉਤਸ਼ਾਹ, ਸਮਾਜਕਿ ਸੁਧਾਰ ਅਤੇ ਨਵੇਂ ਸਮਾਜ ਦੀ ਸਿਰਜਣਾ ਆਦਿ ਪ੍ਰਮੁੱਖ ਵਿਸ਼ੇ ਸਨ। ਇਸ ਦੌਰਾਨ ਲੰਮਾ ਸਮਾਂ ਅਜਿਹਾ ਆਇਆ, ਜਦੋਂ ਕੈਨੇਡਾ ਦੀ ਪੰਜਾਬੀ ਪੱਤਰਕਾਰੀ ਅੰਦਰ ਖੜੋਤ ਨਜ਼ਰ ਆਈ। 2 ਅਪ੍ਰੈਲ 1947 ਈ. ਵਿਚ ਭਾਰਤੀਆਂ ਨੂੰ ਕੈਨੇਡਾ ਵਿਚ ਵੋਟ ਪਾਉਣ ਦਾ ਹੱਕ ਮਿਲਿਆ, ਜਦਕਿ 14-15 ਅਗਸਤ 1947 ਈ। ਨੂੰ ਅੰਗਰੇਜ਼ਾਂ ਨੇ ਭਾਰਤ ਨੂੰ ਦੋ ਹਿੱਸਿਆਂ ’ਚ ਵੰਡ ਕੇ ਉਜਾੜਣ ਮਗਰੋਂ, ਸਾਮਰਾਜੀ ਕਬਜ਼ਾ ਛੱਡਣ ਦਾ ਫੈਸਲਾ ਲਿਆ। ਉਸ ਸਮੇਂ ਕੈਨੇਡਾ ਵਿਚ 1948 ਈ. ਵਿਚ ਬੀ. ਸੀ. ਦੇ ਸ਼ਹਿਰ ਪੋਰਟ ਅਲਬਰਨੀ ਤੋਂ ਮਾਸਿਕ ਪੱਤਰ ‘ਦਾ ਕੈਨੇਡੀਅਨ ਖਾਲਸਾ’ ਛਪਣਾ ਸ਼ੁਰੂ ਹੋਇਆ, ਜਿਸ ਦੇ ਸੰਪਾਦਕ ਗਿਆਨੀ ਤਾਰਾ ਸਿੰਘ ਸਨ। ਇਸ ਦਾ ਵਿਸ਼ਾ ਧਰਮ ਤੇ ਸਿਆਸਤ ਸੀ ਅਤੇ ਦੋ ਸਾਲਾਂ ਮਗਰੋਂ ਇਹ ਸਮਾਚਾਰ ਪੱਤਰ ਛਪਣਾ ਬੰਦ ਹੋ ਗਿਆ। ਅੰਗਰੇਜ਼ੀ ਵਿੱਚ ਵੀ ਵੈਨਕੂਵਰ ਤੋਂ ਕੁਝ ਮਹੀਨਾਵਾਰ ਸਮਾਚਾਰ ਪੱਤਰ ਪ੍ਰਕਾਸ਼ਤ ਹੁੰਦੇ ਰਹੇ, ਜਿਨ੍ਹਾਂ ਵਿਚ ਤਾਰਿਕ ਨਾਥ ਵੱਲੋਂ ‘ਦਾ ਫਰੀ ਹਿੰਦੋਸਤਾਨ’, ਹੁਸੈਨ ਰਹੀਮ ਵੱਲੋਂ ‘ਦਾ ਹਿੰਦੁਸਤਾਨੀ’ ਅਤੇ ਡਾ. ਸੁੰਦਰ ਸਿੰਘ ਦਾ ‘ਆਰੀਅਨ’ ਸ਼ਾਮਲ ਹਨ।

ਲਗਭਗ ਇੱਕ ਦਹਾਕੇ ਮਗਰੋਂ ਵੈਨਕੂਵਰ ਤੋਂ ਇੱਕ ਹੋਰ ਮਹੀਨਾਵਾਰ ਪੱਤਰ ‘ਦਾ ਕੈਨੇਡੀਅਨ ਸਿੱਖ’ ਗਿਆਨ ਸਿੰਘ ਥਿੰਦ ਵਲੋਂ ਸੰਨ 1961 ਈ. ਵਿਚ ਕੱਢਿਆ ਗਿਆ। ਦਿਲਚਸਪ ਗੱਲ ਇਹ ਹੈ ਕਿ ਸੰਨ 1953 ਵਿਚ ਕੈਨੇਡਾ ਦੇ ਮੋਂਟਰੀਅਲ ਸ਼ਹਿਰ ਵਿੱਚ ਆਏ ਜਹਾਜ਼ਾਂ ਦੇ ਇੰਜਨੀਅਰ, ਗਿਆਨ ਸਿੰਘ ਥਿੰਦ ਨੂੰ ਪੰਜਾਬੀ ਨਹੀਂ ਸੀ ਆਉਂਦੀ, ਪਰ ਉਨ੍ਹਾਂ 1958 ਵਿਚ, ਬ੍ਰਿਟਿਸ਼ ਕੋਲੰਬੀਆ ਵਿਚ ਆ ਕੇ ਰਹਿਣ ਦਾ ਫ਼ੈਸਲਾ ਕੀਤਾ ਅਤੇ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਗਿਆਨੀ ਸੁਜਾਨ ਸਿੰਘ ਤੋਂ ਪੰਦਰਾਂ ਦਿਨਾਂ ਵਿੱਚ ਪੰਜਾਬੀ ਅਤੇ ਗੁਰਮੁਖੀ ਸਿੱਖੀ।

## ਲੇਖ: ਕੈਨੇਡਾ 'ਚ ਪੰਜਾਬੀ ਪੱਤਰਕਾਰੀ ਦਾ ਸਦੀ ਦਾ ਸਫ਼ਰ

ਇਉਂ ਗਿਆਨ ਸਿੰਘ ਥਿੰਦ ਨੇ ਕੈਨੇਡਾ ਵੱਸਦੇ ਪੰਜਾਬੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ, ਮਿਹਨਤ ਨਾਲ ਇਹ ਹੱਥ ਲਿਖਤ ਪਰਚਾ ਕੱਢਿਆ। 'ਕੈਨੇਡੀਅਨ ਸਿੱਖ' ਦੇ ਮੁੱਖ ਪੰਨੇ ਤੇ ਇਹ ਲਿਖਿਆ ਮਿਲਦਾ ਹੈ : ੴ ਸਤਿਗੁਰ ਪ੍ਰਸਾਦਿ ॥ ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥'

ਇਸ ਲੇਖਕ ਨੂੰ ਗਿਆਨ ਸਿੰਘ ਥਿੰਦ ਨਾਲ ਮਿਲਣ ਦਾ ਸੁਭਾਗ ਮਿਲਿਆ, ਜਿਸ ਦੌਰਾਨ ਪੱਤਰਕਾਰ ਨੇ ਦੱਸਿਆ ਕਿ 'ਦਾ ਕੈਨੇਡੀਅਨ ਸਿੱਖ' ਕੈਨੇਡਾ ਦੀ ਰਾਜਨੀਤੀ, ਪਰਵਾਸ ਦੀਆਂ ਸਮੱਸਿਆਵਾਂ, ਪਿੱਛੇ ਦੇਸ਼ ਅੰਦਰ ਪੰਜਾਬੀ ਬੋਲੀ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਕੈਨੇਡਾ ਵਿਚ ਨਸਲਵਾਦੀ ਵਿਤਕਰੇ ਖ਼ਿਲਾਫ਼ ਭਾਈਚਾਰੇ ਦੀ ਆਵਾਜ਼ ਬਣਿਆ। ਇਸ ਅਖ਼ਬਾਰ ਦੇ ਅੰਕ ਵੱਖ-ਵੱਖ ਪਹਿਲੂਆਂ ਨੂੰ ਬਿਆਨ ਕਰਦੇ ਹਨ। ਇਹ 1962 ਈ. ਤੱਕ ਪ੍ਰਕਾਸ਼ਿਤ ਹੁੰਦਾ ਰਿਹਾ, ਜਦਕਿ ਇਸ ਦੇ ਸੰਪਾਦਕ ਗਿਆਨ ਸਿੰਘ ਥਿੰਦ 2020 ਵਿਚ ਚੱਲ ਵਸੇ। ਕੈਨੇਡਾ ਦੀ ਪੰਜਾਬੀ ਪੱਤਰਕਾਰੀ ਵਿੱਚ 'ਦਾ ਕੈਨੇਡੀਅਨ ਸਿੱਖ' ਉਸਾਰੂ ਸਾਹਿਤਕ ਲਿਖਤਾਂ ਨੂੰ ਛਾਪਦਾ ਹੋਇਆ, ਪੰਜਾਬੀ ਬੋਲੀ ਤੇ ਸਾਹਿਤ ਦਾ ਹਿਤੈਸ਼ੀ ਹੋ ਨਿਬੜਦਾ ਹੈ।

ਕੈਨੇਡਾ ਵਿਚ 1965 ਈ. ਵਿਚ ਇੰਦਰਜੀਤ ਸਿੰਘ ਕੋਹਲੀ ਵਲੋਂ 'ਇੰਡੋ ਕੈਨੇਡੀਅਨ' ਪੰਦਰਵਾੜਾ ਸਮਾਚਾਰ ਪੱਤਰ ਕੱਢਿਆ ਗਿਆ, ਪਰ ਕੁਝ ਸਮੇਂ 'ਚ ਹੀ ਇਹ ਮਹੀਨਾਵਾਰ ਪੱਤਰ 'ਚ ਬਦਲ ਗਿਆ ਤੇ 1967 ਈ. ਵਿਚ ਬੰਦ ਹੋ ਗਿਆ। ਸੰਨ 1968 ਈ. ਵਿਚ ਤਾਰਾ ਸਿੰਘ ਬੈਂਸ ਵਲੋਂ ਵੈਨਕੂਵਰ ਤੋਂ 'ਪੰਜਾਬੀ ਵੀਕਲੀ' ਕੱਢਿਆ ਗਿਆ, ਜੋ ਕਦੇ-ਕਦੇ ਪੰਦਰਵਾੜੇ ਦੇ ਰੂਪ 'ਚ ਛਪਦਾ ਰਿਹਾ ਅਤੇ 1969 ਈ. ਵਿਚ ਪ੍ਰਕਾਸ਼ਤ ਹੋਣਾ ਬੰਦ ਹੋ ਗਿਆ। ਸੰਨ 1970 ਤੱਕ ਦਾ ਸਮਾਂ ਕੈਨੇਡਾ 'ਚ ਪੰਜਾਬੀ ਪੱਤਰਕਾਰੀ ਦੀ 'ਮੱਠੀ ਚਾਲ ਦਾ ਕਾਲ' ਕਿਹਾ ਜਾ ਸਕਦਾ ਹੈ।

ਕੈਨੇਡਾ 'ਚ ਪੰਜਾਬੀ ਮੀਡੀਏ ਦਾ ਅਗਲਾ ਪੜਾਓ ਸੱਤਰਵਿਆਂ ਤੋਂ ਆਰੰਭ ਹੁੰਦਾ ਹੈ। ਕੈਨੇਡੀਅਨ ਸਰਕਾਰ ਦੀ ਸਮਕਾਲੀ ਪਰਵਾਸ ਨੀਤੀ ਦਾ ਫਾਇਦਾ ਉਠਾਉਂਦੇ ਹੋਏ, ਹਜ਼ਾਰਾਂ ਪੰਜਾਬੀਆਂ ਨੇ ਇੱਥੇ ਡੇਰੇ ਜਮਾਏ। ਇਨ੍ਹਾਂ ਪੰਜਾਬੀਆਂ ਵਿਚ ਸਾਹਿਤ ਤੇ ਪੱਤਰਕਾਰੀ ਦਾ ਮਾਦਾ ਰੱਖਣ ਵਾਲੇ ਪੰਜਾਬੀ ਹਿਤੈਸ਼ੀ ਵਿਅਕਤੀ ਵੀ ਸ਼ਾਮਲ ਸਨ, ਜਿਹਨਾਂ ਸੰਸਾਰ ਭਰ 'ਚ ਵਾਪਰਦੀਆਂ ਘਟਨਾਵਾਂ, ਸਿਆਸੀ ਸਰਗਰਮੀਆਂ ਤੇ ਸਾਹਿਤਕ ਰੁਚੀਆਂ ਨੂੰ ਮੁੱਖ ਰੱਖਿਆ। ਇਸ ਦੌਰ ਵਿਚ ਪੰਜਾਬੀ ਸਾਹਿਤਕ ਪੱਤਰਕਾਰੀ ਦਾ ਵਿਕਾਸ ਹੋਇਆ। ਅਗਾਂਹਵਧੂ ਖਿਆਲਾਂ ਨੂੰ ਪ੍ਰਣਾਏ ਹੋਏ ਅਤੇ ਕੈਨੇਡਾ ਵਿਚ ਹਿੰਦੁਸਤਾਨੀ ਗ਼ਦਰ ਪਾਰਟੀ (ਮਾਰਕਸ-ਲੈਨਨ) ਦੀ ਨੀਂਹ ਰੱਖਣ ਵਾਲੇ ਡਾ ਹਰਦਿਆਲ ਬੈਂਸ ਵਲੋਂ ਸੰਨ 1968 ਤੋਂ ਛਾਪੇ ਜਾਂਦੇ 'ਚੰਗਾਰੀ' ਅਤੇ ਈਸਟ ਇੰਡੀਅਨ ਡਿਫੈਂਸ ਕਮੇਟੀ ਦੇ ਆਗੂਆਂ ਵੱਲੋਂ 1973 ਈ. ਤੋਂ ਕੱਢੇ ਜਾਂਦੇ ਪਰਚੇ 'ਲੋਕ ਆਵਾਜ਼'

ਦਾ ਕਾਲ, ਸੰਨ 1987 ਤੱਕ ਦਾ ਕਿਹਾ ਜਾ ਸਕਦਾ ਹੈ। ਇਨ੍ਹਾਂ ਸਮਾਚਾਰ ਪੱਤਰਾਂ ਦੀਆਂ ਕੈਨੇਡਾ ਸਰਕਾਰ ਅਤੇ ਭਾਰਤ ਸਰਕਾਰ ਖ਼ਿਲਾਫ ਸੰਪਾਦਕੀਆਂ ਕਾਰਨ ਹਰਦਿਆਲ ਸਿੰਘ ਬੈਂਸ ਨੂੰ ਪੱਚੀ ਸਾਲ ਤਕ ਕੈਨੇਡੀਅਨ ਸਿਟੀਜ਼ਨਸ਼ਿਪ ਨਹੀਂ ਮਿਲੀ ਅਤੇ ਹਰਭਜਨ ਚੀਮਾ ਨੂੰ ਵੀ ਪੰਜ ਸਾਲ ਤੋਂ ਵੱਧ ਸਮਾਂ ਅਜਿਹੀ ਰੁਕਾਵਟ ਦਾ ਸਾਹਮਣਾ ਕਰਨਾ ਪਿਆ। ਸੰਨ 1976 ਵਿੱਚ ਹਰਭਜਨ ਚੀਮਾ ਦੀ ਅਗਵਾਈ ਵਿੱਚ 'ਲੋਕ ਆਵਾਜ਼' ਅਖ਼ਬਾਰ ਨੂੰ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਇੱਕ ਆਗੂ ਡਾ ਗੁਰਦੇਵ ਸਿੰਘ ਗਿੱਲ 'ਤੇ ਇਤਿਹਾਸਕ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸੈਕਿੰਡ ਐਵੇਨਿਊ ਵੈਨਕੂਵਰ ਨੂੰ ਵੇਚਣ ਦੇ ਲਾਏ ਦੋਸ਼ਾਂ ਕਾਰਨ, ਕਾਨੂੰਨ ਦਾ ਸਾਹਮਣਾ ਵੀ ਕਰਨਾ ਪਿਆ। ਸਰਕਾਰੀ ਨੀਤੀਆਂ ਦੇ ਜਬਰ ਦਾ ਸਾਹਮਣਾ ਕਰਨ ਵਾਲੇ ਇਨ੍ਹਾਂ ਸਮਾਚਾਰ ਪੱਤਰਾਂ ਦੀ ਭੂਮਿਕਾ ਇਤਿਹਾਸਕ ਮਹੱਤਵ ਰੱਖਦੀ ਹੈ।

ਇਸ ਦੌਰ ਦੀ ਪੰਜਾਬੀ ਪੱਤਰਕਾਰੀ 'ਚ 1972 ਈ. ਵਿਚ ਵੈਨਕੂਵਰ ਤੋਂ ਪ੍ਰਕਾਸ਼ਤਿ ਹੋਏ ਮਹੀਨਾਵਾਰ ਪੱਤਰ 'ਜੀਵਨ ਸਾਂਝਾਂ' ਦਾ ਜ਼ਿਕਰਯੋਗ ਸਥਾਨ ਹੈ, ਜਿਸ ਮਗਰੋਂ ਬੜੀ ਤੇਜ਼ੀ ਨਾਲ ਅਖਬਾਰ 'ਤੇ ਰਸਾਲੇ ਛਪਣੇ ਸ਼ੁਰੂ ਹੋ ਗਏ। ਗੁਰਦਿਆਲ ਸਿੰਘ ਕੰਵਲ ਵਲੋਂ ਸ਼ੁਰੂ ਕੀਤੇ 'ਜੀਵਨ ਸਾਂਝਾਂ' ਨਾਂ ਦੇ ਸਾਹਤਿਕ ਪੱਤਰ ਦਾ ਪ੍ਰਕਾਸ਼ਨ ਇੱਕ ਸਾਲ ਅੰਦਰ ਹੀ ਬਦਲ ਕੇ, ਇਸ ਨੂੰ ਸਮਾਚਾਰ ਪੱਤਰ ਵਜੋਂ 'ਨਵੀਂ ਧਰਤੀ' ਦਾ ਨਾਂ ਦੇ ਦਿੱਤਾ ਗਿਆ, ਜਿਸ ਦਾ ਪ੍ਰਕਾਸ਼ਨ ਸਾਲ 1974 ਤੱਕ ਚਲਦਾ ਰਿਹਾ। ਮਗਰੋਂ ਨਵੀਂ ਧਰਤੀ ਸ. ਕੰਵਲ ਵਲੋਂ ਟਰਾਂਟੋ ਤੋਂ ਅਖ਼ਬਾਰ ਵਜੋਂ ਛਾਪਣਾ ਸ਼ੁਰੂ ਕਰ ਦਿੱਤਾ ਗਿਆ, ਜੋ ਕਿ ਸੰਪਾਦਕ ਅਨੁਸਾਰ 1998 ਈ. ਤੱਕ ਛਪਦਾ ਰਿਹਾ।

ਵੈਨਕੂਵਰ ਤੋਂ ਹੀ ਜੁਲਾਈ 1973 ਈਸਵੀ ਵਿਚ ਪੰਜਾਬੀ ਸਾਹਤਿਕ ਪੱਤਰ 'ਵਤਨੋਂ ਦੂਰ' ਸ਼ੁਰੂ ਹੋਇਆ, ਜਿਸ 'ਤੇ ਸੰਪਾਦਕ ਸੁਰਿੰਦਰਪਾਲ ਸਿੰਘ ਧੰਜਲ ਅਤੇ ਪ੍ਰਕਾਸ਼ਕ ਤਾਰਾ ਸਿੰਘ ਹੇਅਰ ਦੇ ਨਾਂ ਲਿਖੇ ਮਿਲਦੇ ਹਨ। ਸਾਹਿਤ ਅਤੇ ਸਿਆਸਤ 'ਤੇ ਕੇਂਦਰਤਿ ਰਸਾਲੇ 'ਵਤਨੋਂ ਦੂਰ' ਦੇ ਸੰਪਾਦਨ ਕਾਰਜ ਦੀ ਜ਼ਿੰਮੇਵਾਰੀ ਮਗਰੋਂ ਸਾਧੂ ਬਿੰਨੰਗ ਅਤੇ ਸੁਖਵੰਤ ਹੁੰਦਲ ਲਗਾਤਾਰ ਨਿਭਾਉਂਦੇ ਰਹੇ ਹਨ। ਕੈਨੇਡਾ ਦੀ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ 'ਵਤਨੋਂ ਦੂਰ' ਨੇ ਅਪ੍ਰੈਲ 1986 ਤੱਕ ਮਹੀਨਾਵਾਰ ਪੱਤਰ ਅਤੇ ਦੋ-ਮਾਸਿਕ ਪੰਜਾਬੀ ਰਸਾਲੇ ਦੇ ਰੂਪ ਵਿੱਚ ਵਡਮੁੱਲਾ ਯੋਗਦਾਨ ਪਾਇਆ। ਤਿੰਨ ਸਾਲ ਤੱਕ ਰੁਕਣ ਮਗਰੋਂ, ਸੰਨ 1989 ਤੋਂ ਨਵੇਂ ਨਾਂ 'ਵਤਨ' ਹੇਠ ਇਹ ਸਮਗਰੀ ਇੰਟਰਨੈਟ ਰਾਹੀਂ ਪਾਠਕਾਂ ਤੱਕ ਪਹੁੰਚਾਈ ਗਈ, ਜੋ ਤ੍ਰੈ ਮਾਸਿਕ ਪੱਤਰ ਦੇ ਰੂਪ ਵਿੱਚ ਇੰਟਰਨੈੱਟ ਦੇ ਜ਼ਰੀਏ ਜਾਰੀ ਰਿਹਾ ਹੈ।

ਕੈਨੇਡਾ ਦੀ ਪੱਤਰਕਾਰੀ ਦਾ ਇਹ ਦੌਰ ਗੁੱਟਬੰਦੀ ਦਾ ਸ਼ਿਕਾਰ ਵੀ ਰਿਹਾ, ਜਿਸ ਦੀ ਮਿਸਾਲ ਇੱਕ ਗਰੁੱਪ ਦੇ ਵਿਰੋਧ 'ਚ ਦੂਜੇ ਵਲੋਂ ਸ਼ੁਰੂ ਕੀਤੇ ਅਖ਼ਬਾਰ ਹਨ।

## ਲੇਖ: ਕੈਨੇਡਾ 'ਚ ਪੰਜਾਬੀ ਪੱਤਰਕਾਰੀ ਦਾ ਸਦੀ ਦਾ ਸਫ਼ਰ

ਜਨਵਰੀ 1973 ਵਿਚ ਵੈਨਕੂਵਰ ਤੋਂ ਮਹੀਨਾਵਾਰ ਪੱਤਰ 'ਪੂਰਬ ਪ੍ਰਕਾਸ਼' ਅਮਰੀਕ ਸਿੰਘ ਭੰਵਰਾ ਵਲੋਂ ਸ਼ੁਰੂ ਕੀਤਾ ਗਿਆ, ਜੋ ਕਰੀਬ ਅੱਠ ਮਹੀਨੇ ਚੱਲ ਕੇ ਬੰਦ ਹੋ ਗਿਆ। ਉਧਰ ਤਬਦੀਲੀ ਦਾ ਦਾਅਵਾ ਕਰਦਿਆਂ 1973 ਈ. ਵਿਚ ਇੱਥੋਂ ਹੀ 'ਪਰਿਵਰਤਨ' ਕਰਮ ਸਿੰਘ ਧਨਵੰਤ ਦੀ ਅਗਵਾਈ 'ਚ ਕੱਢਿਆ ਗਿਆ, ਜਿਸ ਦਾ ਸਹਿਯੋਗ ਖ਼ਾਲਸਾ ਦੀਵਾਨ ਸੁਸਾਇਟੀ ਦੇ ਸਾਬਕਾ ਆਗੂ ਡਾ. ਗੁਰਦੇਵ ਸਿੰਘ ਗਿੱਲ ਨੇ ਦਿੱਤਾ, ਪਰ 'ਪਰਿਵਰਤਨ' ਭਾਰਤ ਅੰਦਰ ਇੰਦਰਾ ਗਾਂਧੀ ਰਾਜ ਕਾਲ ਦੌਰਾਨ ਲੱਗੀ ਐਮਰਜੈਂਸੀ ਦੌਰਾਨ ਇੰਦਰਾ ਸਮਰਥਕ ਅਤੇ ਐਮਰਜੈਂਸੀ ਪੱਖੀ ਦੋਸ਼ਾਂ ਕਾਰਨ ਜਨਤਕ ਸਹਿਯੋਗ ਗੁਆ ਬੈਠਿਆ ਅਤੇ 1975 ਈ. ਦੇ ਐਮਰਜੈਂਸੀ ਵਿਵਾਦਾਂ ਦੀ ਭੇਟ ਚੜ੍ਹ ਗਿਆ। ਟਰਾਂਟੋ ਤੋਂ 1975 ਈ. ਵਿਚ ਪੰਦਰਾਂ-ਰੋਜ਼ਾ ਪੰਜਾਬੀ ਸਮਾਚਾਰ ਪੱਤਰ 'ਪੰਜਾਬੀ ਏਸ਼ੀਆ ਟਾਈਮਜ਼' ਸ਼ੁਰੂ ਕੀਤਾ ਗਿਆ, ਜਿਸ ਦੇ ਸੰਪਾਦਕ ਤਰਲੋਚਨ ਸਿੰਘ ਗਿੱਲ ਅਤੇ ਮਨਜੀਤ ਸਿੰਘ ਕਲਸੀ ਸਨ। ਇਹ ਸਾਹਿਤ, ਸਮਾਜ ਅਤੇ ਸਿਆਸਤ ਨਾਲ ਸਬੰਧਤ ਵਿਸ਼ਿਆਂ 'ਤੇ ਆਧਾਰਤ ਸੀ। ਵੈਨਕੂਵਰ ਤੋਂ 'ਰਣਜੀਤ' ਨਾਮਕ ਪੰਦਰਾਂ-ਰੋਜ਼ਾ ਪੰਜਾਬੀ ਪਰਚਾ ਨਰਿੰਦਰ ਸਿੰਘ ਜੌਹਲ ਵੱਲੋਂ ਵਿੱਚ ਕੱਢਿਆ ਗਿਆ, ਜਿਸ ਵਿੱਚ ਪੰਜਾਬ ਦੀ ਰਾਜਨੀਤੀ ਨਾਲ ਸਬੰਧਿਤ ਭਖਦੇ ਮਸਲੇ ਮੁੱਖ ਸਮਗਰੀ ਵਜੋਂ ਅੰਕਿਤ ਸਨ। ਪੰਜਾਬੀ ਸਾਹਿਤ ਨਾਲ ਸਬੰਧਿਤ ਇੱਕ ਹੋਰ ਮਹੀਨਾਵਰ ਪੱਤਰ 'ਸਫ਼ਰ' ਵੈਨਕੂਵਰ ਤੋਂ ਹੀ ਚਰਨਜੀਤ ਸਿੰਘ ਸਿੱਧੂ ਵੱਲੋਂ ਕੱਢਿਆ ਗਿਆ, ਜਿਸ ਵਿੱਚ ਜ਼ਿਆਦਾਤਰ ਸਾਹਿਤਕ ਲੇਖ ਛਪਦੇ ਸਨ।

ਵੈਨਕੂਵਰ ਤੋਂ ਮਹੀਨਾਵਾਰ ਮੈਗਜ਼ੀਨ 'ਦਾ ਵੈਸਟਰਨ ਸਿੱਖ ਸਮਾਚਾਰ' 1975 ਵਿਚ ਸ਼ੁਰੂ ਹੋਇਆ, ਜਿਸ ਦੇ ਸੰਪਾਦਕ ਹਰਦਿਆਲ ਸਿੰਘ ਜੌਹਲ, ਰੇਸ਼ਮ ਸਿੰਘ ਸੰਧਰ, ਹਰਜਿੰਦਰ ਸਿੰਘ ਪੰਧੇਰ ਅਤੇ ਡਾ. ਪੂਰਨ ਸਿੰਘ ਗਿੱਲ ਵੱਖ-ਵੱਖ ਸਮੇਂ ਰਹੇ। ਮਗਰੋਂ ਇਹ ਮੈਗਜ਼ੀਨ 'ਸਿੱਖ ਸਮਾਚਾਰ' ਦੇ ਨਾਮ 'ਤੇ ਵੀ ਛਪਦਾ ਰਿਹਾ ਅਤੇ 12 ਕੁ ਸਾਲ ਮਗਰੋਂ ਇਸ ਦਾ ਪ੍ਰਕਾਸ਼ਨ ਬੰਦ ਹੋਇਆ। ਕੈਨੇਡੀਅਨ ਸਿੱਖ ਸਟੱਡੀਜ਼ ਅਤੇ ਟੀਚਿੰਗ ਸੁਸਾਇਟੀ ਵਲੋਂ ਤ੍ਰੈਮਾਸਿਕ ਰਸਾਲਾ 'ਸਿੱਖ ਮਾਰਗ' 1988 ਈ. ਤੋਂ ਪ੍ਰਕਾਸ਼ਤ ਹੋ ਰਿਹਾ ਹੈ। ਪੰਜਾਬੀ ਬੋਲੀ ਦੇ ਨਾਲ-ਨਾਲ, ਕੁਝ ਅੰਗਰੇਜ਼ੀ ਪੰਨਿਆਂ ਰਾਹੀਂ ਕੈਨੇਡੀਅਨ ਜੰਮਪਲ ਬੱਚਿਆਂ ਨੂੰ ਵਿਰਸੇ ਅਤੇ ਸਾਹਿਤ ਨਾਲ ਜੋੜਨਾ ਅਤੇ ਕੈਨੇਡਾ ਵਿੱਚ ਰਹਿੰਦਿਆਂ ਆਪਣੀ ਵਿਰਾਸਤ ਨੂੰ ਕਾਇਮ ਰੱਖਣਾ, ਸਿੱਖ ਮਾਰਗ ਦਾ ਮੂਲ ਮਨੋਰਥ ਕਿਹਾ ਜਾ ਸਕਦਾ ਹੈ।

ਅਕਤੂਬਰ 1976 ਈ. ਵਿਚ ਵੈਨਕੂਵਰ ਤੋਂ 'ਲੋਕਤਾ' ਮਾਸਕ ਸਾਹਤਿਕ ਪੱਤਰ ਅਮਰਜੀਤ ਸੂਫ਼ੀ ਵਲੋਂ ਸ਼ੁਰੂ ਕੀਤਾ ਗਿਆ, ਜਿਸ ਵਿਚ ਖੱਬੇ-ਪੱਖੀ ਸਿਆਸੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਹੁੰਦਾ ਹੈ। ਟਰਾਂਟੋ ਤੋਂ ਹਫਤਾਵਰੀ ਪੰਜਾਬੀ ਅਖ਼ਬਾਰ

'ਪ੍ਰਦੇਸੀ ਪੰਜਾਬ' ਗੁਰਦੀਪ ਸਿੰਘ ਦੀ ਸੰਪਾਦਨਾ ਹੇਠ ਛਪਣਾ ਆਰੰਭ ਹੋਇਆ, ਜਿਸ ਵਿਚ ਘਟਨਾਵਾਂ ਅਤੇ ਖ਼ਬਰਾਂ ਨੂੰ ਪ੍ਰਮੁੱਖ ਥਾਂ ਦਿੱਤੀ ਜਾਂਦੀ ਰਹੀ। ਸੰਨ 1978 ਵਿਚ ਮਾਲਟਨ ਤੋਂ ਪ੍ਰਕਾਸ਼ਤ ਹੁੰਦੇ ਸਪਤਾਹਕ ਅਖਬਾਰ 'ਸਾਂਝ ਸਵੇਰਾ' ਦੇ ਮੋਢੀ ਸੰਪਾਦਕ ਗੁਰਮੇਲ ਸਿੰਘ ਬਰਾੜ ਬਣੇ ਅਤੇ ਮਗਰੋਂ ਸਾਂਝ ਸਵੇਰਾ ਦੀ ਸੰਪਾਦਕੀ ਜ਼ਿੰਮੇਵਾਰੀ ਸੁਖਮਿੰਦਰ ਸਿੰਘ ਹੰਸਰਾ ਅਤੇ ਜਸਪਾਲ ਸਿੰਘ ਬੱਲ ਨੇ ਤਿੰਨ ਦਹਾਕਿਆਂ ਤਕ ਬਾਖ਼ੂਬੀ ਨਿਭਾਈ। ਪੰਜਾਬ 'ਚ ਚੱਲੀ ਖਾੜਕੂ ਲਹਿਰ ਮਗਰੋਂ 'ਸਾਂਝ ਸਵੇਰਾ' ਦਾ ਝੁਕਾਉ ਖਾਲਸਿਤਾਨ ਪੱਖੀ ਹੋ ਗਿਆ ਅਤੇ ਵਿਸ਼ਵ ਸਿੱਖ ਸੰਸਥਾ ਵੀ ਇਸ ਅਖ਼ਬਾਰ ਦੀ ਨਿਗਰਾਨੀ ਕਰਦੀ ਰਹੀ। ਸੰਨ 2007 ਵਿਚ ਨਵੇਂ ਰੋਜ਼ਾਨਾ ਪੰਜਾਬੀ ਪੱਤਰ 'ਪੰਜਾਬੀ ਡੇਲੀ' ਵਿੱਚ ਰਲੇਵਾਂ ਹੋਣ ਕਾਰਨ, 'ਸਾਂਝ ਸਵੇਰਾ' ਬੰਦ ਹੋ ਗਿਆ, ਜਦਕਿ ਹੁਣ 'ਪੰਜਾਬੀ ਡੇਲੀ' ਦਾ ਪ੍ਰਕਾਸ਼ਨ ਵੀ ਬੰਦ ਹੋ ਚੁੱਕਿਆ ਹੈ।

ਕੈਨੇਡਾ ਦੀ ਪੰਜਾਬੀ ਪੱਤਰਕਾਰੀ ਵਿਚ ਇਹ ਅਹਿਮ ਮੋੜ ਕਿਹਾ ਜਾ ਸਕਦਾ ਹੈ, ਜਦੋਂ 24 ਮਾਰਚ ਸੰਨ 1978 ਵਿਚ ਵੈਨਕੂਵਰ ਤੋਂ ਤਾਰਾ ਸਿੰਘ ਹੇਅਰ ਵਲੋਂ 'ਇੰਡੋ ਕੈਨੇਡੀਅਨ ਟਾਇਮਜ਼' ਹਫ਼ਤਾਵਾਰੀ ਪੱਤਰ ਸ਼ੁਰੂ ਕੀਤਾ ਗਿਆ। ਪੰਦਰਾਂ-ਰੋਜ਼ਾ ਪਰਚੇ ਵਜੋਂ ਸ਼ੁਰੂ ਹੋਇਆ ਇੰਡੋ ਕੈਨੇਡੀਅਨ ਟਾਈਮਜ਼ ਤਿੰਨ ਮਹੀਨੇ ਬਾਅਦ ਹਫ਼ਤਾਵਾਰੀ ਪੰਜਾਬੀ ਪੱਤਰ ਵਿੱਚ ਤਬਦੀਲ ਹੋ ਗਿਆ। ਉੱਘੇ ਅਲੋਚਕ ਅਮਰਜੀਤ ਸੂਫ਼ੀ ਅਨੁਸਾਰ ਖਾਲਿਸਤਾਨ ਪੱਖੀ ਲਹਿਰ ਦੇ ਕੈਨੇਡਾ 'ਚ ਉਭਾਰ ਸਮੇਂ ਇਸ ਅਖ਼ਬਾਰ ਉੱਤੇ ਖਾੜਕੂਆਂ ਦੇ ਸਮਰਥਨ ਅਤੇ ਕਮਿਊਨਿਸਟਾਂ ਸਣੇ ਲਹਿਰ ਵਿਰੋਧੀਆਂ ਦੀ ਤਿੱਖੀ ਅਲੋਚਨਾ ਦੇ ਦੋਸ਼ ਲਗਦੇ ਰਹੇ। ਕੈਨੇਡਾ ਵੱਸਦੇ ਸਿੱਖ ਭਾਈਚਾਰੇ ਅੰਦਰ ਉਤੇਜਨਾ ਪੈਦਾ ਕਰਨ ਵਾਲੇ ਅਤੇ ਹਿੰਦੂ ਭਾਈਚਾਰੇ ਅੰਦਰ ਸਹਿਮ ਪੈਦਾ ਕਰਨ ਵਾਲੇ ਅਖ਼ਬਾਰੀ ਸਿਰਲੇਖ ਜਿਵੇਂ ਕਿ 'ਪੰਜਾਬ ਪੁਲਿਸ ਦਾ ਡਾਇਰੈਕਟਰ ਜਨਰਲ ਰਿਬੇਰ' ਰਗੜ ਦਿੱਤਾ (25 ਜਨਵਰੀ 1987), 'ਪੰਜਾਬ ਪ੍ਰਦੇਸ਼ ਕਾਂਗਰਸ ਦਾ ਮੀਤ ਪ੍ਰਧਾਨ ਚੌਧਰੀ ਜਗਤ ਰਾਮ ਉਡਾ ਦਿੱਤਾ' (25 ਸਤੰਬਰ 1987), 'ਡੋਗਰਿਆਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਵਾਲਾ ਸੰਤ ਲੌਂਗੋਵਾਲ ਉਡਾ ਦਿੱਤਾ' (22 ਅਗਸਤ 1986), 'ਪਹਿਲਾ ਨੈਕਸਲਾਈਟ, ਫਿਰ ਸਿੱਖ, ਫਿਰ ਅਕਾਲੀ, ਫਿਰ ਐੱਨਡੀਪੀ ਤੇ ਹੁਣ ਗਾਂਧੀਵਾਦ ਦਾ ਚੇਲਾ, ਨਵੇਂ ਸੂਰਜ ਨਵੀਂ ਪਾਰਟੀ ਵਿਚ ਪ੍ਰਵੇਸ਼ ਕਰਨ ਵਾਲੇ ਉੱਜਲ ਦੁਸਾਂਝ ਨੂੰ ਫੈਂਟਾ ਚਾੜ੍ਹਿਆ, ਸਿਰ ਪਾੜ ਦਿੱਤਾ, ਹੱਥ ਤੋੜ ਦਿੱਤੇ, 80 ਟਾਂਕੇ ਲੱਗੇ' (30 ਅਗਸਤ 1985), 'ਪੰਥਕ ਕਮੇਟੀ ਦੀ ਚੇਤਾਵਨੀ ਜੇ ਬਾਜ ਨਾ ਆਏ ਤਾਂ... ਹਿੰਦੂ ਮੰਦਰ ਉਡਾਵਾਂਗੇ' (15 ਜੁਲਾਈ 1988) ਆਦਿ।

ਇਸ ਤਰ੍ਹਾਂ ਦੀਆਂ ਲਿਖਤਾਂ ਦਾ ਟੂਕ ਮਾਤਰ ਹਵਾਲਾ ਦੇਣਾ ਇਸ ਕਰਕੇ ਵੀ ਜ਼ਰੂਰੀ ਬਣ ਜਾਂਦਾ ਹੈ, ਕਿਉਂਕਿ ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ ਅੰਦਰ ਢਾਹੂ

ਰੁਝਾਨ ਦਾ ਇਸ ਨਾਲ ਮੁੱਢ ਬੱਝਦਾ ਹੈ। ਜ਼ਿਕਰਯੋਗ ਹੈ ਕਿ ਮਗਰੋਂ ਖਾਲਿਸਤਾਨ ਪੱਖੀ ਧਿਰਾਂ ਨਾਲ ਸੰਪਾਦਕ ਦੇ ਸੰਬੰਧ ਵਿਗੜ ਗਏ ਤੇ 'ਇੰਡੋ-ਕੈਨੇਡੀਅਨ ਟਾਈਮਜ਼' ਖਾੜਕੂ ਲਹਿਰ ਦਾ ਵਿਰੋਧ ਕਰਨ ਵਾਲਾ ਪ੍ਰਮੁੱਖ ਅਖ਼ਬਾਰ ਬਣ ਗਿਆ। ਚਾਹੇ 23 ਜੂਨ 1985 ਨੂੰ ਹੋਏ ਏਅਰ ਇੰਡੀਆ ਬੰਬ ਧਮਾਕੇ ਸਮੇਂ ਦੀਆਂ ਤਾਰਾ ਸਿੰਘ ਹੇਅਰ ਦੀਆਂ ਲਿਖਤਾਂ, ਬੰਬ ਧਮਾਕੇ ਲਈ ਭਾਰਤੀ ਏਜੰਸੀਆਂ ਅਤੇ ਖਾੜਕੂਵਾਦ ਵਿਰੋਧੀ ਤੱਤਾਂ ਵੱਲ ਦੋਸ਼ਾਂ ਦੇ ਇਸ਼ਾਰੇ ਕਰਦੀਆਂ ਹਨ, ਪਰ ਨੱਬੇਵਿਆਂ ਵਿਚ ਸੰਪਾਦਕ ਤਾਰਾ ਸਿੰਘ ਹੇਅਰ ਏਅਰ ਇੰਡੀਆ ਬੰਬ ਧਮਾਕੇ ਦਾ ਗਵਾਹ ਬਣ ਜਾਂਦਾ ਹੈ। ਇਸ ਦੌਰਾਨ 18 ਨਵੰਬਰ 1998 ਈ. ਵਿਚ ਇੰਡੋ-ਕੈਨੇਡੀਅਨ ਟਾਈਮਜ਼ ਦੇ ਸੰਪਾਦਕ ਤਾਰਾ ਸਿੰਘ ਹੇਅਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ, ਜੋ ਕਿ ਕੈਨੇਡਾ ਦੀ ਪੰਜਾਬੀ ਪੱਤਰਕਾਰੀ ਦੇ ਇਤਿਹਾਸ 'ਚ ਦਰਦਨਾਕ ਘਟਨਾ ਸੀ। ਤਾਰਾ ਸਿੰਘ ਹੇਅਰ ਮਗਰੋਂ, ਅਖ਼ਬਾਰ ਦੀ ਸੰਪਾਦਕ ਉਨ੍ਹਾਂ ਦੀ ਧੀ ਰੁਪਿੰਦਰ ਕੌਰ ਹੇਅਰ ਬੈਂਸ ਬਣੀ, ਜਿਸ ਦੀ ਅਗਵਾਈ ਵਿੱਚ ਅਖ਼ਬਾਰ ਅੱਜ ਵੀ ਪ੍ਰਕਾਸ਼ਤ ਹੋ ਰਿਹਾ ਹੈ।

ਹਫਤਾਵਾਰੀ ਅਖਬਾਰ 'ਚੜ੍ਹਦੀ ਕਲਾ' ਸੰਨ 1986 ਈ. ਵਿਚ ਵੈਨਕੂਵਰ ਤੋਂ ਸ਼ੁਰੂ ਹੋਇਆ, ਇਸ ਦੇ ਸੰਪਾਦਕਾਂ ਹਰਦੇਵ ਸਿੰਘ ਵੜੈਚ, ਹਰਪਾਲ ਸਿੰਘ ਨਾਗਰਾ ਅਤੇ ਮਗਰੋਂ ਸੁਖਮੰਦਰ ਸਿੰਘ ਚੀਮਾ ਵਲੋਂ ਖਾਲਿਸਤਾਨੀ ਲਹਿਰ ਨੂੰ ਵਿਸ਼ਾ-ਵਸਤੂ ਬਣਾਇਆ ਗਿਆ। ਇਸ ਵਿਚ ਖਾਲਿਸਤਾਨ ਵਿਰੋਧੀ ਲੋਕਾਂ ਖਿਲਾਫ਼ ਧੂੰਆਂਧਾਰ ਪ੍ਰਚਾਰ ਕੀਤਾ ਗਿਆ ਅਤੇ ਖਾੜਕੂਵਾਦ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ। ਭੜਕਾਊ ਪ੍ਰਚਾਰ ਦੀਆਂ ਮਿਸਾਲਾਂ ਉਸ ਸਮੇਂ ਦੇ ਅਖ਼ਬਾਰ ਦੇ ਸਿਰਲੇਖਾਂ ਤੋਂ ਮਿਲਦੀਆਂ ਹਨ, ਜਿਵੇਂ ਕਿ 'ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਅਤੇ ਬਲਦੇਵ ਸਿੰਘ ਮਾਨ ਉਡਾ ਦਿੱਤੇ', 'ਰਿਬੇਰ' ਦੇ ਅੱਗ ਲਾਊ ਬਿਆਨਾਂ ਦੇ ਜਵਾਬ 'ਚ ਜੁਝਾਰੂ ਸਿੰਘਾਂ ਨੇ ਵੱਖ-ਵੱਖ ਥਾਵਾਂ ਤੇ ਫਾਇਰਿੰਗ ਕਰਕੇ ਅੱਠ ਵਿਅਕਤੀ ਭੁੰਨ ਦਿੱਤੇ' (2 ਅਕਤੂਬਰ 1986, ਚੜ੍ਹਦੀ ਕਲਾ) ਇਹ ਉਹ ਸਮਾਂ ਹੈ, ਜਦੋਂ ਕੈਨੇਡਾ ਦੇ ਪੰਜਾਬੀ ਸਮਾਚਾਰ ਪੱਤਰਾਂ ਅੰਦਰ ਪੰਜਾਬ ਦੀ ਸਮੱਸਿਆ ਸਬੰਧੀ ਕੈਨੇਡੀਅਨ ਭਾਰਤੀ ਲੀਡਰਸ਼ਿਪ ਦਾ ਵਿਚਾਰਧਾਰਕ ਵਿਰੋਧ, ਖ਼ਤਰਨਾਕ ਮੋੜ ਅਖਤਿਆਰ ਕਰਦਾ ਹੈ। ਚੜ੍ਹਦੀ ਕਲਾ ਦੇ ਮੁੱਖ ਪੰਨੇ 'ਤੇ ਛਪੀ ਇਹ ਜ਼ਿੰਮੇਵਾਰੀ 'ਕੈਨੇਡੀਅਨ ਅਸੀਂ ਸੋਧਿਆ ਹੈ- ਜਨਰਲ ਲਾਭ ਸਿੰਘ' ਇਸ ਦੀ ਮਿਸਾਲ ਹੈ। ਇਸ ਦੌਰਾਨ ਡਾ. ਅਮਰਜੀਤ ਸਿੰਘ ਦੇ ਸੰਪਾਦਕੀ ਦੌਰ ਵਿਚ 'ਚੜ੍ਹਦੀ ਕਲਾ' ਖਾੜਕੂ ਲਹਰਿ ਦੇ ਪ੍ਰਤੀਬੱਧ ਵਜੋਂ ਭੁਗਤਦਾ ਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝਦਾ ਰਿਹਾ, ਜੋ ਕਿ ਲਗਾਤਾਰ ਜਾਰੀ ਹੈ। ਹਰਕੀਰਤ ਸਿੰਘ ਕੁਲਾਰ ਦੇ ਸੰਪਾਦਕੀ ਕਾਲ ਮਗਰੋਂ, ਇਸ ਦੇ ਸੰਪਾਦਕ ਗੁਰਪ੍ਰੀਤ ਸਿੰਘ ਸਹੋਤਾ ਬਣੇ, ਜੋ ਨਾਲੋ-ਨਾਲ ਹਫ਼ਤਾਵਰੀ 'ਅਕਾਲ ਗਾਰਡੀਅਨ' ਦੇ ਵੀ ਸੰਪਾਦਕ ਹਨ।

## ਲੇਖ: ਕੈਨੇਡਾ 'ਚ ਪੰਜਾਬੀ ਪੱਤਰਕਾਰੀ ਦਾ ਸਦੀ ਦਾ ਸਫ਼ਰ

ਕੈਨੇਡਾ ਦੀ ਪੰਜਾਬੀ ਸਾਹਿਤਕ ਪੱਤਰਕਾਰੀ ਦੇ ਖੇਤਰ ਵਿੱਚ ਇੱਕ ਹੋਰ ਮਹੀਨੇਵਾਰ ਰਸਾਲੇ 'ਇੰਡੋ ਕੈਨੇਡੀਅਨ ਫੁਲਵਾੜੀ', 1984 ਵਿਚ ਪ੍ਰਕਾਸ਼ਿਤ ਹੋਇਆ, ਜਿਸ ਦੇ ਬਾਨੀ ਸੰਪਾਦਕ ਗੁਰਜੀਤ ਸਿੰਘ ਸਾਂਗਰਾ ਵਲੋਂ ਪਹਿਲਾਂ 'ਰਚਨਾ' ਮੈਗਜ਼ੀਨ ਕੱਢਿਆ ਜਾਂਦਾ ਸੀ। ਮਗਰੋਂ ਇਸ ਦੇ ਸੰਪਾਦਕ ਕੁਲਦੀਪ ਸਿੰਘ ਮੱਲ੍ਹੀ ਬਣੇ, ਜਦਕਿ ਬਾਅਦ ਵਿੱਚ ਪ੍ਰਕਾਸ਼ਕ ਕੁਲਦੀਪ ਸਿੰਘ ਮੱਲ੍ਹੀ ਅਤੇ ਸੰਪਾਦਕ ਡਾ ਗੁਰਵਿੰਦਰ ਸਿੰਘ ਧਾਲੀਵਾਲ ਬਣੇ। ਮੁੱਲ ਵਿਕਣ ਵਾਲੇ 'ਇੰਡੋ ਕੈਨੇਡੀਅਨ ਫੁੱਲਵਾੜੀ' ਨੇ 25 ਸਾਲ ਪੂਰੇ ਕੀਤੇ, ਪਰ ਵਿੱਤੀ ਕਾਰਨਾਂ ਕਰਕੇ ਇਸ ਦਾ ਪ੍ਰਕਾਸ਼ਨ ਜਾਰੀ ਨਾ ਰਹਿ ਸਕਿਆ। ਕੈਨੇਡਾ ਦੀ ਧਰਤੀ 'ਤੇ ਛਪਣ ਵਾਲੇ ਹੋਰਨਾਂ ਅਖਬਾਰਾਂ ਵਿਚ ਨਰਿੰਦਰ ਸਿੰਘ ਜੌਹਲ ਵਲੋਂ ਸੰਪਾਦਤ 'ਰਣਜੀਤ' (1975), ਸੁਰੈਣ ਸਿੰਘ ਵਲੋਂ ਸੰਪਾਦਤ 'ਨਿਧੜਕ ਕੈਨੇਡੀਅਨ' (1979) ਵੈਨਕੂਵਰ ਤੋਂ ਪ੍ਰਕਾਸ਼ਤਿ ਹੋਏ, ਜਦਕਿ ਮਿਸੀਸਾਗਾ ਤੋਂ ਮਾਸਿਕ ਪੱਤਰ 'ਕੇਸਰੀ ਜੋਤ' (1979), ਟਰਾਂਟੋ ਤੋਂ ਮਹੀਨਾਵਾਰ ਪੱਤਰ ਪੰਜਾਬੀ ਤੇ ਅੰਗਰੇਜ਼ੀ 'ਦਾ ਖਾਲਸਿਤਾਨ' (1979) ਸ਼ੁਰੂ ਹੋਏ। ਵੈਨਕੂਵਰ ਤੋਂ ਇਪਾਨਾ ਵਲੋਂ ਤ੍ਰੈਮਾਸਿਕ 'ਨਿਊ ਇੰਡੀਆ' (1979) ਅਤੇ ਇੱਥੋਂ ਹੀ ਰਵਿੰਦਰ ਰਵੀ ਤੇ ਤਾਰਾ ਸਿੰਘ ਹੇਅਰ ਵਲੋਂ 'ਰਚਨਾ' (1980-83) ਛਪੇ ਅਤੇ ਰਵਿੰਦਰ ਰਵੀ ਵਲੋਂ ਹੀ ਮਾਸਿਕ, ਦੋ-ਮਾਸਿਕ ਰਸਾਲਾ 'ਆਸਥਾ' (1981-82) ਵਲੋਂ ਜਾਰੀ ਰਿਹਾ । ਕਿਰਤੀਆਂ ਬਾਰੇ ਅੰਗਰੇਜ਼ੀ ਪੰਜਾਬੀ ਵਿਚ ਤ੍ਰੈਮਾਸਿਕ 'ਦਾ ਫਾਰਮ ਵਰਕਰ' (1981) ਤੋਂ ਕਦੇ-ਕਦੇ ਪ੍ਰਕਾਸ਼ਿਤ ਹੁੰਦਾ ਰਿਹਾ। ਸਾਹਤਿਕ, ਰਾਜਨੀਤਕ ਅਤੇ ਖ਼ਬਰਾਂ ਨੂੰ ਪੇਸ਼ ਕਰਦਾ ਹਫਤਾਵਰੀ ਅਖ਼ਬਾਰ 'ਕੈਨੇਡਾ ਦਰਪਣ' ਨਵੰਬਰ 1982 ਵਿਚ ਵੈਨਕੂਵਰ ਤੋਂ ਸ਼ੁਰੂ ਹੋਇਆ ਤੇ 1988 ਤੱਕ ਪੰਦਰਾਂ-ਰੋਜ਼ਾ ਜਾਂ ਸਪਤਾਹਿਕ ਰੂਪ 'ਚ ਡਾ. ਦਰਸ਼ਨ ਗਿੱਲ ਦੀ ਸੰਪਾਦਨਾ ਹੇਠ ਛਪਦਾ ਰਿਹਾ।

ਕੈਨੇਡੀਅਨ ਪੰਜਾਬੀ ਪੱਤਰਕਾਰੀ ਦੇ 110 ਸਾਲਾ ਤੋਂ ਲੰਮੇ ਇਤਿਹਾਸ ਵਿਚ ਅਜਿਹੇ ਸਾਹਿਤਕ, ਸੱਭਿਆਚਾਰਕ ਅਤੇ ਮਨੋਰੰਜਨ ਭਰਪੂਰ ਪਰਚਿਆਂ ਦਾ ਜ਼ਿਕਰ ਕਰਨਾ ਵੀ ਬਣਦਾ ਹੈ, ਜਿਹਨਾਂ ਦਾ ਪ੍ਰਕਾਸ਼ਨ ਕਾਲ ਚਾਹੇ ਥੋੜ੍ਹਾ ਸਮਾਂ ਹੀ ਰਿਹਾ, ਪਰ ਉਨ੍ਹਾਂ ਸਾਹਿਤਕ ਤ੍ਰਿਪਤੀ ਲਈ ਅਹਿਮ ਭੂਮਿਕਾ ਨਿਭਾਈ। ਦਰਸ਼ਨ ਬੈਂਸ ਵਲੋਂ 'ਨਵਰੰਗ' ਨਾਂ ਦਾ ਫਿਲਮੀ ਤ੍ਰੈਮਾਸਿਕ 1982 ਤੋਂ 1986 ਤੱਕ ਵੈਨਕੂਵਰ ਤੋਂ ਚਲਦਾ ਰਿਹਾ। ਵੈਨਕੂਵਰ ਤੋਂ ਧਾਰਮਿਕ ਮਹੀਨਾਵਾਰ ਪੱਤਰ 'ਸਿੱਖ ਸੇਵਕ' (1980-81) ਅਤੇ ਮਹਿੰਦਰਪਾਲ ਸਿੰਘ ਵਲੋਂ ਮਾਸਿਕ 'ਖ਼ਾਲਸਾ ਐਡਵੋਕੇਟ' (1982) ਛਪਦਾ ਰਿਹਾ। ਬਲਵੰਤ ਸਿੰਘ ਚੰਦੀ ਵਲੋਂ ਪੰਜਾਬੀ ਤੇ ਅੰਗਰੇਜ਼ੀ ਵਿਚ ਸਮਾਚਾਰ ਪੱਤਰ 'ਵੈਨਕੂਵਰ ਸਟਾਰ' (1982-84) ਅਤੇ ਇੰਡੋ-ਕੈਨੇਡੀਅਨ ਐਸੋਸੀਏਸ਼ਨ ਵਲੋਂ ਔਟਵਾ ਤੋਂ ਸਿਆਸੀ ਸਮਾਚਾਰ ਪੱਤਰ 'ਸੰਦੇਸ਼', ਅਕਾਲੀ ਦਲ ਐਸੋਸੀਏਸ਼ਨ ਵਲੋਂ

ਬਰਨਬੀ ਬੀ. ਸੀ. ਤੋਂ ਪੰਦਰਵਾੜਾ ਅਖਬਾਰ 'ਕੌਮੀ ਸਮਾਚਾਰ' (1983-84), ਵੈਨਕੂਵਰ ਤੋਂ ਮਹਿੰਦਰ ਪਾਲ ਸਿੰਘ ਵਲੋਂ ਮਾਸਿਕ 'ਖ਼ਾਲਸਾ ਟਾਈਮਜ਼ (1983), ਵਿਸ਼ਵ ਸਿੱਖ ਸੰਸਥਾ ਵਲੋਂ ਐਡਮੰਟਨ ਤੋਂ ਤ੍ਰੈਮਾਸਿਕ 'ਦਾ ਸੋਰਡ (1983) ਪ੍ਰਕਾਸ਼ਿਤ ਹੁੰਦਾ ਰਿਹਾ।

ਕੈਨੇਡਾ ਵਿਚ ਲੰਮਾ ਸਫ਼ਰ ਤੈਅ ਕਰਨ ਵਾਲੇ ਪਰਚਿਆਂ ਵਿੱਚੋਂ ਇਕ ਸਮਾਚਾਰ ਪੱਤਰ 'ਸੰਘਰਸ਼' ਹੈ। ਵੈਨਕੂਵਰ ਤੋਂ ਸੁਖਦੇਵ ਸਿੰਘ ਦਰਦੀ ਵਲੋਂ ਪੰਦਰਾਂ-ਰੋਜ਼ਾ ਅਖਬਾਰ 'ਸੰਘਰਸ਼' (1984) ਸ਼ੁਰੂ ਕੀਤਾ ਗਿਆ, ਜਿਸ ਨੂੰ ਪਾਠਕਾਂ ਵੱਲੋਂ ਹੁੰਗਾਰਾ ਮਿਲਿਆ। 'ਸੰਘਰਸ਼' ਲੰਮੇ ਸੰਘਰਸ਼ ਮਗਰੋਂ ਵੀ ਲਗਾਤਾਰ ਪੱਚੀ ਵਰ੍ਹੇ ਪ੍ਰਕਾਸ਼ਿਤ ਹੁੰਦਾ ਰਿਹਾ ਹੈ। ਟਰਾਂਟੋ ਤੋਂ ਜਗਦੇਵ ਸਿੰਘ ਨਿੱਝਰ ਵਲੋਂ ਹਫਤਾਵਾਰੀ ਪਰਚਾ 'ਇਤਿਹਾਸ' ਵੀ ਕੱਢਿਆ ਜਾਂਦਾ ਰਿਹਾ। ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਵਲੋਂ ਟਰਾਂਟੋ ਤੋਂ ਸਪਤਾਹਕਿ 'ਆਵਾਜ਼ ਏ ਕੌਮ' (1985) ਅਤੇ ਵੈਨਕੂਵਰ ਤੋਂ 'ਸ਼ਮਸ਼ੀਰ ਏ ਦਸਤ' (1985-88), ਵੈਨਕੂਵਰ ਤੋਂ ਨਵਪ੍ਰੀਤ ਸਿੰਘ ਅਰੋੜਾ ਵਲੋਂ ਸੰਪਾਦਿਤ ਪੰਦਰਵਾੜਾ 'ਤਸਵੀਰ' (1987), ਟਰਾਂਟੋ ਤੋਂ ਸ. ਸ. ਰਣੀਆ ਵਲੋਂ ਮਾਸਿਕ 'ਸੁਰਤੀ' (1987) ਅਤੇ ਵੈਨਕੂਵਰ ਤੋਂ ਦਰਸ਼ਨ ਸਿੰਘ ਸੂਮਲ ਵਲੋਂ ਮਾਸਿਕ 'ਕਲਮ' (1987) ਵੀ ਥੋੜ੍ਹਾ-ਬਹੁਤਾ ਸਮਾਂ ਛਪਦਾ ਰਿਹਾ।

ਗ਼ਦਰੀ ਬਾਬਿਆਂ ਦੀ ਸੋਚ 'ਤੇ ਪਹਿਰਾ ਦਿੰਦਿਆਂ ਅਤੇ ਸਥਾਪਤੀ ਦੇ ਤਸ਼ੱਦਦ ਖ਼ਿਲਾਫ਼ ਲੋਕ ਹਿੱਤਾਂ ਦੀ ਤਰਜਮਾਨੀ ਕਰਦਿਆਂ ਵੈਨਕੂਵਰ ਤੋਂ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਹਰਦਿਆਲ ਬੈਂਸ ਵਲੋਂ ਮਾਸਿਕ ਸਿਆਸੀ ਪੱਤਰ 'ਨਵੀਂ ਆਵਾਜ਼' (1987) ਵਿੱਚ ਪ੍ਰਕਾਸ਼ਤ ਕੀਤਾ ਗਿਆ, ਜਿਸ ਦਾ ਕੈਨੇਡਾ ਅਤੇ ਭਾਰਤ ਸਰਕਾਰ ਵੱਲੋਂ ਤਿੱਖਾ ਵਿਰੋਧ ਵੀ ਹੁੰਦਾ ਰਿਹਾ। ਹੋਰ ਸਮਾਚਾਰ ਪੱਤਰਾਂ ਵਿਚ ਟਰਾਂਟੋ ਤੋਂ ਗੁਰਦਆਿਲ ਸਿੰਘ ਕੰਵਲ ਵਲੋਂ 'ਪੰਜ ਦਰਿਆ' (1988), ਵੈਨਕੂਵਰ ਤੋਂ ਸੁਖਮਿੰਦਰ ਚੀਮਾ ਵਲੋਂ ਹਫਤਾਵਾਰੀ ਅਖ਼ਬਾਰ 'ਹੇਮ ਜਯੋਤੀ' ਅਤੇ ਵੈਨਕੂਵਰ ਤੋਂ ਗੁਰਜੀਤ ਸਿੰਘ ਸਾਂਗਰਾ ਵਲੋਂ ਪੰਦਰਾਂ-ਰੋਜ਼ਾ ਅਖ਼ਬਾਰ 'ਕੈਨੇਡਾ ਦਰਪਣ ਇੰਟਰਨੈਸ਼ਨਲ' (1989) ਜ਼ਿਕਰਯੋਗ ਹਨ। ਮਿਸੀਸਾਗਾ ਤੋਂ ਚਰਨ ਸਿੰਘ ਨਿੱਝਰ ਅਤੇ ਲਾਲ ਸਿੰਘ ਸੰਘੇੜਾ ਵਲੋਂ 'ਆਰ-ਪਾਰ', ਸਰੀ ਤੋਂ ਸੁਖਦੇਵ ਸਿੰਘ ਢਿੱਲੋਂ ਵਲੋਂ ਮਹੀਨਾਵਾਰ ਮੈਗਜ਼ੀਨ 'ਪੰਜਾਬ ਟਾਈਮਜ਼, ਗੁਰਸਮਿਰਤ ਸਿੰਘ ਗਰੇਵਾਲ ਵਲੋਂ 'ਪੰਜਾਬ ਸਟਾਰ' ਆਦਿ ਵੀ ਸਮੇਂ-ਸਮੇਂ ਪ੍ਰਕਾਸ਼ਿਤ ਹੁੰਦੇ ਰਹੇ ਹਨ।

ਵਰਤਮਾਨ ਸਮੇਂ ਕੈਨੇਡਾ 'ਚ ਵੱਖ-ਵੱਖ ਹਿੱਸਿਆਂ ਤੋਂ ਕਈ ਅਖਬਾਰ ਇੱਕੋ ਸਮੇਂ ਪ੍ਰਕਾਸ਼ਿਤ ਹੋ ਰਹੇ ਹਨ, ਜਿਹਨਾਂ ਵਿਚ ਟੋਰਾਂਟੋ ਤੋਂ ਰਜਿੰਦਰ ਸੈਣੀ ਦਾ ਹਫ਼ਤਾਵਾਰੀ ਅਖ਼ਬਾਰ 'ਪਰਵਾਸੀ', ਅਮਰ ਸਿੰਘ ਭੁੱਲਰ ਦਾ 'ਹਮਦਰਦ' ਅਤੇ ਡਾ.

ਦਰਸ਼ਨ ਬੈਂਸ ਦਾ 'ਅਜੀਤ ਵੀਕਲੀ' ਸ਼ਾਮਲ ਹਨ। ਆਰਥਕਿ ਕਾਰਨਾਂ ਕਰ ਕੇ ਕਈ ਕੈਨੇਡੀਅਨ ਪੰਜਾਬੀ ਅਖ਼ਬਾਰਾਂ ਨੇ ਸਾਂਝੇ ਤੌਰ 'ਤੇ ਰੋਜ਼ਾਨਾ ਅਖ਼ਬਾਰ ਕੱਢਣ ਦਾ ਵੀ ਯਤਨ ਕੀਤਾ, ਜਿਹਨਾਂ ਵਿਚ ਟਰਾਂਟੋ ਤੋਂ ਡਾ. ਬਲਵਿੰਦਰ ਸਿੰਘ ਵਲੋਂ 'ਟਰਾਂਟੋ ਟ੍ਰਿਬਿਊਨ', ਸੁਖਮਿੰਦਰ ਸਿੰਘ ਹੰਸਰਾ ਵਲੋਂ 'ਸਾਂਝ ਸਵੇਰਾ' ਅਤੇ ਰਣਬੀਰ ਸ਼ਾਰਦਾ ਵਲੋਂ 'ਨਗਾਰਾ' ਦੇ ਹਫਤਾਵਾਰੀ ਪ੍ਰਕਾਸ਼ਨ ਦੀ ਥਾਂ, ਰੋਜ਼ਾਨਾ 'ਪੰਜਾਬੀ ਡੇਲੀ' ਸ਼ੁਰੂ ਕੀਤਾ ਗਿਆ, ਪਰ ਆਰਥਿਕ ਚੁਣੌਤੀਆਂ ਕਾਰਨ ਹੁਣ ਇਸ ਦਾ ਪ੍ਰਕਾਸ਼ਨ ਬੰਦ ਹੈ। ਪੱਤਰਕਾਰ ਜਗਦੀਸ਼ ਸਿੰਘ ਗਰੇਵਾਲ ਵਲੋਂ ਰੋਜ਼ਾਨਾ 'ਪੰਜਾਬੀ ਪੋਸਟ' ਦਾ ਉੱਦਮ ਸ਼ਲਾਘਾਯੋਗ ਸੀ, ਪਰ ਨਿੱਜੀ ਰੁਝੇਵਿਆਂ ਕਾਰਨ ਇਹ ਵੀ ਪ੍ਰਕਾਸ਼ਤ ਨਹੀਂ ਹੋ ਰਿਹਾ। ਸਰੀ ਤੋਂ ਵੀਕਲੀ 'ਦੇਸ ਪਰਦੇਸ' ਨੂੰ ਸੰਪਾਦਕ ਅਜੈਬ ਸਿੰਘ ਸਿੱਧੂ ਵਲੋਂ ਰੋਜ਼ਾਨਾ 'ਦੇਸ ਪਰਦੇਸ' ਵਿਚ ਬਦਲਣ ਦਾ ਸਫਲ ਯਤਨ ਕੀਤਾ ਗਿਆ, ਪਰ ਗੰਭੀਰ ਵਿੱਤੀ ਚੁਣੌਤੀਆਂ ਕਾਰਨ ਇਹ ਲੰਮਾ ਸਮਾਂ ਜਾਰੀ ਨਾ ਰਹਿ ਸਕਿਆ। ਟਰਾਂਟੋ ਤੇ ਨੇੜਲੇ ਇਲਾਕਿਆਂ ਤੋਂ ਛਪਣ ਵਾਲੇ ਅਖ਼ਬਾਰਾਂ ਵਿਚ 'ਖ਼ਬਰਨਾਮਾ' (ਬਲਰਾਜ ਦਿਉਲ), ਪੰਜ ਪਾਣੀ (ਜਸਪਾਲ ਸ਼ੇਤਰਾ), ਖਬਰਸਾਰ (ਜਸਵਿੰਦਰ ਖੋਸਾ), ਹਿੰਦੋਸਤਾਨ ਪੋਸਟ (ਜੋਗਿੰਦਰ ਬਾਸੀ) ਅਤੇ ਪੰਜਾਬੀ ਸਟਾਰ (ਗੁਰਸਮਿਰਤ ਗਰੇਵਾਲ) ਸਮੇਤ ਇੱਕਾ-ਦੁੱਕਾ ਹੋਰ ਵੀ ਅਖਬਾਰ ਨਿਕਲਦੇ ਰਹੇ ਹਨ। ਰਜਿੰਦਰ ਸੈਣੀ ਵਲੋਂ ਜਾਣਕਾਰੀ ਭਰਪੂਰ ਮੈਗਜ਼ੀਨ 'ਪਰਵਾਸੀ' ਅਤੇ ਟੋਨੀ ਮਰਵਾਹਾ ਵਲੋਂ ਮਾਸਕਿ 'ਰੰਗ ਪੰਜਾਬੀ' ਸਣੇ, ਕਈ ਪੰਜਾਬੀ ਸਭਾਵਾਂ ਵਲੋਂ ਸਾਹਤਿਕ ਰਸਾਲੇ ਵੀ ਛਪਦੇ ਰਹੇ ਹਨ।

ਸਰੀ, ਵੈਨਕੂਵਰ ਅਤੇ ਐਬਟਸਫੋਰਡ ਤੋਂ ਅੱਜ-ਕੱਲ੍ਹ ਜਿਹੜੇ ਪੰਜਾਬੀ ਅਖ਼ਬਾਰ ਲਗਾਤਾਰ ਪ੍ਰਕਾਸ਼ਤ ਹੋ ਰਹੇ ਹਨ, ਉਨ੍ਹਾਂ ਵਿੱਚ ਹਫ਼ਤਾਵਾਰੀ 'ਪੰਜਾਬ ਗਾਰਡੀਅਨ' (ਹਰਕੀਰਤ ਸਿੰਘ ਕੁਲਾਰ),'ਪੰਜਾਬੀ ਟ੍ਰਿਬਿਊਨ' (ਅਮਰਪਾਲ ਸਿੰਘ ਤੇ ਰਸ਼ਪਾਲ ਸਿੰਘ ਗਿੱਲ), ਇੰਡੋ-ਕੈਨੇਡੀਅਨ ਆਵਾਜ਼ (ਵਾਇਸ ਗਰੁੱਪ), ਅਜੀਤ ਵੀਕਲੀ (ਡਾ. ਦਰਸ਼ਨ ਸਿੰਘ), ਕੈਨੇਡੀਅਨ ਪੰਜਾਬ ਟਾਈਮਜ਼ (ਅਮਰਪਾਲ ਸਿੰਘ, ਡਾ ਪੂਰਨ ਸਿੰਘ ਗਿੱਲ ਅਤੇ ਜਰਨੈਲ ਸਿੰਘ ਚਿਤਰਕਾਰ), ਸੱਚ ਦੀ ਆਵਾਜ਼ (ਖੁਸ਼ਪਾਲ ਗਿੱਲ), 'ਇੰਡੋ-ਕੈਨੇਡੀਅਨ ਗੂੰਜ-ਪੰਜਾਬੀ ਜਨਰਲ' (ਲੱਕੀ ਰੰਧਾਵਾ), 'ਜੱਗਬਾਣੀ' (ਹਰਗੋਪਾਲ ਸਿੰਘ ਰੰਧਾਵਾ), 'ਪੰਜਾਬੀ ਪੱਤ੍ਰਿਕਾ' (ਐਂਡੀ ਸਿੱਧੂ), ਪੰਜਾਬੀ ਲਿੰਕ, ਸਰੀ ਅਤੇ ਦੇਸ਼-ਵਿਦੇਸ਼ ਟਾਈਮਜ਼ ਐਬਟਸਫੋਰਡ ਸ਼ਾਮਿਲ ਹਨ। ਸੁਖਵਿੰਦਰ ਸਿੰਘ ਚੋਹਲਾ ਵਲੋਂ ਐਡਮੰਟਨ, ਸਰੀ ਅਤੇ ਵਿਨੀਪੈਗ ਤੋਂ ਦੇਸ ਪਰਦੇਸ ਟਾਈਮਜ਼ ਗੁਰਭਲਿੰਦਰ ਸਿੰਘ ਸੰਧੂ ਦੇ ਸਹਿਯੋਗ ਨਾਲ ਪ੍ਰਕਾਸ਼ਿਤ ਹੋ ਰਿਹਾ ਹੈ। ਕੈਲਗਰੀ ਤੋਂ ਹਰਬੰਸ ਸਿੰਘ ਬੁੱਟਰ ਦੀ ਮਿਹਨਤ ਸਦਕਾ 'ਪੰਜਾਬੀ ਅਖ਼ਬਾਰ' ਅਤੇ ਰਣਜੀਤ ਸਿੰਘ ਸਿੱਧੂ ਵਲੋਂ 'ਨੈਸ਼ਨਲ ਪੋਸਟ' ਪ੍ਰਕਾਸ਼ਤ ਹੋ ਰਹੇ ਹਨ। ਇਸ ਤੋਂ ਇਲਾਵਾ ਤਰਕਸ਼ੀਲ ਸੋਚ ਨੂੰ ਪ੍ਰਣਾਏ ਹੋਏ

ਮਹੀਨਾਵਾਰੀ 'ਸਰੋਕਾਰਾਂ ਦੀ ਆਵਾਜ਼', ਬ੍ਰਹਮ ਪ੍ਰਕਾਸ਼ ਲੁੱਡੂ ਵੱਲੋਂ 'ਦੇਸ਼ ਪੰਜਾਬ ਟਾਈਮਜ਼' ਅਤੇ ਵਿਨੀਪੈਗ ਤੋਂ ਨਵਨੀਤ ਵੱਲੋਂ ਪ੍ਰਕਾਸ਼ਤ 'ਨਵਾਂ ਸਵੇਰਾ' ਜ਼ਿਕਰਯੋਗ ਹਨ।

ਕੈਨੇਡਾ ਵਿੱਚ ਸਾਹਿਤਕ ਪੰਜਾਬੀ ਪੱਤਰਕਾਰੀ ਰਾਹੀਂ ਅਗਾਂਹਵਧੂ ਖਿਆਲਾਂ ਦੀ ਤਰਜਮਾਨੀ ਕਰਦਿਆਂ ਪ੍ਰਿੰਸ ਜਾਰਜ, ਬ੍ਰਿਟਿਸ਼ ਕੋਲੰਬੀਆ ਤੋਂ ਸੰਨ 1998 ਵਿਚ ਸੁੱਚਾ ਦੀਪਕ ਅਤੇ ਭੁਪਿੰਦਰ ਮੱਲ੍ਹੀ ਵਲੋਂ 'ਸਾਊਥ ਏਸ਼ੀਆ ਰੀਵਿਊ ਸਾਹਿਤਕ ਅਤੇ ਖ਼ਬਰਾਂ 'ਤੇ ਕੇਂਦਰਿਤ ਮਹੀਨਾਵਾਰੀ ਰਸਾਲਾ ਸ਼ੁਰੂ ਕੀਤਾ ਗਿਆ। ਕੈਨੇਡਾ ਤੋਂ ਪ੍ਰਕਾਸ਼ਤ ਹੁੰਦੇ ਰਹੇ ਹੋਰਨਾਂ ਅਖ਼ਬਾਰਾਂ ਵਿੱਚ ਦੇਸ਼ ਵਿਦੇਸ਼ ਟਾਈਮਜ਼ (ਇੰਦਰਜੀਤ ਮੁੱਲਾਂਪੁਰ), ਮੈਗਜ਼ੀਨ 'ਪਰਵਿਰਤਨ' (ਕੁਲਮੀਤ ਸਿੰਘ ਸੰਘਾ), ਰਘਬੀਰ ਬਿਲਾਸਪੁਰੀ ਦਾ ਸਪਤਾਹਿਕ 'ਕਲਮਾ', ਤਰਕਸ਼ੀਲ ਟਾਈਮਜ਼ ਕੈਨੇਡਾ, 'ਚੇਤਨਾ' ਵੈਨਕੂਵਰ ਤੋਂ, ਸਰੀ ਤੋਂ ਪੰਜਾਬੀ ਰਸਾਲਾ 'ਦ੍ਰਿਸ਼ਟੀਕੋਣ' (ਡਾ. ਮੇਜਰ ਸਿੰਘ ਰੰਧਾਵਾ) ਅਤੇ ਪੰਜਾਬੀ ਤੇ ਉਰਦੂ ਵਿਚ 'ਸ਼ਾਹਪਾਰਾ' ਆਦਿ ਸ਼ਾਮਿਲ ਹਨ, ਜਦਕਿ ਸਰੀ ਤੋਂ ਚੜ੍ਹਦੀ ਕਲਾ ਨਿਊਜ਼ ਗਰੁੱਪ ਵਲੋਂ 'ਪਰਵਾਜ਼' ਮਾਸਿਕ ਦਾ ਪ੍ਰਕਾਸ਼ਨ ਹੁੰਦਾ ਰਿਹਾ ਹੈ। ਕੈਲਗਰੀ ਤੋਂ ਹਰਚਰਨ ਸਿੰਘ ਪਰਹਾਰ ਵਲੋਂ ਮਾਸਿਕ 'ਸਿੱਖ ਵਿਰਸਾ' ਧਾਰਮਕਿ ਤੇ ਸਾਹਿਤਕ ਪ੍ਰਕਾਸ਼ਨ ਵਜੋਂ ਜ਼ਿਕਰਯੋਗ ਹੈ।

ਇਸ ਸਮੇਂ ਕੈਨੇਡਾ 'ਚ ਪੰਜਾਬੀ ਮੀਡੀਏ ਵਲੋਂ ਸਾਂਝੇ ਸੰਗਠਨ ਵੀ ਬਣਾਏ ਗਏ ਹਨ, ਤਾਂ ਕਿ ਪੱਤਰਕਾਰਾਂ ਦੀਆਂ ਲੋੜਾਂ ਤੇ ਆਪਸੀ ਤਾਲਮੇਲ ਲਈ ਯਤਨ ਹੋ ਸਕਣ। ਬ੍ਰਿਟਿਸ਼ ਕੋਲੰਬੀਆ ਵਿਚ ਇਕੋ ਸੰਸਥਾ 'ਪੰਜਾਬੀ ਪ੍ਰੈਸ ਕਲੱਬ ਆਫ ਬੀ. ਸੀ.' ਦੇ ਮੈਂਬਰਾਂ 'ਚ ਪੰਜਾਬੀ ਅਖ਼ਬਾਰਾਂ ਤੋਂ ਇਲਾਵਾ ਰੇਡੀਓ ਤੇ ਟੈਲੀਵਯਿਨ ਨਾਲ ਸਬੰਧਤ ਪੱਤਰਕਾਰ ਵੀ ਸ਼ਾਮਲ ਹਨ। ਟਰਾਂਟੋ 'ਚ ਪੰਜਾਬੀ ਪ੍ਰੈਸ ਕਲੱਬ ਹੋਂਦ 'ਚ ਆਉਣ ਤੋਂ ਕੁਝ ਸਮਾਂ ਮਗਰੋਂ ਹੀ, ਦੋ ਗਰੁੱਪ 'ਪੰਜਾਬੀ ਮੀਡੀਆ ਐਸੋਸੀਏਸ਼ਨ' ਅਤੇ 'ਸਾਊਥ ਏਸ਼ੀਅਨ ਪ੍ਰੈਸ ਕਲੱਬ' ਬਣ ਗਏ। ਇਸ ਤੋਂ ਇਲਾਵਾ ਐਡਮੰਟਨ ਅਤੇ ਕੈਲਗਰੀ ਵਿਚ ਵੀ ਪੰਜਾਬੀ ਮੀਡੀਆ ਸੰਗਠਨਾਂ ਦੀ ਸਥਾਪਨਾ ਹੋ ਚੁੱਕੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ ਦਾ ਸਫ਼ਰ 112 ਸਾਲਾਂ ਦਾ ਹੋ ਚੁੱਕਿਆ ਹੈ ਅਤੇ ਹੁਣ ਤੱਕ 112 ਤੋਂ ਵੱਧ ਅਖ਼ਬਾਰ ਅਤੇ ਰਸਾਲੇ ਪ੍ਰਕਾਸ਼ਤ ਹੋ ਚੁੱਕੇ ਹਨ ਜਾਂ ਹੋ ਰਹੇ ਹਨ। ਕੈਨੇਡਾ ਦੀ ਪੰਜਾਬੀ ਪੱਤਰਕਾਰੀ 'ਚ 60 ਤੋਂ ਵੱਧ ਪੰਜਾਬੀ ਪਰਚਿਆਂ ਦੀ ਔਸਤਨ ਉਮਰ ਡੇਢ-ਦੋ ਕੁ ਵਰ੍ਹੇ ਤੱਕ ਰਹੀ ਹੈ। ਕੈਨੇਡਾ ਵਿੱਚ ਨਸਲਵਾਦ ਖ਼ਿਲਾਫ਼ ਘੋਲ, ਵੋਟ ਦੇ ਹੱਕਾਂ ਲਈ ਸੰਘਰਸ਼ ਅਤੇ ਬਸਤੀਵਾਦ ਖ਼ਿਲਾਫ਼ ਲੜਾਈ ਜਿੱਥੇ ਕੈਨੇਡਾ ਤੋਂ ਛਪਦੇ ਪੰਜਾਬੀ ਅਖ਼ਬਾਰਾਂ ਦਾ ਮੁੱਖ ਵਿਸ਼ਾ ਰਿਹਾ, ਉੱਥੇ ਸਮੇਂ-ਸਮੇਂ ਪੰਜਾਬ ਅਤੇ ਭਾਰਤ ਵਿੱਚ ਗ਼ਦਰ ਲਹਿਰ,

ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਪ੍ਰਗਤੀਵਾਦੀ ਲਹਿਰ, ਨਕਸਲਬਾੜੀ ਲਹਿਰ ਅਤੇ ਖਾੜਕੂ ਲਹਿਰ ਦਾ ਡੂੰਘਾ ਪ੍ਰਭਾਵ ਕੈਨੇਡੀਅਨ ਪੰਜਾਬੀ ਪੱਤਰਕਾਰੀ ਵਿੱਚ ਨਜ਼ਰ ਆਉਂਦਾ ਹੈ। ਕੌਮਾਂਤਰੀ ਪੰਜਾਬੀ ਮੀਡੀਏ ਦੀ ਦਿਸ਼ਾ ਤੇ ਦਸ਼ਾ ਦੇ ਪ੍ਰਸੰਗ ਵਿਚ ਕੈਨੇਡਾ 'ਚ ਪੰਜਾਬੀ ਪੱਤਰਕਾਰੀ ਦਾ ਭਵਿੱਖ ਉੱਜਲ ਹੈ, ਕਿਉਕਿ ਵੱਡ ਗਣਿਤੀ 'ਚ ਪੰਜਾਬੀ ਇੱਥੇ ਆ ਕੇ ਵੱਸ ਰਹੇ ਹਨ। ਚਿੰਤਾ ਕੇਵਲ ਆਪਸੀ ਖਿੱਚੋਤਾਣ, ਵਹਿਮ-ਭਰਮਾਂ ਤੇ ਪਾਖੰਡੀ ਬਾਬਿਆਂ ਦੀ ਇਸ਼ਤਹਿਾਰਬਾਜ਼ੀ ਅਤੇ ਆਰਥਕਿ ਚੁਣੌਤੀਆਂ ਦੀ ਹੈ।

ਅਜੋਕੇ ਸਮੇਂ ਕੈਨੇਡਾ ਵਿੱਚ ਜ਼ਿਆਦਾਤਰ ਪੰਜਾਬੀ ਅਖ਼ਬਾਰ ਤੇ ਸਾਹਤਿਕ ਰਸਾਲੇ ਕੈਨੇਡਾ ਭਰ 'ਚ ਮੁਫਤ ਵੰਡੇ ਜਾਂਦੇ ਹਨ, ਜਿਹਨਾਂ ਨੂੰ ਇਸ਼ਤਿਹਾਰਾਂ ਰਾਹੀਂ ਖਰਚੇ ਕੱਢ ਕੇ ਚਲਾਇਆ ਜਾਂਦਾ ਹੈ। ਕਈ ਚਿੰਤਕ ਮੁਫਤਖੋਰੀ ਦੇ ਰੁਝਾਨ ਨੂੰ ਪੰਜਾਬੀ ਪੱਤਰਕਾਰੀ ਲਈ 'ਆਤਮਘਾਤੀ' ਕਰਾਰ ਦਿੰਦੇ ਹਨ, ਜਦਕਿ ਕੁਝ ਵਿਦਵਾਨਾਂ ਦਾ ਖਿਆਲ ਹੈ ਕਿ ਪੰਜਾਬੀ ਪਾਠਕਾਂ ਨੂੰ ਉਤਸ਼ਾਹਤ ਕਰਨ ਲਈ ਇਹ ਸਮੇਂ ਦੀ ਲੋੜ ਹੈ। ਅੱਜ-ਕੱਲ੍ਹ ਕਈ ਅਖਬਾਰ ਕੰਪਿਊਟਰ ਰਾਹੀਂ ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਤੋਂ ਤਿਆਰ ਕਰਕੇ ਹੀ, ਕੈਨੇਡਾ 'ਚ ਪ੍ਰਿੰਟ ਕੀਤੇ ਜਾ ਰਹੇ ਹਨ, ਜੋ ਕੈਨੇਡਾ ਦੇ ਸਥਾਨਕ ਮਸਲਿਆਂ ਨੂੰ ਦੁਜੈਲਾ ਥਾਂ ਦੇ ਰਹੇ ਹਨ, ਇਹ ਵੀ ਚਿੰਤਾਜਨਕ ਹੈ। ਗੁਰਦੁਆਰਾ ਰਾਜਨੀਤੀ ਦੇ ਧੁਰੇ 'ਤੇ ਵਿਰੋਧੀ ਪ੍ਰਚਾਰ, ਸਿਆਸਤ 'ਚ ਕੈਨੇਡੀਅਨ ਪੰਜਾਬੀਆਂ ਦੇ ਵਧਣ-ਫੁੱਲਣ ਨਾਲ ਆਪਸੀ ਵਿਰੋਧੀ ਘਟਨਾਵਾਂ ਦੇ ਇੱਕ-ਪਾਸੜ ਵੇਰਵੇ ਅਤੇ ਵਿਆਹ-ਸ਼ਾਦੀ ਬਾਰੇ ਪ੍ਰਵਾਸੀ ਝਗੜਿਆਂ ਦੇ ਮਾਮਲੇ 'ਚ ਰੰਜ਼ਿਸ਼ ਕੱਢਣਾ ਕੈਨੇਡੀਅਨ ਪੰਜਾਬੀ ਪੱਤਰਕਾਰੀ 'ਚ ਸਮੇਂ ਨਾਲ ਪ੍ਰਵੇਸ਼ ਕਰ ਰਿਹਾ ਮਾੜਾ ਰੁਝਾਨ ਹੈ, ਜਿਸ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਵੱਡੇ ਪੱਧਰ 'ਤੇ ਵੇਖਿਆ ਜਾਏ, ਤਾਂ ਇਹ ਵਰਤਾਰਾ ਹਰ ਥਾਂ ਹੀ ਪੱਤਰਕਾਰੀ 'ਚ ਨਜ਼ਰ ਆ ਰਿਹਾ ਹੈ। ਕੁੱਲ ਮਿਲਾ ਕੇ ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਲੰਮਾ ਸਫ਼ਰ ਪੂਰਾ ਕਰ ਚੁੱਕੀ ਹੈ ਅਤੇ ਵਿਕਾਸ ਦੀਆਂ ਲੀਹਾਂ 'ਤੇ ਕਦਮ ਪੁੱਟ ਰਹੀ ਹੈ। ਕੈਨੇਡਾ ਵਿਚ ਪੰਜਾਬੀ ਮੀਡੀਆ ਦੇ ਫੈਲਾਅ ਵਿਚ ਕੈਨੇਡਾ ਦੇ ਪੰਜਾਬੀ ਰੇਡੀਓ ਸਟੇਸ਼ਨਾਂ ਦੀ ਖਾਸ ਭੂਮਿਕਾ ਰਹੀ ਹੈ, ਪਰ ਇਸ ਸਬੰਧੀ ਵਿਚਾਰ ਵੱਖਰੇ ਲੇਖ ਦੀ ਸਮਰੱਥਾ ਰੱਖਦੇ ਹਨ। ਕੈਨੇਡਾ ਦੀ ਪੰਜਾਬੀ ਪੱਤਰਕਾਰੀ ਦਾ ਸਦੀ ਦਾ ਲੰਮਾ ਸਫਰ ਪੰਜਾਬੀ ਜ਼ਬਾਨ ਦੀ ਤਰੱਕੀ ਦਾ ਸੂਚਕ ਹੋ ਨਿਬੜਿਆ ਹੈ।

**ਡਾ. ਗੁਰਵਿੰਦਰ ਸਿੰਘ**
**ਐਬਟਸਫੋਰਡ, ਕੈਨੇਡਾ**
**+16048251550**

# ਜਰਨੈਲ ਸਿੰਘ ਆਰਟ ਗੈਲਰੀ



ਜਰਨੈਲ ਸਿੰਘ ਚਿੱਤਰਕਾਰੀ ਦੀ ਦੁਨੀਆ ਦਾ ਚਰਚਿਤ ਹਸਤਾਖ਼ਰ ਹੈ ਉਸਦਾ ਜਨਮ ਜ਼ੀਰਾ, ਜਿਲ੍ਹਾ ਫ਼ਿਰੋਜਪੁਰ 'ਚ 1956 ਨੂੰ ਕਿਰਪਾਲ ਸਿੰਘ ਦੇ ਘਰ ਹੋਇਆ। ਉਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਿਸਟਰੀ ਅਤੇ ਇਕਨਾਮਿਕਸ ਦੇ ਵਿਸ਼ਿਆਂ ਵਿੱਚ ਬੀ. ਏ. ਕੀਤੀ। ਸੰਨ 2000 ਵਿੱਚ ਉਹ ਆਪਣੇ ਪਰਿਵਾਰ ਅਤੇ ਬੱਚਿਆਂ ਨਾਲ ਕੈਨੇਡਾ ਆ ਗਿਆ।ਉਸ ਦੇ ਪਿਤਾ ਸ. ਕਿਰਪਾਲ ਸਿੰਘ ਆਰਟਿਸਟ ਐਪਿਕ ਆਰਟਿਸਟ ਸੀ ਪਰ ਉਹ 'ਸਟਿਲ ਲਾਈਫ' ਦਾ। ਜਰਨੈਲ ਸਿੰਘ ਨੂੰ ਬਚਪਨ ਤੋਂ ਇਸ ਕਲਾ ਨਾਲ ਪਿਆਰ ਅਤੇ ਦਿਲਚਸਪੀ ਸੀ। ਜਰਨੈਲ ਸਿੰਗ ਨੇ ਚਿੱਤਰਕਾਰੀ ਵਿੱਚ ਕੋਈ ਰਸਮੀ ਸਿਖਲਾਈ ਨਹੀਂ ਲਈ। ਉਸ ਦੇ ਪਿਤਾ ਜੀ, ਸਰਦਾਰ ਕਿਰਪਾਲ ਸਿੰਘ, ਵੀ ਚਿੱਤਰਕਾਰ ਸਨ ਜੋ ਸਿੱਖ ਇਤਿਹਾਸ ਅਤੇ ਰਵਾਇਤਾਂ ਬਾਰੇ ਚਿੱਤਰਕਾਰੀ ਕਰਦੇ ਸਨ। ਉਹਨਾਂ ਦੀ ਮਦਦ ਕਰਦਿਆਂ ਜਰਨੈਲ ਸਿੰਘ ਨੇ ਗੈਰ ਰਸਮੀ ਢੰਗ ਨਾਲ ਚਿੱਤਰਕਾਰੀ ਦਾ ਹੁਨਰ ਸਿੱਖਿਆ। ਉਸ ਨੇ ਸਿੱਖ ਇਤਿਹਾਸ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਅਤੇ ਪ੍ਰਕਿਰਤੀ ਦ੍ਰਿਸ਼ਾਵਲੀ ਨੂੰ ਆਪਣੀ ਕਲਾ ਦਾ ਵਿਸ਼ਾ ਬਣਾਇਆ।



ਸੰਨ 1975 ਤੋਂ ਉਹ ਪੰਜਾਬ ਕਲਾ ਅਕੈਡਮੀ ਵਲੋਂ ਆਯੋਜਿਤ ਕੀਤੀਆਂ ਜਾਂਦੀਆਂ ਸਲਾਨਾ ਨੁਮਾਇਸ਼ਾਂ ਚਿੱਚ ਹਿੱਸਾ ਲੈਣ ਲੱਗਾ। ਸੰਨ 1979 ਅਤੇ 1980 ਚਿੱਚ ਉਸ ਨੇ ਪੰਜਾਬ ਲਲਿਤ ਅਕੈਡਮੀ ਦੇ ਇਨਾਮ ਜਿੱਤੇ। ਕਲਾ ਆਲੋਚਕ ਐਸ ਐਸ ਭੱਟੀ ਅਨੁਸਾਰ ਜਰਨੈਲ ਸਿੰਗ ਦੀ ਚਿੱਤਰਕਾਰੀ ਨੂੰ ਮੁੱਖ ਤੌਰ 'ਤੇ ਤਿੰਨ ਥੀਮਾਂ ਵਿੱਚ ਵੰਡਿਆ ਜਾ ਸਕਦਾ ਹੈ: ਇਤਿਹਾਸਕ ਚਿੱਤਰਕਾਰੀ, ਪੰਜਾਬ ਦੀ ਜ਼ਿਦਗੀ ਬਾਰੇ ਚਿੱਤਰਕਾਰੀ ਅਤੇ ਪੋਰਟੇ। ਕੈਨੇਡਾ ਵਿੱਚ ਆ ਕੇ ਜਰਨੈਲ ਸਿੰਘ ਨੇ ਆਪਣਾ ਚਿੱਤਰਕਾਰੀ ਦਾ ਕੰਮ ਜਾਰੀ ਰੱਖਿਆ। ਇਥੇ ਉਨ੍ਹਾਂ ਨੇ ਚਿੱਤਰਕਾਰੀ ਦਾ ਸਟੂਡੀਓ ਤੇ ਗੈਲਰੀ ਬਣਾਏ ਹੋਏ ਹਨ ਅਤੇ ਵਿਦਿਆਰਥੀਆਂ ਨੂੰ ਉਹ ਤੇ ਉਨ੍ਹਾਂ ਦੀ ਧੀ

ਚਿੱਤਰਕਾਰੀ ਦੀ ਸਿੱਖਲਾਈ ਵੀ ਦਿੰਦੇ ਹਨ। ਕੈਨੇਡਾ ਆ ਕੇ ਕਈ ਪ੍ਰੋਜੈਕਟ ਅਤੇ ਸ਼ੋਅ ਕੀਤੇ ਹਨ। ਇੱਥੇ ਉਸ ਦੇ ਕੰਮ ਦੀ ਕਾਫੀ ਪ੍ਰਸੰਸਾ ਹੋਈ ਹੈ। ਉਦਾਹਰਨ ਲਈ ਉਸ ਵਲੋਂ ਬਣਾਏ ਪੋਰਟਰੇਟ 'ਦਿ ਪੈਟਰੀਆਰਚ' ਨੂੰ ਕੈਨੇਡੀਅਨ ਇੰਸਟੀਚਿਊਟ ਆਫ ਪੋਰਟਰੇਟ ਆਰਟਿਸਟਸ ਵਲੋਂ ਆਯੋਜਿਤ ਕੀਤੇ ਇਕ ਕੰਪੀਟੀਸ਼ਨ ਵਿੱਚ ਡੇਨੀਅਲ ਪੀ ਇਜ਼ਰਡ ਦਾ ਮੈਡਲ ਪ੍ਰਾਪਤ ਹੋਇਆ। ਉਸ ਦਾ ਬਣਾਇਆ ਡਿਜ਼ਾਈਨ ਪਬਲਿਕ ਬੈਨਰ ਲਈ ਚੁਣਿਆ ਗਿਆ। ਚਿੱਤਰਕਾਰੀ ਤੋਂ ਬਿਨਾ ਉਹ ਇਕ ਲੇਖਕ ਵੀ ਹੈ। ਉਸ ਦੀ ਪਹਿਲੀ ਕਿਤਾਬ 'ਪੰਜਾਬੀ ਚਿੱਤਰਕਾਰ' ਹੈ। ਇਸ ਵਿੱਚ ਉਸ ਨੇ ਪੰਜਾਬ ਦੇ ਚਿੱਤਰਕਾਰਾਂ ਬਾਰੇ ਲਿਖਿਆ ਹੈ। ਸੰਨ 2014 ਵਿੱਚ ਕਾਮਾਗਾਟਾਮਾਰੂ ਦੇ ਦੁਖਾਂਤ ਬਾਰੇ ਉਸ ਦੀ (ਅਜਮੇਰ ਰੋਡੇ ਨਾਲ ਸਾਂਝੀ) ਇਕ ਕਿਤਾਬ, 'ਏ ਜਰਨੀ ਵਿਦ ਦੀ ਐਂਡਲੈੱਸ ਆਈ: ਸਟੋਰੀਜ਼ ਆਫ ਕਾਮਾਗਾਟਾਮਾਰੂ ਇਨਸੀਡੈਂਟ' ਛਪੀ ਹੈ ਇਸ ਕਿਤਾਬ ਵਿੱਚ ਕਾਮਾਗਾਟਾਮਾਰੂ ਦੀ ਕਹਾਣੀ ਨੂੰ ਤਸਵੀਰਾਂ ਅਤੇ ਸ਼ਬਦਾਂ ਨਾਲ ਪੇਸ਼ ਕੀਤਾ ਗਿਆ ਹੈ।

ਜਰਨੈਲ ਸਿੰਘ ਨੂੰ ਪੰਜਾਬ ਲਲਿਤ ਅਕੈਡਮੀ ਐਵਾਰਡ, ਇੰਟਰਨੈਸ਼ਨਲ ਚੈਂਬਰ ਆਫ ਕੌਮਰਸਮ, ਟੋਰਾਂਟੋ ਵਲੋਂ, ਅਚੀਵਰ ਐਵਾਰਡ, ਕੈਨੇਡੀਅਨ ਇੰਸਟੀਚਿਊਟ ਆਫ ਪੋਰਟਰੇਟ ਆਰਟਿਸਟਸ ਵਲੋਂ, ਡੇਨੀਅਲ ਪੀ ਇਜ਼ਰਡ ਮੈਡਲ, ਸਰੀ ਦੇ 10 ਸਾਲਾਂ ਦਾ ਬੈਨਰ ਡਿਜ਼ਾਇਨ, ਸਰੀ ਵਲੋਂ, 'ਸਰੀ ਸਿਵਿਕ ਟ੍ਰੈਜ਼ਰ' ਐਵਾਰਡ ਸਰੀ ਵਲੋਂ, 'ਲਾਇਫ ਟਾਈਮ ਅਚੀਵਮੈਂਟ' ਐਵਾਰਡ ਨਾਲ ਨਿਵਾਜਿਆ ਗਿਆ ਹੈ।

**ਪ੍ਰੋ. ਸ਼ਰਨਜੀਤ ਕੌਰ**



ਲੇਖ

# ਜਰਨੈਲ ਸਿੰਘ ਸੇਖਾ ਦੀ ਸਾਹਿਤ ਸਿਰਜਣਾ

**ਡਾ. ਬਬਨੀਤ ਕੌਰ**



ਕੈਨੇਡਾ ਵਾਸੀ ਡਾ. ਬਬਨੀਤ ਕੌਰ ਨੇ ਪੀਐੱਚ. ਡੀ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੀਤੀ। ਉਸ ਦੇ ਖੋਜ ਪ੍ਰਬੰਧ ਦਾ ਵਿਸ਼ਾ ਕੈਨੇਡਾ ਵਿਚ 21ਵੀਂ ਸਦੀ ਵਿਚ ਰਚੇ ਪੰਜਾਬੀ ਨਾਵਲਾਂ ਵਿਚ ਮਨੁੱਖੀ ਰਿਸ਼ਤਿਆਂ ਦਾ ਬਦਲਦਾ ਸਰੂਪ ਹੈ। ਹੁਣ ਤੱਕ ਉਸ ਦੇ 7 ਖੋਜ ਪੱਤਰ ਪ੍ਰਕਾਸ਼ਿਤ ਹੋ ਚੁੱਕੇ ਹਨ। ਹੱਥਲੇ ਖੋਜ ਪੱਤਰ ਵਿਚ ਉਸਨੇ ਜਰਨੈਲ ਸਿੰਘ ਸੇਖਾ ਦੇ ਨਾਵਲਾਂ ਦਾ ਵਿਸ਼ਲੇਸ਼ਣ ਕੀਤਾ ਹੈ

ਜਰਨੈਲ ਸਿੰਘ ਸੇਖਾ ਦੀ ਨਾਵਲ ਸਿਰਜਣ ਪ੍ਰਕਿਰਿਆ ਦਾ ਆਰੰਭ ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਵਿੱਚ ਨਾਵਲ 'ਦੁਨੀਆ ਕੈਸੀ ਹੋਈ'(1997) ਦੀ ਰਚਨਾ ਨਾਲ ਹੁੰਦਾ ਹੈ।ਇਹ ਨਾਵਲ ਵਿਸ਼ੇ ਅਤੇ ਤਕਨੀਕ ਪਖੋਂ ਬਹੁਤ ਮਹਤੱਵਪੂਰਨ ਰਚਨਾ ਹੈ। ਇਸ ਨਾਵਲ ਦਾ ਬਿਰਤਾਂਤ ਕੈਨੇਡਾ ਵਿੱਚ ਰਹਿੰਦੇ ਖੇਤ ਮਜ਼ਦੂਰਾਂ ਦੀਆਂ ਜੀਵਨ ਗਤੀਵਿਧੀਆਂ, ਰੁਜ਼ਗਾਰ ਹਾਲਾਤਾਂ, ਜੀਵਨ ਸਮਾਚਾਰਾਂ ਅਤੇ ਸਮਕਾਲੀਨ ਪ੍ਰਸਥਿਤੀਆਂ ਤੋਂ ਲੈ ਕੇ ਕੈਨੇਡਾ ਦੀ ਸਰਮਾਏਦਾਰੀ ਪ੍ਰਬੰਧ ਅਧੀਨ ਮਨੁੱਖ ਦੇ ਬਦਲਦੇ ਜੀਵਨ ਹਾਲਾਤਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਨਾਵਲ ਦਾ ਸਿਰਲੇਖ 'ਦੁਨੀਆ ਕੈਸੀ ਹੋਈ' ਵੀ ਇਸੇ ਤਬਦੀਲੀ ਵੱਲ ਸੰਕੇਤ ਕਰਦਾ ਹੈ। ਇਸ ਤਬਦੀਲੀ ਦੇ ਵਿਭਿੰਨ ਕਾਰਨਾਂ ਨੂੰ ਨਾਵਲ ਵਿੱਚ ਸਮੁੱਚੇ ਸੰਸਾਰ ਦੀਆਂ ਬਦਲਦੀਆਂ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਉਜਾਗਰ ਕੀਤਾ ਹੈ। ਨਾਵਲ ਵਿੱਚ ਪ੍ਰਸਤੁਤ ਉਪਰੋਕਤ ਪਰਿਵਰਤਨ ਨੂੰ ਨਾਵਲ ਦੇ ਵਿਭਿੰਨ ਪਾਤਰਾਂ ਚੜ੍ਹਤ ਸਿੰਘ, ਜਗਤਾਰ, ਸੂਬੇਦਾਰ, ਜਸਮੇਲ ਕੌਰ, ਇੰਸਪੈਕਟਰ ਅਤੇ ਖੇਤ ਵਿੱਚ ਕੰਮ ਕਰਦੇ ਕਈ ਹੋਰ ਖੇਤ ਮਜ਼ਦੂਰਾਂ ਦੀ ਜੀਵਨ ਬਿਰਤਾਂਤ ਦੇ ਪ੍ਰਸੰਗ ਵਿੱਚ ਸਿਰਜਿਆ ਗਿਆ ਹੈ। ਇਨ੍ਹਾਂ ਪਾਤਰਾਂ ਦੇ ਜੀਵਨ ਵਿੱਚ ਸਮਾਜ-ਸਭਿਆਚਾਰਕ ਅਤੇ ਆਰਥਿਕ ਤਬਦੀਲੀ ਕਾਰਨ ਬਦਲਦੇ ਮਨੁੱਖੀ ਰਿਸ਼ਤਿਆਂ, ਪੀੜ੍ਹੀ-ਪਾੜ੍ਹੇ, ਸਰਮਾਏਦਾਰੀ ਪ੍ਰਬੰਧ ਵਿੱਚ ਮਜ਼ਦੂਰ ਵਰਗ ਦੀ ਲੁੱਟ ਅਤੇ ਪੰਜਾਬ ਦੇ ਭੂਮੀ ਮਾਲਕ ਤੋਂ ਭੂਮੀ ਮਜ਼ਦੂਰ ਬਣਨ ਦੀਆਂ ਦਰਪੇਸ਼ ਸਮੱਸਿਆਵਾਂ ਨੂੰ ਇਹ ਨਾਵਲ ਬਾਖ਼ੂਬੀ ਚਿਤਰਦਾ ਹੈ।ਇਨ੍ਹਾਂ ਖੇਤ ਮਜ਼ਦੂਰਾਂ ਦੀਆਂ ਵੱਖੋ-ਵੱਖਰੀਆਂ ਸਮੱਸਿਆਵਾਂ ਨੂੰ ਪ੍ਰਸਤੁਤ ਕਰਦੀਆਂ ਵਿਭਿੰਨ ਕਹਾਣੀਆਂ ਇਸ ਕਿਰਤ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ ਜੋ ਕਿ ਇਸ ਕਿਰਤ ਨੂੰ ਤਕਨੀਕ ਪਖੋਂ ਵਿਲੱਖਣਤਾ ਪ੍ਰਦਾਨ ਕਰਦੀਆਂ ਹਨ। ਇਸ ਬਿਰਤਾਂਤਕ ਪ੍ਰਵਚਨ ਦੀ ਵੱਖਰਤਾ ਇਹ ਹੈ ਕਿ ਖੇਤ ਮਜ਼ਦੂਰਾਂ ਦੇ ਸਮਕਾਲੀਨ ਹਾਲਾਤਾਂ ਨਾਲ ਸੰਬੰਧਤ ਹਰੇਕ ਕਾਂਡ ਆਪਣੇ ਆਪ ਵਿੱਚ ਇੱਕ ਸੰਪੂਰਨ ਕਹਾਣੀ ਹੈ। ਪਰੰਤੂ ਇਨ੍ਹਾਂ

ਸਾਰੀਆਂ ਕਹਾਣੀਆਂ ਦੀਆਂ ਤੰਦਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ, ਜੋ ਇਸ ਨੂੰ ਇਕ ਨਾਵਲ ਵਜੋਂ ਉਸਾਰਦੀਆਂ ਹਨ। ਪਰਵਾਸੀ ਨਾਵਲ ਪਰੰਪਰਾ ਅਧੀਨ ਨਾਵਲਕਾਰ ਵਲੋਂ ਕੀਤਾ ਗਿਆ ਇਕ ਨਵਾਂ ਪ੍ਰਯੋਗ ਹੈ।

ਵਿਚਾਰਧੀਨ ਨਾਵਲ ਵਿਚ ਪਰਵਾਸੀ ਖੇਤ ਮਜ਼ਦੂਰਾਂ ਦੇ ਕੈਨੇਡਾ ਵਿਚ ਰਹਿੰਦਿਆਂ ਮਾੜੇ ਜੀਵਨ ਹਾਲਾਤਾਂ, ਪੰਜਾਬੀ ਸਰਮਾਏਦਾਰਾਂ ਵਲੋਂ ਦਿੱਤੀ ਜਾਂਦੀ ਘੱਟ ਉਜਰਤ ਅਤੇ ਇਨ੍ਹਾਂ ਖੇਤ ਮਜ਼ਦੂਰਾਂ ਦੀਆਂ ਸ਼ੋਸ਼ਣਕਾਰੀ ਸਥਿਤੀਆਂ ਨੂੰ ਵਿਸਤ੍ਰਿਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਮਜ਼ਦੂਰਾਂ ਦਾ ਸ਼ੋਸ਼ਣ ਹੋਣ ਦੇ ਕਈ ਕਾਰਨ ਨਾਵਲ ਵਿੱਚ ਸਿਰਜੇ ਗਏ ਹਨ ਜਿਨ੍ਹਾਂ ਵਿਚੋਂ ਇਨ੍ਹਾਂ ਦਾ ਚੋਰੀ-ਛੁਪੇ ਕੰਮ ਕਰਨਾ, ਘੱਟ ਪੜ੍ਹੇ ਲਿਖੇ ਹੋਣਾ ਅਤੇ ਸਰਕਾਰ ਦੀਆਂ ਨਜ਼ਰਾਂ ਤੋਂ ਬਚਣਾ ਕੁਝ ਮੁੱਖ ਕਾਰਨ ਹਨ। ਦੂਜਾ ਇਨ੍ਹਾਂ ਖੇਤਾਂ ਵਿੱਚ ਕੰਮ ਕਰਨ ਵਾਲੇ ਬਹੁਤੇ ਪਾਤਰ ਅਧੇੜ੍ਹ ਉਮਰ ਦੇ ਹਨ, ਜੋ ਕਿ ਪੰਜਾਬ ਤੋਂ ਕਿਰਸਾਨੀ ਪਿਛੋਕੜ ਨਾਲ ਸੰਬੰਧਤ ਹਨ। ਇਸ ਕਰਕੇ ਇਨ੍ਹਾਂ ਪਾਤਰਾਂ ਵਲੋਂ ਖੇਤਾਂ ਵਿੱਚ ਕੰਮ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਤੀਜਾ ਕੈਨੇਡਾ ਵਿੱਚ ਭਾਸ਼ਾ ਦੀ ਸਮੱਸਿਆ ਨੂੰ ਸਮਝਦਿਆਂ ਵੀ ਇਨ੍ਹਾਂ ਪਾਤਰਾਂ ਕੋਲ ਕੋਈ ਹੋਰ ਕੰਮ ਕਰਨ ਦਾ ਰਾਹ ਨਹੀਂ ਬਚਦਾ। ਚੌਥਾ ਇਨ੍ਹਾਂ ਪਾਤਰਾਂ ਦੇ ਘਰਾਂ ਵਿੱਚ ਇਨ੍ਹਾਂ ਲਈ ਸਤਿਕਾਰ ਦੀ ਕਮੀ ਅਤੇ ਇਨ੍ਹਾਂ ਦੇ ਬੱਚਿਆਂ ਵਲੋਂ ਇਨ੍ਹਾਂ ਤੋਂ ਕੰਮ ਕਰਨ ਦੀ ਕੀਤੀ ਜਾਂਦੀ ਆਸ ਵੀ ਇਸ ਦੁਰਦਸ਼ਾ ਦਾ ਕਾਰਨ ਹਨ। ਨਾਵਲ ਵਿਚ ਸ਼ਾਮਲ ਜਗਤਾਰ ਸਿੰਘ, ਜਸਮੇਲ ਕੌਰ, ਇੰਸਪੈਕਟਰ ਅਤੇ ਸੂਬੇਦਾਰ ਆਦਿ ਪਾਤਰਾਂ ਦੀਆਂ ਕਥਾਵਾਂ ਅਜਿਹੀ ਸਥਿਤੀ ਦੀ ਹੀ ਉਪਜ ਹਨ। ਇਨ੍ਹਾਂ ਪਾਤਰਾਂ ਦੀ ਵਿਡੰਬਨਾ ਇਹ ਹੈ ਕਿ ਖੇਤੀ ਪ੍ਰਧਾਨ ਸਮਾਜ ਦੀ ਉਪਜ ਇਹ ਬਜ਼ੁਰਗ ਪਾਤਰ ਜਿੱਥੇ ਪੰਜਾਬ ਵਿੱਚ ਆਪਣੇ ਘਰਾਂ ਦੇ ਮਾਲਕ ਸਨ ਉੱਥੇ ਹੀ ਕੈਨੇਡਾ ਵਿੱਚ ਆ ਕੇ ਇਨ੍ਹਾਂ ਨੂੰ ਆਪਣੇ ਬੱਚਿਆਂ ਦੀ ਅਧੀਨਗੀ ਸਵੀਕਾਰ ਕਰਨੀ ਪਈ, ਜੋ ਕਿ ਇਸ ਪੀੜ੍ਹੀ ਲਈ ਬੇਹੱਦ ਦੁੱਖਦਾਈ ਹੋ ਨਿਬੜਿਆ।

ਨਾਵਲ ਵਿਚ ਇਨ੍ਹਾਂ ਪਾਤਰਾਂ ਦੇ ਅਜਿਹੇ ਹਾਲਾਤਾਂ ਨੂੰ ਸੰਬੰਧਤ ਸਮਾਜ ਦੀਆਂ ਸਮਕਾਲੀਨ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਚਿਤਰਿਆ ਗਿਆ ਹੈ। ਜਗੀਰਦਾਰੀ ਪ੍ਰਬੰਧ ਦੀ ਉਪਜ ਇਹ ਪਾਤਰ ਪੰਜਾਬ ਵਿੱਚ ਤਾਂ ਆਪਣੇ ਘਰਾਂ ਦੇ ਮਾਲਕ ਰਹੇ ਹਨ ਪਰੰਤੂ ਕੈਨੇਡਾ ਦੇ ਸਰਮਾਏਦਾਰੀ ਪ੍ਰਬੰਧ ਵਿੱਚ ਆ ਕੇ ਇਨ੍ਹਾਂ ਦੀ ਮਾਲਕੀ ਚਲੀ ਜਾਂਦੀ ਹੈ।

ਨਾਵਲ ਵਿੱਚ ਮਾਪਿਆਂ ਅਤੇ ਉਨ੍ਹਾਂ ਦੀ ਔਲਾਦ ਵਿਚਕਾਰ ਫੈਲਿਆ ਇਹ ਸੰਕਟ ਸਿਰਫ ਦੋ ਪੀੜ੍ਹੀਆਂ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਤੀਜੀ ਪੀੜ੍ਹੀ ਤੱਕ ਪਹੁੰਚਦਿਆਂ ਹੋਰ ਵੀ ਤਿੱਖਾ ਹੁੰਦਾ ਹੈ। ਨਾਵਲ ਦੀ ਪਾਤਰ ਜਸਮੇਲ ਕੌਰ ਦੁਆਰਾ ਉਸਦੀ ਪੋਤਰੀ ਦੇ ਪੱਛਮੀ ਖੁੱਲ ਨੂੰ ਮਾਨਣ ਨੂੰ ਲੈ ਕੇ ਕੀਤਾ ਵਿਰੋਧ ਇਸ ਤਣਾਉ ਨੂੰ ਹੋਰ ਵੀ ਡੂੰਘਾ ਕਰਦਾ ਹੈ। ਇਸੇ ਕਾਰਨ ਜਸਮੇਲ ਕੌਰ ਘਰ ਛੱਡਣ ਦਾ ਫੈਸਲਾ ਕਰਦੀ ਹੈ ਅਤੇ ਸੂਬੇਦਾਰ ਨਾਲ ਵਿਆਹ ਕਰਾਉਂਦੀ ਹੈ। ਨਾਵਲ ਵਿਚ ਇਨ੍ਹਾਂ ਪਾਤਰਾਂ ਦਾ

ਅਧੇੜ ਉਮਰ ਵਿੱਚ ਕੀਤਾ ਵਿਆਹ ਮਨੁੱਖੀ ਜੀਵਨ ਦੀਆਂ ਭੱਵਿਖਮੁੱਖੀ ਸੰਭਾਵਨਾਵਾਂ ਨੂੰ ਉਜਾਗਰ ਕਰਦਾ ਹੈ। ਇਹ ਨਾਵਲ ਜਿੱਥੇ ਪਰਵਾਸੀ ਪੰਜਾਬੀਆਂ ਦੀਆਂ ਵਸਤੂਗਤ ਪ੍ਰਸਥਿਤੀਆਂ ਅਤੇ ਪੂੰਜੀਵਾਦੀ ਪ੍ਰਬੰਧ ਦੇ ਸਮਕਾਲੀਨ ਸੰਕਟ ਦੀ ਨਿਸ਼ਾਨਦੇਹੀ ਕਰਦਾ ਹੈ ਉੱਥੇ ਹੀ ਸੰਤੁਲਿਤ ਜੀਵਨ ਦ੍ਰਿਸ਼ਟੀ ਅਪਨਾਉਣ ਅਤੇ ਇਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਵੱਲ ਸੇਧਿਤ ਵੀ ਹੈ।

ਜਰਨੈਲ ਸਿੰਘ ਸੇਖਾ ਦਾ ਦੂਸਰਾ ਨਾਵਲ **'ਭਗੌੜਾ'** (2003) ਹੈ। ਇਸ ਨਾਵਲ ਦਾ ਬਿਰਤਾਂਤ ਨਾਵਲ ਦੇ ਪਾਤਰ ਸੁਖਬੀਰ ਦੀ ਪਰਵਾਸ ਦੀ ਪਿੱਠਭੂਮੀ ਵਿੱਚ ਫੈਲੇ ਕਾਰਨਾਂ, ਪਰਵਾਸ ਪ੍ਰਕਿਰਿਆ ਦੌਰਾਨ ਹੰਢਾਏ ਸੰਕਟ, ਪੰਜਾਬ ਵਿੱਚ ਖਾਲਿਸਤਾਨੀ ਲਹਿਰ ਦਾ ਪ੍ਰਭਾਵ ਅਤੇ ਕੈਨੇਡਾ ਤੱਕ ਪਹੁੰਚਣ ਲਈ ਕੀਤੀ ਜੱਦੋ-ਜਹਿਦ ਦੇ ਪ੍ਰਸੰਗ ਵਿੱਚ ਹੋਂਦ ਧਾਰਦਾ ਹੈ। ਨਾਵਲ ਵਿੱਚ ਸੁਖਬੀਰ ਦੇ ਪਰਵਾਸ ਧਾਰਨ ਕਰਨ ਵਿੱਚ ਭਾਵੇ ਪੰਜਾਬ ਸੰਕਟ ਸਿੱਧੇ ਰੂਪ ਵਿੱਚ ਕਾਰਗਰ ਨਹੀਂ ਹੁੰਦਾ ਪਰੰਤੂ ਸੁਖਬੀਰ ਦੁਆਰਾ ਇੱਕ ਹਿੰਦੂ ਇੰਸਪੈਕਟਰ ਦੀ ਕੁੜੀ ਸੁਰੇਖਾ ਨੂੰ ਪਿਆਰ ਕਰਨ ਕਾਰਨ ਝੂਠੇ ਚਾਰਜ ਦੇ ਰੂਪ ਵਿੱਚ ਅਸਿੱਧੇ ਢੰਗ ਨਾਲ ਕਾਰਗਰ ਰਹਿੰਦਾ ਹੈ। ਕਾਲਜ ਵਿੱਚ ਬ੍ਰਾਹਮਣ ਜਾਤੀ ਦੀ ਕੁੜੀ ਨਾਲ ਪਿਆਰ ਦੇ ਨਤੀਜੇ ਵਜੋਂ ਸੁਖਬੀਰ ਉੱਤੇ ਕੁੜੀ ਦੇ ਇੰਸਪੈਕਟਰ ਪਿਉ ਵਲੋਂ ਝੂਠਾ ਮੁਕਦਮਾ ਬਣਾਇਆ ਜਾਂਦਾ ਹੈ, ਜਿਸ ਤੋਂ ਬਚਣ ਖਾਤਰ ਸੁਖਬੀਰ ਨਾਜਾਇਜ਼ ਢੰਗ ਨਾਲ ਪਰਵਾਸ ਧਾਰਨ ਕਰਨ ਲਈ ਮਜ਼ਬੂਰ ਹੁੰਦਾ ਹੈ। ਨਾਵਲ ਵਿੱਚ ਸੁਖਬੀਰ ਦੇ ਜੀਵਨ ਚੱਕਰ ਨਾਲ ਜੁੜਿਆ ਬਿਰਤਾਂਤ ਬਹੁ-ਪਰਤੀ ਹੈ ਜਿਸ ਦੁਆਰਾ ਨਾਵਲੀ ਪ੍ਰਵਚਨ ਵਿਚ ਸਿਰਫ ਸੁਖਬੀਰ ਦੇ ਨਾਜਾਇਜ਼ ਨਾਲ ਪਰਵਾਸ ਧਾਰਨ ਕਰਨ ਦੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਹੀ ਨਹੀਂ ਮਿਲਦੀ ਸਗੋਂ ਪੰਜਾਬ ਸੰਕਟ ਦੌਰਾਨ ਪਰਵਾਸ ਧਾਰਨ ਕਰਨ ਵਾਲੇ ਅਨੇਕਾਂ ਨੌਜੁਆਨਾਂ ਦੀਆਂ ਸੰਕਟਗ੍ਰਸਤ ਸਥਿਤੀਆਂ ਦੀ ਨਿਸ਼ਾਨਦੇਹੀ ਵੀ ਹੁੰਦੀ ਹੈ।

ਨਾਵਲ ਦੇ ਪਾਤਰ ਸੁਖਬੀਰ ਦੇ ਪਰਵਾਸ ਧਾਰਨ ਕਰਨ ਲਈ ਪੰਜਾਬ ਵਿੱਚ ਸੁਖਬੀਰ ਦੇ ਸੁਰੇਖਾ ਨਾਲ ਪ੍ਰੇਮ ਸੰਬੰਧ, ਝੂਠਾ ਮੁਕੱਦਮਾ ਅਤੇ ਜਾਨ ਦਾ ਖਤਰਾ ਆਦਿ ਸੰਤਾਪਮਈ ਸਥਿਤੀਆਂ ਕਾਰਜਸ਼ੀਲ ਹਨ। ਇਸੇ ਕਾਰਨ ਉਹ ਦਿੱਲੀ ਤੋਂ ਤੁਰਿਆ ਪਹਿਲਾ ਚੈਕੋਸਲਾਵੇਕੀਆ, ਫਿਰ ਜਰਮਨੀ, ਫਿਰ ਇੰਗਲੈਂਡ ਅਤੇ ਅੰਤ ਕੈਨੇਡਾ ਵਿੱਚ ਇੱਕ ਗ਼ੈਰ-ਕਾਨੂੰਨੀ ਆਵਾਸੀ ਦਾ ਜੀਵਨ ਬਿਤਾਉਣ ਲਈ ਮਜ਼ਬੂਰ ਹੁੰਦਾ ਹੈ। ਨਾਵਲੀ ਪ੍ਰਵਚਨ ਵਿੱਚ ਸੁਖਬੀਰ ਦਾ ਦਿੱਲੀ ਤੋਂ ਕੈਨੇਡਾ ਤੱਕ ਦਾ ਸਫ਼ਰ ਬੇਹੱਦ ਦੁੱਖਦਾਈ ਰਹਿੰਦਾ ਹੈ। ਇਸ ਦੌਰਾਨ ਉਸ ਨੂੰ ਕਈ ਸ਼ੋਸਣਕਾਰੀ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਪਹਿਲਾਂ ਉਹ ਜਾਅਲੀ ਤਰੀਕਿਆਂ ਨਾਲ ਪਰਵਾਸ ਧਾਰਨ ਕਰਵਾਉਣ ਵਾਲੇ ਏਜੰਟਾਂ ਹੱਥੋਂ, ਚੈਕੋਸਲਾਵੇਕੀਆ ਵਿਚ ਮੈਡਮ ਮਾਰਾ ਵੱਲੋਂ ਅਤੇ ਹੋਰ ਕਈ ਥਾਈਂ ਉਸਦੀ ਉਜਰਤ ਖਰੀਦਣ ਵਾਲੇ ਫੈਕਟਰੀ ਮਾਲਕਾਂ ਦੁਆਰਾ ਸ਼ੋਸ਼ਿਤ ਹੁੰਦਾ ਹੈ।

ਨਾਵਲ ਵਿੱਚ ਪਹਿਲਾਂ ਤੋਂ ਸਥਾਪਿਤ ਪਰਵਾਸੀ ਪੰਜਾਬੀ ਭਾਈਚਾਰੇ ਦੇ ਲੋਕਾਂ ਵਲੋਂ ਮਜ਼ਬੂਰੀ ਦੌਰਾਨ ਨਵੇਂ ਆਏ ਪਰਵਾਸੀ ਪੰਜਾਬੀਆਂ ਦੀ ਲੁੱਟ ਖਸੁੱਟ ਨੂੰ ਸੁਖਬੀਰ ਦੀਆਂ ਸੰਕਟਕਾਲੀਨ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਬਾਖੂਬੀ ਚਿਤਰਿਆ ਗਿਆ ਹੈ।

ਨਾਵਲ ਵਿੱਚ ਪ੍ਰਸਤੁਤ ਇਹ ਸਮੱਸਿਆ ਸਿਰਫ ਸੁਖਬੀਰ ਦੀ ਹੋਣੀ ਨਹੀਂ ਸਗੋਂ ਸਮੁੱਚੇ ਗੈਰ-ਕਾਨੂੰਨੀ ਆਵਾਸੀਆਂ ਦੇ ਤ੍ਰਾਸਦਿਕ ਹਾਲਾਤਾਂ ਉੱਤੇ ਚਾਨਣਾ ਪਾਉਂਦੀ ਹੈ। ਨਾਵਲ ਵਿਚ ਮਿਸ ਸਿੱਧੂ, ਜੈਗ ਅਤੇ ਪੁਰੀ ਵੀ ਅਜਿਹੇ ਪਰਵਾਸੀ ਪੰਜਾਬੀ ਹਨ, ਜੋ ਸੁਖਬੀਰ ਦੀ ਉਜਰਤੀ ਲੁੱਟ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਇਹ ਨਾਵਲ ਮਿਸਟਰ ਮਹਿਰਾ ਦੇ ਕਿਰਦਾਰ ਰਾਹੀ ਇਕ ਅਜਿਹੇ ਮੁਨਾਫਾਖ਼ੋਰ ਪਰਜੀਵੀ ਵਰਗ ਨੂੰ ਵੀ ਪੇਸ਼ ਕਰਦਾ ਹੈ, ਜੋ ਮਾਲਕ ਅਤੇ ਮਜ਼ਦੂਰ ਦੀ ਵਿਚੋਲਗਿਰੀ ਵਿਚੋਂ ਮੁਨਾਫਾ ਕਮਾਉਂਦਾ ਹੈ। ਪਰੰਤੂ ਦੂਜੇ ਪਾਸੇ ਨਾਵਲ ਵਿੱਚ ਅਜਿਹੇ ਖ਼ੁਦਗਰਜ਼ ਪਾਤਰਾਂ ਦੇ ਪ੍ਰਤੀਕੂਲ ਇੱਕ ਅਜਿਹੀ ਧਿਰ ਸਿਰਜੀ ਗਈ ਹੈ ਜੋ ਸੁਖਬੀਰ ਦੀ ਹਰੇਕ ਸੰਭਵ ਮਦਦ ਕਰਦੀ ਹੈ ਨਾਵਲ ਵਿੱਚ ਪਰਵਾਸੀ ਪੰਜਾਬੀਆਂ ਦੀ ਲੋਟੂ ਧਿਰ ਦੇ ਪਾਤਰਾਂ ਦੇ ਸਮਵਿੱਥ ਸਕਾਰਾਤਮਕ ਸੋਚ ਦੇ ਪਾਤਰਾਂ ਦੀ ਸਿਰਜਣਾ ਨਾਵਲਕਾਰ ਦੇ ਸੰਤੁਲਿਤ ਦ੍ਰਿਸ਼ਟੀਕੋਣ ਦਾ ਪ੍ਰਤੀਕ ਹੈ।

ਜਰਨੈਲ ਸਿੰਘ ਸੇਖਾ ਦਾ ਤੀਜਾ ਨਾਵਲ '**ਵਿਗੋਚਾ**' (2009) ਮੁੱਢਲੇ ਪਰਵਾਸੀ ਪੰਜਾਬੀਆਂ ਦੀ ਕੈਨੇਡਾ ਵਿੱਚ ਪਰਵਾਸ ਪ੍ਰਕਿਰਿਆ ਤੋਂ ਲੈ ਕੇ ਲੰਬੇ ਅੰਤਰਾਲ ਦੌਰਾਨ ਵਾਪਰੀਆਂ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਪ੍ਰਸਥਿਤੀਆਂ ਅਤੇ ਪਰਵਾਸੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਦੇ ਸਮਕਾਲੀਨ ਹਾਲਾਤਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਇਸ ਨਾਵਲ ਦਾ ਕਥਾ ਸੰਸਾਰ ਵੀਹਵੀਂ ਸਦੀ ਦੇ ਆਰੰਭਲੇ ਦੌਰ ਵਿੱਚ ਪਰਵਾਸ ਧਾਰਨ ਕਰਕੇ ਗਏ ਪਰਵਾਸੀ ਪੰਜਾਬੀਆਂ ਦੀਆਂ ਮੁਢਲੀਆਂ ਜ਼ਰੂਰਤਾਂ, ਭਾਰਤ ਦਾ ਆਰਥਿਕ ਮੰਦਵਾੜਾ, ਮੰਦਵਾੜੇ ਵਿਚੋਂ ਉਪਜਿਆ ਪਰਵਾਸ, ਪਰਵਾਸੀ ਪੰਜਾਬੀਆਂ ਦਾ ਆਪਣੇ ਹੱਕਾਂ ਲਈ ਕੀਤਾ ਸੰਘਰਸ਼, ਰੇਲਵੇ ਲਾਈਨਾਂ 'ਤੇ ਮਜ਼ਦੂਰੀ, ਕੁੱਕ ਹਾਊਸਾਂ ਦਾ ਜੀਵਨ, ਨਸਲੀ ਵਿਤਕਰੇ ਦਾ ਸਾਹਮਣਾ, ਕੈਨੇਡਾ ਦੀ ਧਰਤੀ ਉੱਤੇ ਪਹਿਲੇ ਗੁਰੂਦੁਆਰੇ ਦੀ ਉਸਾਰੀ, ਗਦਰ ਪਾਰਟੀ ਦੀ ਸਥਾਪਨਾ, ਕਾਮਾਗਾਟਾਮਾਰੂ ਦੀ ਘਟਨਾ ਅਤੇ ਵੋਟ ਦਾ ਅਧਿਕਾਰ ਆਦਿ ਇਤਿਹਾਸਕ ਘਟਨਾਵਾਂ ਦੇ ਗਾਲਪਨਿਕ ਬਿੰਬ ਪੇਸ਼ ਕਰਦਾ ਹੈ।

ਇਹ ਨਾਵਲ ਮੁੱਖ ਰੂਪ ਵਿੱਚ ਚਾਰ ਪੀੜ੍ਹੀਆਂ ਦੀ ਗਾਥਾ ਹੈ। ਇਸ ਦੇ ਕੇਂਦਰ ਵਿੱਚ ਇੰਦਰ ਸਿੰਘ ਦਾ ਪਰਿਵਾਰ ਹੈ। ਬੋਬੀ ਇਸ ਪਰਿਵਾਰ ਦੀ ਚੌਥੀ ਪੀੜ੍ਹੀ ਦੀ ਪ੍ਰਤੀਨਿਧਤਾ ਕਰਦਾ ਪਾਤਰ ਹੈ। ਨਾਵਲ ਦਾ ਬਿਰਤਾਂਤ ਬਹੁ-ਪਰਤੀ ਹੈ, ਜੋ ਚੌਥੀ ਪੀੜ੍ਹੀ ਦੇ ਪਾਤਰ ਬੋਬੀ ਦੇ ਕਾਰਜਾਂ ਸੰਬੰਧੀ ਪਿੱਠਭੂਮੀ ਵਿੱਚ ਵਾਪਰੇ ਉਸਦੇ ਪੁਰਖਿਆਂ ਦੇ ਕਾਰਜਾਂ ਵੱਲ ਲਗਾਤਾਰ ਸੰਕੇਤ ਕਰਦਾ ਹੋਇਆ ਸਵਾਲੀਆ ਚਿੰਨ ਲਗਾਉਂਦਾ ਹੈ। ਸਮੁੱਚੇ ਨਾਵਲ ਵਿਚ ਚੌਥੀ ਪੀੜ੍ਹੀ ਦੇ ਪਾਤਰ ਬੋਬੀ ਦੇ ਸਵੈ-ਹਿੱਤਾਂ ਲਈ ਕੀਤੇ ਕਾਰਜਾਂ

ਅਤੇ ਪਿਛਲੀਆਂ ਪੀੜ੍ਹੀਆਂ ਦੇ ਲੋਕ ਹਿੱਤਾਂ ਲਈ ਕੀਤੇ ਕਾਰਜਾਂ ਦਾ ਅੰਤਰ ਸੰਵਾਦ ਲਗਾਤਾਰ ਇਸ ਪ੍ਰਸ਼ਨ ਉੱਤੇ ਕੇਂਦਰਿਤ ਹੈ ਕਿ ਪਹਿਲੀਆਂ ਪੀੜ੍ਹੀਆਂ ਨੇ ਕੀ ਖਟਿਆ ਅਤੇ ਗਵਾਇਆ ਅਤੇ ਚੌਥੀ ਪੀੜ੍ਹੀ ਦੇ ਰੂਪ ਵਿੱਚ ਬੋਬੀ ਦੇ ਆਪਣੇ ਪੁਰਖਿਆਂ ਦੇ ਬਲੀਦਾਨ ਦਾ ਕੀ ਰਿਣ ਅਦਾ ਕੀਤਾ ਹੈ। ਬੋਬੀ ਦਾ ਅਜਿਹਾ ਵਿਵਹਾਰ ਮੁੱਲ ਵੱਟਣ ਅਤੇ ਆਪਣਾ ਹੱਕ ਲੈਣ ਦੇ ਤਰਕ ਨੂੰ ਪ੍ਰਸਤੁਤ ਕਰਦਾ ਹੈ। ਬੋਬੀ ਦਾ ਇਹ ਤਰਕ ਉਸ ਦੇ ਪੁਰਖਿਆਂ ਤੋਂ ਬਿਲਕੁਲ ਵੱਖਰਾ ਹੈ। ਨਾਵਲੀ ਬਿਰਤਾਂਤ ਵਿੱਚ ਬੋਬੀ ਦੇ ਪਿਉ, ਦਾਦੇ ਅਤੇ ਪੜਦਾਦੇ ਕੈਨੇਡਾ ਵਿੱਚ ਸਥਾਪਤੀ ਲਈ ਸਮੂਹਿਕ ਤੌਰ ਉੱਤੇ ਲੋਕ ਹਿੱਤਾਂ ਲਈ ਕਾਰਜ ਕਰਦੇ ਹਨ ਉੱਥੇ ਹੀ ਬੋਬੀ ਨਸ਼ਿਆਂ ਦੀ ਤਸਕਰੀ ਦੁਆਰਾ ਵੱਧ ਤੋਂ ਵੱਧ ਪੂੰਜੀ ਪ੍ਰਾਪਤੀ ਅਤੇ ਆਰਥਿਕ ਸੰਪੰਨਤਾ ਹਾਸਲ ਕਰਨ ਵੱਲ ਰੁਚਿਤ ਹੈ।

ਵਿਚਾਰ ਅਧੀਨ ਨਾਵਲ ਨਸ਼ੇ ਦਾ ਵਪਾਰ ਕਰਨ ਅਤੇ ਇਸ ਨੂੰ ਪ੍ਰੋਤਸਾਹਨ ਦੇਣ ਵਾਲੀਆਂ ਧਿਰਾਂ ਦਾ ਪਰਦਾਫਾਸ਼ ਕਰਦਾ ਹੈ। ਨਾਵਲ ਵਿੱਚ ਇੰਦਰ ਸਿੰਘ ਦੀਆਂ ਚਾਰੋ ਪੀੜ੍ਹੀਆਂ ਦੇ ਵਿੱਚ ਲਗਾਤਾਰ ਚੱਲ ਰਿਹਾ ਇਨ੍ਹਾਂ ਮੌਤਾਂ ਦਾ ਸਿਲਸਿਲਾ ਕੁਝ ਅਸਹਿਜ ਜਾਪਦਾ ਹੈ ਕਿਉਂਕਿ ਨਾਵਲ ਵਿੱਚ ਪਹਿਲੀਆਂ ਤਿੰਨ ਪੀੜ੍ਹੀ ਦੇ ਪਾਤਰਾਂ ਵਿੱਚ ਕਈ ਸੰਭਾਵਨਾਵਾਂ ਮੌਜੂਦ ਸਨ ਪਰੰਤੂ ਇਹ ਪਾਤਰ ਨਾਵਲ ਵਿੱਚ ਕੋਈ ਜੁਝਾਰੂ ਕਾਰਜ ਨਹੀਂ ਕਰਦੇ ਅਤੇ ਅਣਆਈ ਮੌਤ ਦੇ ਮੂੰਹ ਪੈ ਜਾਂਦੇ ਹਨ। ਨਾਵਲ ਵਿੱਚ ਇਨ੍ਹਾਂ ਪਾਤਰਾਂ ਦੀ ਅਣਆਈ ਮੌਤ ਨਾਵਲਕਾਰ ਨੇ ਮੌਕਾ-ਮੇਲ ਸਿਰਜਣ ਹਿੱਤ ਕੀਤੀ ਹੈ ਜੋ ਮਨਇੱਛਿਤ ਯਥਾਰਥ ਸਿਰਜਣ ਵੱਲ ਸੇਧਿਤ ਜਾਪਦਾ ਹੈ ਇਸ ਨਾਵਲ ਵਿੱਚ ਬੋਬੀ ਵਰਗੀ ਨਵੀ ਪੀੜ੍ਹੀ ਦੇ ਪਾਤਰ ਦੀ ਸਿਰਜਣਾ ਦੇ ਸਮਵਿੱਥ ਪੰਮ ਦੇ ਪਾਤਰ ਦੀ ਸਿਰਜਣਾ ਕੀਤੀ ਹੈ, ਜੋ ਕਿ ਬੋਬੀ ਦੀ ਮਾਸੀ ਦੀ ਧੀ ਹੈ। ਪੰਮ ਸਮੁੱਚੇ ਨਾਵਲ ਵਿੱਚ ਅਤਿਸੰਵੇਦਨਸ਼ੀਲ ਅਤੇ ਤਰਕਸ਼ੀਲ ਕਾਰਜ ਕਰਦੀ ਹੈ। ਉਹ ਆਪਣੇ ਪ੍ਰੇਮ ਸੰਬੰਧਾਂ ਕਾਰਨ ਪਰੰਪਰਕ ਮੁੱਲ ਪ੍ਰਬੰਧ ਦੇ ਧਾਰਨੀ ਆਪਣੇ ਪਿਤਾ ਅਤੇ ਬੋਬੀ ਦੇ ਵਿਰੋਧ ਵਿੱਚ ਖੜ੍ਹਦੀ ਹੈ ਪਰੰਤੂ ਆਪਣੇ ਪ੍ਰੇਮੀ ਅਨੂਪ ਦੀ ਮੌਤ ਉਪਰੰਤ ਪਰਿਵਾਰ ਤੋਂ ਦੂਰੀ ਬਣਾ ਲੈਂਦੀ ਹੈ। ਪੰਮ ਦੇ ਨੀਂਵੀ ਜਾਤ ਦੇ ਮੁੰਡੇ ਅਨੂਪ ਨਾਲ ਪ੍ਰੇਮ ਸੰਬੰਧਾਂ ਬਾਰੇ ਅਪ੍ਰਵਾਨਗੀ ਦਾ ਕਾਰਨ ਪੰਮ ਦੇ ਪਿਤਾ ਦਾ ਪੱਖਪਾਤੀ ਰਵੱਈਆ ਹੈ, ਜੋ ਉਸ ਦੇ ਅਵਚੇਤਨ ਵਿੱਚ ਵਸੇ ਉੱਚੀ ਅਤੇ ਨੀਂਵੀ ਜਾਤ ਦੇ ਵਖਰੇਵੇਂ ਦੀ ਉਪਜ ਹੈ।ਪਰੰਤੂ ਪਿਤਾ ਦੇ ਵਿਰੋਧ ਵਿੱਚ ਖੜ੍ਹੀ ਪੰਮ ਦਾ ਬਿੰਬ ਨਵੀਂ ਪੀੜ੍ਹੀ ਦੀ ਔਰਤ ਵਿੱਚ ਪੈਦਾ ਹੋਈ ਚੇਤਨਾ ਨੂੰ ਪ੍ਰਗਟਾਉਂਦਾ ਹੈ। ਪੰਮ ਦੀ ਪੱਛਮੀ ਸੋਚ ਦੁਆਰਾ ਨਾਵਲਕਾਰ ਪੱਛਮੀ ਕੀਮਤ ਪ੍ਰਬੰਧ ਵਿੱਚ ਨਵੀ ਪੀੜ੍ਹੀ ਦੀ ਔਰਤ ਵਿੱਚ ਪੈਦਾ ਹੋਈ ਸੰਤੁਲਿਤ ਨਵ-ਚੇਤਨਾ ਨੂੰ ਸਿਰਜਦਾ ਹੈ। ਅੰਤ ਵਿੱਚ ਪੰਮ ਫਰੈਂਚ ਮੂਲ ਦੇ ਮੁੰਡੇ ਐਰਿਕ ਨਾਲ ਪ੍ਰੇਮ ਸੰਬੰਧ ਸਿਰਜਦੀ ਹੈ ਅਤੇ ਇਨ੍ਹਾਂ ਸੰਬੰਧਾਂ ਨੂੰ ਪਰਿਵਾਰ ਵਲੋਂ ਸਹਿਮਤੀ ਦੇ ਦਿੱਤੀ ਜਾਂਦੀ ਹੈ। ਨਾਵਲ ਦੇ ਅੰਤ ਵਿੱਚ ਪਰਿਵਾਰ ਵਲੋਂ ਦਿੱਤੀ ਇਹ ਪ੍ਰਵਾਨਗੀ ਪਿਛਲੀ ਪੀੜ੍ਹੀ ਦੇ ਪਾਤਰਾਂ ਦੀ ਮਾਨਸਿਕ ਤਬਦੀਲੀ ਨੂੰ ਪ੍ਰਗਟਾਉਂਦੀ

ਹੈ। ਇਸ ਤਬਦੀਲੀ ਰਾਹੀਂ ਨਾਵਲਕਾਰ ਨੇ ਪਰਵਾਸੀ ਪੰਜਾਬੀਆਂ ਦੀਆਂ ਪੀੜ੍ਹੀਆਂ ਦੀ ਖਿਚੋਤਾਣ ਵਿੱਚ ਸੰਤੁਲਿਨ ਪੈਦਾ ਹੋਣ ਦੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ, ਜੋ ਪਰਵਾਸੀ ਪੰਜਾਬੀ ਨਾਵਲ ਦੀ ਵੱਡੀ ਪ੍ਰਾਪਤੀ ਹੈ।

ਜਰਨੈਲ ਸਿੰਘ ਸੇਖਾ ਦਾ ਨਾਵਲ '**ਬੇਗਾਨੇ**'(2014) ਵਿੱਚ ਪਰਵਾਸ ਧਾਰਨ ਕਰਨ ਦੇ ਨੁਕਤੇ ਤੋਂ ਸਿਰਜੇ ਗਏ ਪਤੀ-ਪਤਨੀ ਸੰਬੰਧਾਂ, ਰਿਸ਼ਤਿਆਂ ਦੇ ਪੂੰਜੀਕਰਨ ਦੀ ਪ੍ਰਕਿਰਿਆ ਅਤੇ ਮਨੁੱਖ ਦੇ ਅਮਾਨਵੀ ਵਿਵਹਾਰ ਅਤੇ ਪੂੰਜੀਵਾਦੀ ਸਮਾਜ ਪ੍ਰਬੰਧ ਵਿੱਚ ਮਨੁੱਖ ਦੀ ਨਿੱਜਵਾਦੀ ਪ੍ਰਵਿਰਤੀ ਨੂੰ ਨਾਵਲੀ ਪਾਤਰਾਂ ਦੇ ਜੀਵਨ ਯਥਾਰਥ ਦੇ ਪ੍ਰਸੰਗ ਵਿਚ ਸਿਰਜਿਆ ਗਿਆ ਹੈ। ਨਾਵਲੀ ਸਿਰਲੇਖ 'ਬੇਗਾਨੇ' ਦੇ ਬਹੁਪਰਤੀ ਅਰਥ ਨਾਵਲੀ ਸੰਸਾਰ ਵਿੱਚ ਸਮੋਏ ਹੋਏ ਹਨ। ਨਾਵਲੀ ਸੰਸਾਰ ਵਿੱਚ ਨਾਵਲ ਦੇ ਪਾਤਰਾਂ ਦੇ ਆਪਸੀ ਰਿਸ਼ਤਿਆਂ ਵਿੱਚ ਬੇਗਾਨਗੀ, ਮਾਂ ਦਾ ਧੀ ਲਈ ਮਤਰੇਈ ਹੋਣ ਦੇ ਰੂਪ ਵਿੱਚ ਬੇਗਾਨੀ ਹੋਣਾ, ਪਿਉ ਦੇ ਪੁੱਤਰ ਦੇ ਲਈ ਮਤਰੇਏ ਹੋਣ ਦੇ ਰੂਪ ਵਿੱਚ ਬੇਗਾਨੇ ਹੋਣਾ ਅਤੇ ਖ਼ੂਨ ਸੰਬੰਧਾਂ ਵਿਚੋਂ ਉਪਜੇ ਪੁੱਤਰ ਦਾ ਪਿਉ ਦੇ ਨਿੱਜਵਾਦੀ ਅਤੇ ਖ਼ੁਦਗਰਜ਼ ਹਿੱਤਾਂ ਕਾਰਨ ਬਿਗਾਨਾ ਤੁਖ਼ਮ ਹੋ ਜਾਣਾ ਆਦਿ ਘਟਨਾਵਾਂ ਬੇਗਾਨੇ ਸ਼ਬਦ ਦੇ ਬਹੁਪਰਤੀ ਅਰਥਾਂ ਨੂੰ ਪ੍ਰਸਤੁਤ ਕਰਦੀਆਂ ਹਨ।

ਨਾਵਲਕਾਰ ਦੀ ਖ਼ੂਬੀ ਇਸ ਗੱਲ ਵਿੱਚ ਹੈ ਕਿ ਉਸ ਨੇ ਨਾਵਲ ਵਿੱਚ ਜਿੱਥੇ ਉਪਰੋਕਤ ਪਿਛਾਂਹ-ਖਿਚੂ ਸੋਚ ਅਤੇ ਸੌੜੀ ਮਾਨਸਿਕਤਾ ਦੇ ਧਾਰਨੀ ਮਰਦਾਂ ਦੀ ਧਿਰ ਸਿਰਜੀ ਹੈ ਉੱਥੇ ਹੀ ਪੜ੍ਹੇ ਲਿਖੇ, ਅਗਾਂਹਵਧੂ ਸੋਚ ਅਤੇ ਮਾਨਵਵਾਦੀ ਦ੍ਰਿਸ਼ਟੀ ਦੇ ਧਾਰਨੀ ਪਾਤਰ ਹਰਬੰਸ ਦੀ ਸਿਰਜਣਾ ਦੁਆਰਾ ਭਾਰਤੀ ਪੰਜਾਬੀ ਸਭਿਆਚਾਰ ਦੇ ਮਰਦ ਪਾਤਰਾਂ ਦੇ ਵੱਖੋ-ਵੱਖਰੇ ਸੁਭਾਅ ਅਤੇ ਸੋਚ ਦੇ ਵਖਰੇਂਵੇਂ ਨੂੰ ਵੀ ਚਿਤਰਿਆ ਹੈ। ਨਾਵਲ ਵਿੱਚ ਨਸੀਬ ਨੂੰ ਪਿਆਰ ਕਰਨ ਅਤੇ ਉਸ ਨਾਲ ਵਿਆਹ ਕਰਵਾਉਣ ਵਾਲੇ ਤੀਜੇ ਮਰਦ ਹਰਬੰਸ ਦਾ ਸੰਤੁਲਿਤ ਰੂਪ ਨਾਵਲ ਵਿੱਚ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਨਾਵਲ ਦਾ ਇਹ ਪਾਤਰ ਨਸੀਬ ਦੇ ਦੋ ਵਾਰ ਵਿਆਹੇ ਹੋਣ ਅਤੇ ਇੱਕ ਬੱਚੇ ਦੀ ਮਾਂ ਹੋਣ ਦੇ ਬਾਵਜੂਦ ਵੀ ਉਸ ਨੂੰ ਅਪਣਾਉਂਦਾ ਹੈ। ਹਰਬੰਸ ਦਾ ਇਹ ਵੱਡਾ ਕਾਰਜ ਉਸ ਦੀ ਅਗਾਂਹਵਧੂ ਸੋਚ ਅਤੇ ਜੀਵਨ ਪ੍ਰਸਥਿਤੀਆਂ ਤੋਂ ਪ੍ਰਾਪਤ ਅਨੁਭਵ ਦੀ ਉਪਜ ਹੈ। ਉਸਦੀ ਰਿਸ਼ਤਿਆਂ ਪ੍ਰਤੀ ਇਸ ਸਕਾਰਾਤਮਕਤਾ ਕਾਰਨ ਹੀ ਉਹ ਨਸੀਬ ਦੀ ਆਪ ਬੀਤੀ ਜਾਣਨ ਤੋਂ ਬਾਅਦ ਫੈਸਲਾ ਕਰਦਾ ਹੈ ਕਿ "ਨਸੀਬ ਤੇਰੀ ਚਿੱਠੀ ਪੜ੍ਹ ਕੇ ਫੈਸਲਾ ਬਦਲਣ ਦੀ ਥਾਂ ਮੈਂ ਉਸ ਉੱਪਰ ਹੋਰ ਵੀ ਦ੍ਰਿੜ ਹੋਇਆ ਹਾਂ ਹੁਣ ਤਾਂ ਮੈਂ ਤੁਹਾਡੇ ਮੂੰਹੋਂ 'ਹਾਂ ਜਾਂ 'ਨਾਂਹ' ਸੁਣਨਾ ਚਾਹੁੰਦਾ ਹਾਂ।" ਇਸ ਪ੍ਰਕਾਰ ਨਾਵਲ ਵਿੱਚ ਪ੍ਰਸਤੁਤ ਹਰਬੰਸ ਦੀ ਸੰਤੁਲਿਤ ਸੋਚ ਨਸੀਬ ਅਤੇ ਉਸ ਦੇ ਪਿਆਰ ਅਤੇ ਵਿਆਹੁਤਾ ਜੀਵਨ ਦਾ ਆਧਾਰ ਬਣਦੀ ਹੈ।

ਇਸ ਨਾਵਲ ਵਿੱਚ ਹਰਬੰਸ ਅਤੇ ਨਸੀਬ ਦਾ ਸੰਤੁਲਿਤ ਰਿਸ਼ਤਾ ਇਸ ਨਾਵਲ ਦਾ ਵੱਡਾ ਹਾਸਲ ਹੈ। ਇਸ ਰਿਸ਼ਤੇ ਦੀ ਉਸਾਰੀ ਰਾਹੀਂ ਨਾਵਲਕਾਰ ਹਰਬੰਸ ਦੇ ਪਾਤਰ ਰਾਹੀਂ

## ਲੇਖ: ਜਰਨੈਲ ਸਿੰਘ ਸੇਖਾ ਦੀ ਸਾਹਿਤਕ ਸਿਰਜਣਾ


ਮਰਦ ਵਰਗ ਵਿੱਚ ਨਵਸਿਰਜਿਤ ਮਨੁੱਖ-ਪੱਖੀ ਮਾਨਸਿਕਤਾ ਅਤੇ ਅਗਾਂਹਵਧੂ ਸੋਚ ਦੁਆਰਾ ਪਰੰਪਰਕ ਭਾਰਤੀ ਰੂੜ੍ਹੀਵਾਦੀ ਸੋਚ ਨੂੰ ਭੰਡਦਾ ਹੈ। ਇੱਥੇ ਉਹ ਔਰਤ-ਮਰਦ ਦੇ ਰਿਸ਼ਤੇ ਦੀ ਸਿਰਜਣਾ ਬਰਾਬਰਤਾ ਦੇ ਆਧਾਰ ਉੱਤੇ ਕਰਨ ਵੱਲ ਸੇਧਿਤ ਹੈ। ਇਸ ਦੇ ਨਾਲ ਹੀ ਨਾਵਲ ਦੇ ਇਨ੍ਹਾਂ ਦੋਹਾਂ ਪਾਤਰਾਂ ਦਾ ਇੱਕ ਦੂਸਰੇ ਦੇ ਬੱਚਿਆਂ ਪ੍ਰਤੀ ਮਾਨਵਵਾਦੀ ਅਤੇ ਸੰਵੇਦਨਸ਼ੀਲ ਵਿਵਹਾਰ ਪਰੰਪਰਕ ਪੰਜਾਬੀ ਸਮਾਜ ਵਿੱਚ ਉਸਰਿਤ ਮਤਰੇਏ ਮਾਪਿਆਂ ਦੇ ਬਿੰਬ ਨੂੰ ਤੋੜਦਾ ਹੈ।

ਨਾਵਲਕਾਰ ਦੁਆਰਾ ਰਚਿਤ ਇਹ ਚਾਰੇ ਨਾਵਲ ਵੱਖੋ-ਵੱਖਰੇ ਵਿਸ਼ਿਆਂ ਨਾਲ ਸਿਰਜੇ ਹੋਣ ਦੇ ਬਾਵਜੂਦ ਵੀ ਕੁਝ ਸਾਂਝਾਂ ਦੇ ਧਾਰਨੀ ਹਨ। ਇਨ੍ਹਾਂ ਸਾਰੇ ਨਾਵਲਾਂ ਦਾ ਕਾਰਜ ਸਥਾਨ ਕੈਨੇਡਾ ਅਤੇ ਭਾਰਤ ਦੀ ਧਰਤੀ ਹੈ। ਇਨ੍ਹਾਂ ਨਾਵਲਾਂ ਦੇ ਪਾਤਰ ਵੀ ਭਾਰਤੀ ਅਤੇ ਗੋਰੇ ਮੂਲ ਦੇ ਹਨ। ਇਨ੍ਹਾਂ ਨਾਵਲਾਂ ਵਿੱਚ ਪੰਜਾਬੀ ਭਾਈਚਾਰੇ ਦੇ ਆਪਸੀ ਵਿਰੋਧ ਨੂੰ ਪ੍ਰਗਟਾਇਆ ਗਿਆ ਹੈ। ਇਨ੍ਹਾਂ ਨਾਵਲਾਂ ਦੇ ਰੂਪਗਤ ਅਧਿਐਨ ਤੋਂ ਇਹ ਵੀ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਨਾਵਲਾਂ ਦੇ ਕਥਾਨਕ ਦੀ ਉਸਾਰੀ ਲਈ ਫਲੈਸ਼ਬੈਕ ਵਿਧੀ, ਮਨਬਚਨੀ ਵਿਧੀ, ਮਨੋਵਿਸ਼ਲੇਸ਼ਣੀ ਜੁਗਤ ਅਤੇ ਮੌਕਾ ਮੇਲ ਦੀਆਂ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਨਾਵਲਾਂ ਵਿੱਚ ਸਮਕਾਲੀਨ ਸਮਾਜ ਦੇ ਸੰਕਟ ਅਤੇ ਵਿਕਸਿਤ ਪੂੰਜੀਵਾਦੀ ਸਮਾਜ ਪ੍ਰਬੰਧ ਦੀਆਂ ਵਸਤੂਗਤ ਸਥਿਤੀਆਂ ਨੂੰ ਯਥਾਰਥਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ, ਜੋ ਨਾਵਲਕਾਰ ਦੀ ਪਰਪੱਕਤਾ ਦੀ ਹਾਮੀ ਭਰਦੇ ਹਨ।


ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਪੰਜਾਬੀ ਸਾਹਿਤ ਸਿਰਜਣਾ ਦੇ ਅੰਤਰਗਤ ਜਰਨੈਲ ਸਿੰਘ ਸੇਖਾ ਨੂੰ ਮਹਤੱਵਪੂਰਨ ਸਥਾਨ ਪ੍ਰਾਪਤ ਹੈ। ਉਸਦੀ ਸਾਹਿਤ ਸਿਰਜਣ ਪ੍ਰਕਿਰਿਆ ਭਾਵੇਂ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਕਵਿਤਾ ਅਤੇ ਕਹਾਣੀ ਦੇ ਰੂਪ ਆਰੰਭ ਹੋਈ ਪਰੰਤੂ ਉਸ ਦੀ ਪਛਾਣ ਪਰਵਾਸੀ ਪੰਜਾਬੀ ਨਾਵਲਕਾਰ ਵਜੋਂ ਬਣੀ ਹੈ। ਉਸ ਨੇ ਆਪਣੇ ਨਾਵਲਾਂ ਵਿੱਚ ਪਰਵਾਸੀ ਸਮਾਜ ਦੇ ਸੰਕਟ ਅਤੇ ਵਿਕਸਿਤ ਪੂੰਜੀਵਾਦੀ ਸਮਾਜ ਪ੍ਰਬੰਧ ਦੀਆਂ ਵਸਤੂਗਤ ਸਥਿਤੀਆਂ ਨੂੰ ਯਥਾਰਥਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਪ੍ਰਸਤੁਤ ਕੀਤਾ ਹੈ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨ੍ਹਹੀਂ ਕਿ ਉਸ ਦੁਆਰਾ ਰਚੀਆਂ ਬਾਕੀ ਰਚਨਾਵਾਂ ਵੀ ਉੱਚ ਪਾਏ ਦੀਆਂ ਹਨ, ਜਿਨ੍ਹਾਂ ਵਿਚੋਂ ਸਮੇਂ ਦੇ ਸਮਾਜ ਦਾ ਯਥਾਰਥਕ ਚਿੱਤਰ ਪ੍ਰਸਤੁਤ ਕੀਤਾ ਗਿਆ ਹੈ।

**ਡਾ. ਬਬਨੀਤ ਕੌਰ**
**ਕੈਨੇਡਾ**
**001 431 336 6202**

# ਪਰਵਾਸੀ ਸਾਹਿਤ ਸਮਾਗਮ



ਡਾ. ਸ. ਪ. ਸਿੰਘ



ਸ੍ਰੀ ਸੁੱਖੀ ਬਾਠ



ਪ੍ਰੋ. ਗੁਰਭਜਨ ਗਿੱਲ



ਪ੍ਰਿੰ. ਡਾ. ਅਰਵਿੰਦਰ ਸਿੰਘ




ਡਾ. ਲਖਵਿੰਦਰ ਸਿੰਘ ਜੌਹਲ



ਡਾ. ਦਲਵੀਰ ਸਿੰਘ ਪੰਨੂ



ਡਾ. ਪਰਮਜੀਤ ਸਿੰਘ ਰੁਮਾਣਾ



ਡਾ. ਰਾਕੇਸ਼ ਕੁਮਾਰ



ਡਾ. ਤੇਜਿੰਦਰ ਕੌਰ

# ਪਰਵਾਸੀ ਸਾਹਿਤ ਅਧਿਐਨ ਕੇਂਦਰ




**ਸਮਾਗਮ ਵਿੱਚ ਪਰਵਾਸੀ ਸਾਹਿਤਕਾਰ ਡਾ. ਦਲਵੀਰ ਸਿੰਘ ਪੰਨੂ (ਅਮਰੀਕਾ), ਸ. ਤਰਲੋਕਬੀਰ ਸਿੰਘ (ਅਮਰੀਕਾ), ਸ. ਪਰਗਟ ਸਿੰਘ (ਆਸਟਰੇਲੀਆ), ਮੋਹਨ ਸਿੰਘ (ਬਰਤਾਨੀਆ), ਹਰਦੀਪ ਸਿੰਘ ਕੰਗ (ਸ਼ਾਰਜਾਹ), ਰਣਜੀਤ ਸਿੱਧੂ (ਕੈਨੇਡਾ) ਨੂੰ ਸਨਮਾਨਿਤ ਕੀਤਾ ਗਿਆ**



**ਸਰੀ, ਕੈਨੇਡਾ ਵਿਖੇ ਕਰਵਾਏ ਗਏ ਭੰਗੜਾ ਵਰਲਡ ਕੱਪ 2022 ਵਿੱਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੀ ਭੰਗੜਾ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ**